

ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, (ਨਵੰਬਰ 01, 1947)
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਤਬਦੀਲੀ ਕੁਦਰਤ ਦਾ ਨੇਮ ਹੈ
ਹੈ ਵੀ ਬੜਾ ਜ਼ਰੂਰੀ
ਇਹ ਤਬਦੀਲੀ ਕਾਹਦੀ ਤਬਦੀਲੀ
ਜੋ ਸਿਰਜੇ ਮਨੁੱਖ ਤੋਂ ਮਨੁੱਖ ਦੀ ਦੂਰੀ

ISBN 978-93-87521-08-8
978-93-87521-08-8
Rs. 350/-

ਪ੍ਰਬੋਧ • ਸਾਏ ਦਾ ਸਫ਼ਰ • ਮਹਿਮਾ
ਚਰਨ ਸਿੰਘ
kaav shastar

# ਪ੍ਰਬੋਧ
# ਸਾਏ ਦਾ ਸਫ਼ਰ
# ਮਹਿਮਾ

ਚਰਨ ਸਿੰਘ

ਜਿਵੇਂ ਪਿੰਡ
ਕੱਚੇ ਕੋਠੇ ਕੁਲੀਆਂ
ਗਲੀਆਂ
ਢਾਰੇ ਨਹੀਂ ਰਹੇ
ਧਰਤੀ ਅੰਬਰ ਉਹ
ਸੂਰਜ ਚੰਨ ਸਿਤਾਰੇ
ਨਹੀਂ ਰਹੇ।
—0—
ਘੁੱਗੀ ਦੀ ਕੂਕ 'ਚ
ਮੋਰ ਦੇ ਨਾਚ 'ਚ ਉਹ
ਮਸਤੀ ਨਹੀਂ
ਕੋਇਲ ਦੀ ਹੂਕ 'ਚ

ਪ੍ਰਬੋਧ 'ਚੋਂ ....

# ਪ੍ਰਬੋਧ

(ਕਾਵਿ-ਸੰਗ੍ਰਹਿ)

# ਸਾਏ ਦਾ ਸਫ਼ਰ

(ਕਾਵਿ-ਸੰਗ੍ਰਹਿ)

# ਮਹਿਮਾ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਕਾਵਿ-ਸ਼ਾਸਤਰ

**Prabbudh**
**Saye Da Saffar**
**Mahima**
(A Collection of Poems)
by
CHARAN SINGH
8771-143 Street
Surrey B.C.
V3W4G4
CANADA
Phone : 778-564-0331
e-mail : virdycharan@gmail.ca.
website: charansingh.ca

© Author

Edition 2017

Price : 350/-

ISBN : 978-93-87521-08-8

Title Designed by :
Kalyani Arts
St. 9, Khera Road, Phagwara 144401 (Pb.) India

Published by :
Kaav Shastar
Parvasi Punjabi Khoj Kender
Phagwara - 144401 (Pb.) India

# ਚਰਨ ਸਿੰਘ ਦਾ ਜੀਵਨ-ਬਿਉਰਾ

| | |
|---|---|
| ਜਨਮ | : ਪਿੰਡ ਬੇਗੋਵਾਲ, ਨਵੰਬਰ 1/1947, ਜ਼ਿਲ੍ਹਾ ਕਪੂਰਥਲਾ |
| ਪਿਤਾ ਦਾ ਨਾਮ | : ਸ੍ਰੀ ਲਾਲ ਸਿੰਘ |
| ਮਾਤਾ ਦਾ ਨਾਮ | : ਸ੍ਰੀਮਤੀ ਸੰਤ ਕੌਰ |
| ਪਤਨੀ | : ਸ੍ਰੀਮਤੀ ਪ੍ਰਕਾਸ਼ ਕੌਰ |
| ਮੁੱਢਲੀ ਵਿੱਦਿਆ | : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ। |
| ਉੱਚ ਵਿੱਦਿਆ | : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। (ਐਮ. ਏ. ਪੰਜਾਬੀ) |

ਚਰਨ ਸਿੰਘ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ।

—0—

ਛਪਾਈ ਅਧੀਨ-

1. ਉਤਰ ਆਧੁਨਿਕਤਾ ਦਾ ਮੁੱਢ ਅਤੇ ਵਿਕਾਸ (ਵਾਰਤਕ)
2. ਵਿਸ਼ਵ ਰਹੱਸਵਾਦ (ਵਾਰਤਕ)
3. ਬੋਲ-ਕੁਬੋਲ (ਭਾਗ ਦੂਜਾ)
4. ਬੋਲ-ਕੁਬੋਲ (ਭਾਗ ਤੀਜਾ)
5. ਨਾਨਕ ਦਰਸ਼ਨ (ਕਾਵਿ-ਨਾਟਕ)
6. ਸਿਲਸਿਲੇ (ਨਾਵਲ)

# ਸਮਰਪਣ

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ
ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਨੂੰ
ਜਿਸ ਦੀਆਂ ਸੇਵਾਵਾਂ
ਡਾ. ਗੋਪਾਲ ਸਿੰਘ ਬੁੱਟਰ ਜੀ
ਨਿਭਾਅ ਰਹੇ ਹਨ।

# ਇਸੇ ਕਲਮ ਤੋਂ

1. ਤੀਸਰੀ ਅੱਖ
2. ਮਿੱਟੀ 'ਤੇ ਉੱਕਰੇ ਅੱਖਰ
3. ਸ਼ੂਨਯ-ਬੋਧ
4. ਆਪੇ-ਬੋਲ-ਸ੍ਰੋਤ
5. ਗਗਨ ਮੇਂ ਥਾਲ
6. ਸ਼ੀਸ਼ੇ ਵਿਚਲਾ ਸੂਰਜ
7. ਰੁੱਖ ਤੇ ਜੰਗਲ
8. ਮੁੜ੍ਹਕੋ-ਮੁੜ੍ਹਕੀ ਪੌਣ
9. ਵਿਪਰੀਤ
10. ਬਿੰਦੂ ਤੇ ਦਾਇਰੇ
11. ਅੰਤਰੀਵ
12. ਸੂਰਜ ਤੇ ਕਿਰਨਾਂ
13. ਤੁਪਕਾ ਤੁਪਕਾ ਸੂਰਜ
14. ਆਧੁਨਿਕ ਵਿਸ਼ਵ
15. ਪ੍ਰਕਰਮਾ
16. ਦੀਵੇ ਜਗਦੇ ਨੈਣ
17. ਰਿਸ਼ਮਾ
18. ਦਰਪਣ
19. ਅਨੁਭਵ
20. ਪ੍ਰਛਾਵੇਂ
21. ਤ੍ਰੈਕਾਲ
22. ਤ੍ਰਿਵੈਣੀ
23. ਆਗਮਨ
24. ਪ੍ਰਵਾਜ਼
25. ਕੋਰਾ ਕਾਗਜ਼
26. ਸ਼ਬਦਾਂ ਦਾ ਸਫ਼ਰ
27. ਬੁੱਕਲ
28. ਸ਼ੀਸ਼ੇ ਦਾ ਸਫ਼ਰ
29. ਸੁਰਕਸ਼ਾ
30. ਹਸਤਨਾਪੁਰ
31. ਸਮਾਧੀ
32. ਅੰਕੁਰ
33. ਪੱਥਰ ਦਾ ਸਫ਼ਰ
34. ਮੁਕਤੀ
35. ਹੋਂਦ ਦੀ ਤਲਾਸ਼
36. ਮੈਂ ਪਗਡੰਡੀ ਮੰਜ਼ਿਲ ਤੇ ਕਮਰਾ
37. ਨੀਲਾ ਆਸਮਾਨ
38. ਬਾਹਰੋਂ ਆਇਆ ਆਦਮੀ
39. ਕੁਕਨੂਸ
40. ਕਿਵ ਸਚਿਆਰਾ ਹੋਈਐ
41. ਆਧੁਨਿਕਤਾ ਮੁੱਢ ਅਤੇ ਵਿਕਾਸ
42. Beyond The Horizon
43. ਕਵਿਤਾ ਦਾ ਆਬਸ਼ਾਰ
44. ਸੰਤੁਲਨ
45. ਚਰਨ ਸਿੰਘ ਦਾ ਕਾਵਿ ਲੋਕ
   -ਪ੍ਰੋ. ਬ੍ਰਹਮ ਜਗਦੀਸ਼
46. ਚਰਨ ਸਿੰਘ ਕਾਵਿ
   -ਪ੍ਰੋ. ਬ੍ਰਹਮ ਜਗਦੀਸ਼
47. ਆਧੁਨਿਕ ਕਵੀ ਚਰਨ ਸਿੰਘ
   -ਪ੍ਰੋ. ਬ੍ਰਹਮ ਜਗਦੀਸ਼
48. ਚਰਨ ਸਿੰਘ ਕਾਵਿ: ਦ੍ਰਿਸ਼ਟੀ ਅਤੇ ਪਾਸਾਰ
   -ਐੱਸ. ਸਮਰਾਏ

**ਬੋਲ ਕੁਬੋਲ ਭਾਗ ਪਹਿਲਾ**

49. ਉਪ ਭਾਗ ਇੱਕ ਬੋਲ-ਕੁਬੋਲ
50. ਉਪ ਭਾਗ ਦੋ ਬੋਲ-ਕੁਬੋਲ
51. ਉਪ ਭਾਗ ਤਿੰਨ ਬੋਲ-ਕੁਬੋਲ
52. ਉਪ ਭਾਗ ਚਾਰ ਬੋਲ-ਕੁਬੋਲ
53. ਉਪ ਭਾਗ ਪੰਜ ਬੋਲ-ਕੁਬੋਲ
54. ਮਹਿਮਾ (ਕਾਵਿ-ਸੰਗ੍ਰਹਿ)
55. ਸਾਏ ਦਾ ਸਫ਼ਰ (ਕਾਵਿ-ਸੰਗ੍ਰਹਿ)
56. ਪ੍ਰਬੋਧ (ਕਾਵਿ-ਸੰਗ੍ਰਹਿ)
57. ਚਲ ਮਨਾ (ਕਾਵਿ-ਸੰਗ੍ਰਹਿ)
58. ਬ੍ਰਿਹਾ ਬੋਲ ਪਿਆ (ਕਾਵਿ-ਸੰਗ੍ਰਹਿ)
59. ਮੌਲੀ ਧਰਤੀ (ਕਾਵਿ-ਸੰਗ੍ਰਹਿ)
60. ਖਾਲੀਘਰ (ਛੋਟੀਆ ਲੰਮੀਆ ਕਵਿਤਾਵਾਂ)
61. ਅਰਥ (ਛੋਟੀਆ ਲੰਮੀਆ ਕਵਿਤਾਵਾਂ)
62. ਜਗਿਆਸਾ (ਛੋਟੀਆ ਲੰਮੀਆ ਕਵਿਤਾਵਾਂ)
63. ਬਸਤੀ ਤੇ ਸ਼ਹਿਰ (ਛੋਟੀਆ ਲੰਮੀਆ ਕਵਿਤਾਵਾਂ)
64. ਕ੍ਰਾਂਤੀ (ਛੋਟੀਆ ਲੰਮੀਆ ਕਵਿਤਾਵਾਂ)
65. ਪ੍ਰਦਰਸ਼ਨੀ (ਛੋਟੀਆ ਲੰਮੀਆ ਕਵਿਤਾਵਾਂ)
66. ਪ੍ਰਦੂਸ਼ਨ (ਛੋਟੀਆ ਲੰਮੀਆ ਕਵਿਤਾਵਾਂ)

## Awards

1. Award of Distinction
   From Indo-Canadian Times, 1984

2. Shan-e-Punjab Distinction Award
   From Indo-Canadian Times, 1986

3. Prof. Mohan Singh Memorial Foundation Canada
   Award of Distinction

4. Award of Distinction
   From Radio Rim-Jim Canada, 1993

5. NRI Sabha Jalandhar City
   Award of Distinction, 2003

6. Award for the contribution to Punjabi Literature
   From Punjabi Sahit Sabha Kot Eessee Khan (Moga)

7. Award for outstanding contribution to Punjabi Poetry
   From International Association of Punjabi Authors and
   Artists I.N.C. For 2011

8. Award for outstanding contribution toward Punjabi
   Literature From Canadian Punjabi Sahit Academy
   Canada for 2011

9. Award of Honour
   From S.S.D. Girls,College, Bathinda, 2016

10. Award of Distinction
    From Malwa College Bathinda, 2016

11. Award for outstanding contribution to Punjabi Poetry
From Punjabi Sahit Sabha Abbotsford, B.C., 2017-18

12. Award of Honour
From Sant Baba Bhag Singh University
Khiala Jalandhar, 2016

13. Award of Distinction
From Prem Chand Markanda
S.D. College for Women Jalandhar, 2016

14. Award of Distinction
From DAV College Bathinda 2016

15. Award for Lifetime contribution towards Punjabi Poetry and Literature From Central Association of Punjabi Writers of North America, 2019

16. ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ ਸਾਹਿਤਕਾਰਾਂ ਤੇ ਪੀ.ਐੱਚ.ਡੀ. ਕੀਤੀ, ਜਿਨ੍ਹਾਂ ਵਿੱਚੋਂ ਚਰਨ ਸਿੰਘ ਵੀ ਇੱਕ ਹੈ।

17. ਚਰਨ ਸਿੰਘ ਕਾਵਿ 'ਤੇ ਦੋ ਪੀ.ਐੱਚ.ਡੀ. ਹੋਰ ਹੋ ਰਹੀਆਂ ਹਨ। ਦੋ ਐੱਮ.ਫਿਲ ਹੋ ਚੁੱਕੀਆਂ ਹਨ ਅਤੇ ਦੋ ਹੋਰ ਹੋ ਰਹੀਆਂ ਹਨ।

18. ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐਮ.ਏ. ਪੰਜਾਬੀ ਦੇ ਸਿਲੈਬਸ ਦਾ ਹਿੱਸਾ ਹੈ।

19. ਆਧੁਨਿਕ ਵਿਸ਼ਵ ਕਾਵਿ ਸੰਗ੍ਰਹਿ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿੱਚ ਐਮ.ਏ. ਪੰਜਾਬੀ ਦੇ ਸਿਲੈਬਸ ਦਾ ਹਿੱਸਾ ਹੈ।

20. ਪ੍ਰੋ. ਬ੍ਰਹਮ ਜਗਦੀਸ਼, ਪ੍ਰੋ. ਮੁਨੀਸ਼, ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਅਮਰਜੀਤ ਕਾਵਿ 'ਤੇ ਖੋਜ ਪੱਤਰ ਲਿਖ ਰਹੇ ਹਨ।

# ਪ੍ਰਬੋਧ

(ਕਾਵਿ-ਸੰਗ੍ਰਹਿ)

ਚਰਨ ਸਿੰਘ

*ਕਾਵਿ-ਸ਼ਾਸਤਰ*

# ਤਤਕਰਾ


1 ਪਦਾਰਥ ਚੱਕੀ
2 ਗੁਆਚਾ ਆਪਾ
3 ਆਦਿ ਮਨੁੱਖ
4 ਅਸਲ ਉਹ ਪੱਥਰ
5 ਨਾਸ਼ਪਾਤੀ
6 ਆਲੋਪ ਹੈ
7 ਕੁੱਝ ਐਸਾ ਹੈ
8 ਜੰਗਲ ਨੂੰ ਮੋੜ ਦਿਆਂ
9 ਇਕਾਈ ਦਾ ਸੱਚ
10 ਜ਼ਰਾ
11 ਆਦਮੀ ਰੱਬ
12 ਪਦਾਰਥਕ ਵਿਉਪਾਰ ਚਿੰਨ
13 ਮੈਂ ਕਿੰਝ ਜੀਵਾਂ
14 ਇਕੱਲਾ ਰੁੱਖ
15 ਆਪਣੀ ਛਾਂ
16 ਵਿਪਰੀਤ ਸੋਚ
17 ਧੱਬਿਆਂ ਦੀ ਭੀੜ
18 ਪੇਟ
19 ਤੇਰਾ ਮੇਰਾ ਵਿਸ਼ਵ
20 ਵਿਹੜਾ
21 ਫੇਸ ਬੁੱਕ
22 ਅਨੁਭਵ ਤੇ ਪੜਾਅ
23 ਵਿਰੋਧਾਭਾਸ ਚੋਂ ਜਨਮੀ ਇਕਾਈ
24 ਪੈਰ ਨਹੀਂ ਹਨ
25 ਧੂੰਆ
26 ਮਨੁੱਖ ਤੇ ਗਮਲਾ
27 ਪਦਾਰਥਕ ਮਹਿਮਾ
28 ਪਦਾਰਥਕ ਰੁੱਖ
29 ਗਤੀ ਤੇ ਪੱਥਰ
30 ਪੱਥਰ ਤੇ ਜੰਗਲ
31 ਚੜਿਆ ਸੀ
32 ਲੋੜ ਹੈ
33 ਮੈਂ ਨਹੀਂ ਚਾਹੁੰਦਾ
34 ਉਹ ਸੂਰਜ
35 ਮੈਂ ਵਰਤਮਾਨ
36 ਕੱਚ ਦੇ ਆਲ੍ਹਣੇ
37 ਨਗਰੀ
38 ਦੌੜ
39 ਪਿਆਸੀ ਅਗਤੀ
40 ਸੂਰਜ ਦਾ ਅਕਸ

# ਪਦਾਰਥਕ ਚੱਕੀ

ਸੜਕਾਂ ਤੇ ਬਜ਼ਾਰਾਂ 'ਚ
ਮਹਾਂਨਗਰਾਂ ਦੇ ਦਾਰੋਮਦਾਰਾਂ 'ਚ
ਅੰਗਾਂ ਦੀ ਭੀੜ ਹੈ
ਸਿਰ ਰਹਿਤ ਮਨੁੱਖ ਦੀ ਤਸਵੀਰ ਹੈ

–0–

ਸਬੂਤਾ ਮਾਨਵ ਭਾਲਣ ਲਈ
ਹੱਥਾਂ ਪੈਰਾਂ ਲੱਤਾਂ ਬਾਹਾਂ
ਗੋਡੇ ਗਿੱਟਿਆਂ ਦਾ ਹਜ਼ੂਮ ਟੁਰਿਆ ਹੈ
ਸਦੀਆਂ ਤੋਂ ਗੁਆਚੀ ਖ਼ਲਕਤ ਦਾ
ਆਪਣੇ ਆਪੇ ਵੱਲ ਰੁਖ਼ ਮੁੜਿਆ ਹੈ
ਜਿਸ ਦੀ ਜੀਭ ਤੇ ਮੋਢਾ ਸ਼ਬਦ ਹੈ
ਅੱਖਾਂ 'ਚ ਆਸਰੇ ਦਾ ਕਤਲ ਅਰਥ ਹੈ
ਭੀੜ ਦੀ ਤਲ਼ੀ 'ਤੇ ਸਿਰ ਦੀ ਲਾਸ਼ ਹੈ
ਆਯੁਧਿਆ ਦੀ ਰੂਹ ਨੂੰ ਬਨਵਾਸ ਹੈ
ਦਸ਼ਰਥ ਦਾ ਬਲ਼ਦਾ ਸਿਵਾ ਹੈ
ਕੋਲੇ ਹੋਇਆ ਰਾਮ ਪਿਆ ਹੈ!

–0–

ਹਰ ਪੱਤਾ ਖਲਾਅ ਵਿਚ ਲਟਕਦਾ
ਹਰ ਰੁੱਖ ਆਪਣੀ ਛਾਂਅ ਲਈ ਭਟਕਦਾ
ਕੋਈ ਵੀ ਜਿਉਂਦਾ ਪਲ ਨਹੀਂ
ਦਰਿਆ ਸਾਗਰ ਨਦੀਆਂ ਚਸ਼ਮੇ ਹਨ
ਜਲ ਨਹੀਂ

–0–

ਰੁੱਖ ਜੰਗਲ ਵਿੱਚ ਰਹਿੰਦਾ ਵੀ
ਸੁਰਖਸ਼ਤ ਨਹੀਂ ਇਕੱਲਾ ਬੇਸਹਾਰਾ ਹੈ
ਰੁੱਖ ਦਾ ਰੁੱਖ ਨਾਲ
ਮਨੁੱਖ ਦਾ ਮਨੁੱਖ ਨਾਲ

ਨਾ ਕੋਈ ਰਿਸ਼ਤਾ ਨਾ ਰਾਫਤਾ ਹੈ
ਰੁੱਖ ਦਾ ਮਨੁੱਖ ਦਾ
ਸਾਇਆ ਵੀ ਆਪਣਾ ਨਹੀਂ
ਉਂਝ ਰੁੱਖ ਦਾ ਜੰਗਲ
ਮਨੁੱਖ ਦਾ ਵਿਸ਼ਵ ਸਾਰਾ ਹੈ
ਇਹ ਦੁਨੀਆ ਪਦਾਰਥ ਦੀ ਹੈ
ਇਸ ਵਿੱਚ ਨਾ ਸਹਾਰੇ
ਨਾ ਕਿਨਾਰੇ ਹੁੰਦੇ ਹਨ
ਮੁਥਾਜੀ ਦੀ ਚੱਕੀ ਪੀਹ ਰਹੇ
ਲੋਕ ਤੇ ਰੁੱਖ ਵਿਚਾਰੇ ਹੁੰਦੇ ਹਨ

-0-

# ਗੁਆਚਾ ਆਪਾ

ਵਿਸ਼ਵ ਚੇਤਨਾ
ਪਦਾਰਥਕ ਵਿਸ਼ਵ ਸਿਰਜ ਕੇ
ਮਨੁੱਖਤਾ ਦਾ ਘਾਣ ਕੀਤਾ ਹੈ
ਅੱਜ 'ਚੋਂ ਅੱਜ ਨੂੰ ਵਿਯੁਕਤ ਕਰਕੇ
ਭਵਿੱਖ ਦਾ ਅਪਮਾਨ ਕੀਤਾ ਹੈ!

–0–

ਪਦਾਰਥ ਦਿਲ ਦੀ ਧੜਕਣ
ਅੱਖਾਂ ਦੀ ਜੋਤੀ ਬਨਿਆ ਹੈ
ਧਰਤੀ ਪੈਰਾਂ ਹੇਠ ਲਿਤਾੜੀ
ਸੂਰਜ ਬਣ ਅੰਬਰੀਂ ਚੜ੍ਹਿਆ ਹੈ
ਹੀਣ ਭਾਵਨਾ ਦਾ ਦੀਵਾ
ਮਨੁੱਖ ਦੀ ਤਲੀ ਉਗਾਇਆ ਹੈ
ਆਪਣੇ ਵਿਕਸਿਤ ਰੂਪ ਦਾ
ਮਨੁੱਖ ਨੂੰ ਗੁਲਾਮ ਬਣਾਇਆ ਹੈ

–0–

ਹੁਣ
ਮਨੁੱਖ ਜਦ ਭਵਿੱਖ ਵੇਖਦਾ ਹੈ
ਆਪਣਾ ਸਿਵਾ ਹੀ ਸੇਕਦਾ ਹੈ
ਨਾ ਮਨੁੱਖ ਦੀ ਨਜ਼ਰ
ਭਵਿੱਖ ਤਕ ਜਾਂਦੀ ਹੈ
ਨਾ ਭਵਿੱਖ ਮਨੁੱਖ ਵਲ ਵੇਖਦਾ ਹੈ
ਪਦਾਰਥ ਨੇ ਮਨੁੱਖ ਤੇ ਮਨੁੱਖੀ ਭਵਿੱਖ 'ਚ
ਦੀਵਾਰਾਂ ਉਸਾਰੀਆਂ ਹਨ
ਮਨੁੱਖ ਨੂੰ ਗਤੀਹੀਣ ਹੈ ਕੀਤਾ
ਸਥੂਲ ਸ਼ੈਆਂ ਵਿਸਥਾਰੀਆਂ ਹਨ

–0–

ਜੋ ਨੁਚੜਿਆ ਹੈ ਮਨੁੱਖ 'ਚੋਂ

ਉਹ ਹੁਣ ਪਰਤ ਕੇ ਆ ਨਹੀਂ ਸਕਦਾ
ਸ਼ੀਸ਼ੇ ਦੇ ਗਮਲੇ 'ਚੋਂ
ਜੰਗਲ ਉੱਗਾਇਆ ਜਾ ਨਹੀਂ ਸਕਦਾ
ਇਹ ਵੀ ਸੰਭਵ ਨਹੀਂ
ਕਿ ਅਜੋਕਾ ਮਨੁੱਖ
ਅਜੋਕਾ ਵਿਸ਼ਵ ਤਿਆਗ ਕੇ
ਆਦਿ ਯੁੱਗ ਵਿੱਚ ਜੀਵਨ ਲਈ ਜਾ ਸਕਦਾ ਹੈ
ਪਦਾਰਥ ਯੁੱਗ ਦੀਆਂ ਪ੍ਰਾਪਤੀਆਂ ਬਿੰਨ
ਆਪਣਾ ਜੀਵਨ ਬਿਤਾ ਸਕਦਾ ਹੈ

–0–

ਇਸ ਵਿਸ਼ਵ ਵਿਚ ਰਹਿ ਕੇ ਮਨੁੱਖ ਨੂੰ
ਸਵੈ ਦਾ ਪ੍ਰਵਾਜ਼ ਭਰਨਾ ਪਏਗਾ
ਵਿਕਸਤ ਪਦਾਰਥ ਦੇ ਦਰਪਣ 'ਚੋਂ
ਆਪਣੀ ਹੋਂਦ ਸ਼ਨਾਖਤ ਦਾ ਪ੍ਰਗਟਾ
ਕਰਨਾ ਪਏਗਾ
ਇਹ ਤਾਂ ਸੰਭਵ ਹੈ
ਜੇ ਵਿਸ਼ਵ ਚੇਤਨਾ
ਮਨੁੱਖੀ ਹੀਣਤਾ ਸਵੀਕਾਰਦੀ ਹੈ
ਪਦਾਰਥ ਦਾ ਸਿਖ਼ਰ ਅੰਤ ਵਿਚਾਰਦੀ ਹੈ

–0–

# ਆਦਿ ਮਨੁੱਖ

ਆਦਿ ਮਨੁੱਖ ਜਦ ਟੁਰਦਾ ਸੀ
ਧਰਤ ਅਕਾਸ਼ ਸੰਗ ਟੁਰਦੇ ਸਨ
ਜੀਵਨ ਪੁੰਗਰਦਾ ਸੀ
ਰੰਗ ਪੁੰਗਰਦੇ ਸਨ
ਪ੍ਰਕਿਰਤੀ ਹੁੰਗਾਰਾ ਭਰਦੀ ਸੀ
ਫੁੱਲ ਕਲੀਆਂ ਸੰਗ-ਸੰਗ ਖਿੜਦੇ ਸਨ
ਰੁੱਖਾਂ ਨੂੰ ਫਲ ਪੈਂਦੇ ਸਨ
ਜੰਗਲ ਦਰਵਾਜੇ
ਸਰੀਂਹ ਦੇ ਪੱਤਰ ਬੱਝਦੇ ਸਨ
ਕੁਦਰਤ ਦਾ ਨਾਦ ਗੂੰਜਦਾ ਸੀ
ਖੁਸ਼ੀਆਂ 'ਚ ਬੱਦਲ ਗਰਜਦੇ ਸਨ
-0-
ਮਨੁੱਖੀ ਉਤਸ਼ਾਹ ਦੀ ਲੂੰ ਫੁੱਟਦੀ ਸੀ
ਕੁਦਰਤ 'ਚ ਕਾਦਰ
ਕਾਦਰ 'ਚ ਕੁਦਰਤ ਟੁਰਦੀ ਸੀ
ਮਨੁੱਖ 'ਚ ਬ੍ਰਹਿਮੰਡ
ਬ੍ਰਹਿਮੰਡ 'ਚ ਮਨੁੱਖ ਉਤਰਦਾ ਸੀ
ਚੰਦ ਚਾਂਦਨੀ ਵੰਡਦਾ ਸੀ
ਸੂਰਜ ਕਿਰਨਾਂ ਸੰਗ
ਧਰਤ ਦਾ ਵਿਹੜਾ ਭਰਦਾ ਸੀ
ਜੀਵਨ ਨਦੀ
ਨਿਰੰਤਰ ਮਹਿਕ ਦੀ
ਗੁਣਗੁਣਾਉਂਦੀ ਸੀ
ਅਨੇਕਤਾ ਨੂੰ ਏਕਤਾ
ਏਕਤਾ ਨੂੰ ਅਨੇਕਤਾ
ਸਿਮਰਦੀ ਧਿਆਉਂਦੀ ਸੀ

ਜੀਵਨ ਰਹੱਸ ਦਾ ਦੀਵਾ
ਹਰ ਘਰ ਦੇ ਆਲ਼ੇ 'ਚ ਜਗਦਾ ਸੀ
ਕੁਦਰਤ ਕਾਦਰ ਤੇ ਮਨੁੱਖੀ ਇਕਾਈ ਦਾ
ਨੂਰ ਲਗਦਾ ਸੀ

-0-

ਜ਼ਿੰਦਗੀ ਪਿੱਛੇ ਜ਼ਿੰਦਗੀ
ਰੁੱਖਾਂ ਪਿੱਛੇ ਰੁੱਖ
ਪੌਣਾਂ ਪਿੱਛੇ ਪੌਣ ਦੌੜਦੀ ਸੀ
ਸਹਿਰਾ ਪਿੱਛੇ ਸਾਗਰ
ਮਨੁੱਖ ਪਿੱਛੇ ਮਨੁੱਖ ਦੌੜਦਾ ਸੀ
ਪਹਾੜ ਪਿੱਛੇ ਪਹਾੜ
ਕਿਨਾਰੇ ਪਿੱਛੇ ਕਿਨਾਰਾ ਦੌੜਦਾ ਸੀ
ਅੱਜ ਬਿੰਦੂ ਵਿਚ ਸੁੰਘੜ ਗਿਆ ਹੈ
ਦਾਇਰੇ ਵਿਚ ਦੌੜਦਾ ਦਾਇਰਾ
ਅਜੋਕੀ ਦੌੜ ਵਿਚ ਸਾਗਰ ਸਹਿਰਾ ਹੋ ਗਿਆ ਹੈ
ਇਸ ਦੌੜ ਵਿਚ ਅਸੀਂ ਸਾਰੇ ਖੜ੍ਹੇ ਹਾਂ
ਸਾਬਤ ਨਹੀਂ ਅਸੀਂ ਤਿੜਕੇ ਘੜੇ ਹਾਂ!

-0-

# ਅਸਲ ਉਹ ਪੱਥਰ ਹੈ

ਉਸ ਪੰਛੀ ਦਾ ਆਲ੍ਹਣਾ
ਉਸ ਇਮਾਰਤ ਦੀ 70ਵੀਂ ਮੰਜ਼ਿਲ ਹੈ
ਉਹ ਦਫ਼ਤਰ
ਅਤੇ ਰੋਜ਼ਾਨਾ ਖਰੀਦੋ ਫਿਰੋਖਤ ਲਈ
ਪੌੜੀਆਂ ਨਹੀਂ ਉਤਰਦਾ
ਉਸ ਦੀ ਗਤੀ ਰਹਿਤ ਚੇਤਨਾ
ਤੇ ਆਲਸੀ ਦੇਹ ਨੂੰ
ਇਮਾਰਤੀ ਉਥਾਪਨ ਯੰਤਰ
ਉੱਤੇ ਥੱਲੇ ਲੈ ਜਾਂਦਾ ਹੈ
ਉਹ ਆਧੁਨਿਕ ਮਨੁੱਖ ਕਹਾਂਦਾ ਹੈ
ਉਥਾਪਨ ਹੀ
ਉਸ ਦੇ ਪੈਰ ਲੱਤਾਂ ਹਨ
ਉਸ ਦੀ ਮਾਨਸਕ ਊਰਜਾ ਦਾ
ਵਗਦਾ ਦਰਿਆ ਹੈ
ਉਸ ਲਈ ਜਲ ਹਵਾ ਹੈ
-0-
ਉਹ ਦਫ਼ਤਰ ਨਹੀਂ ਜਾਂਦਾ
ਦਫ਼ਤਰ ਉਹਦੀ ਕਾਰ ਜਾਂਦੀ ਹੈ
ਚੇਤਨ ਰਹਿਤ ਉਸ ਪੱਥਰ ਦੇ ਬੁੱਤ ਨੂੰ
ਆਪਣੇ 'ਚ ਬਿਠਾਉਂਦੀ ਹੈ
ਦਫ਼ਤਰ ਲਾਹੁੰਦੀ ਹੈ
ਕਾਰ ਦਫ਼ਤਰ ਦਾ ਰਾਹ ਜਾਣਦੀ ਹੈ
ਰਾਹ ਦੇ ਹਰ ਮੋੜ ਨੂੰ ਪਹਿਚਾਣਦੀ ਹੈ
ਕਾਰ ਨੂੰ
ਘਰ ਦਾ ਟੈਲੀਫੋਨ ਤੇ ਪਤਾ ਯਾਦ ਹੈ
ਪਦਾਰਥਕ ਪ੍ਰਾਪਤੀ ਵਿਚ

ਚੇਤਨਾ ਤੇ ਜਗਿਆਸਾ ਦਾ ਵਾਸ ਹੈ

–0–

ਮਨੁੱਖ ਚੇਤਨ ਅਤੇ ਜਗਿਆਸੂ ਹੁੰਦਿਆਂ ਵੀ
ਪੱਥਰ ਹੈ ਲੱਕੜ ਦਾ ਘੋੜਾ ਹੈ
ਸਰੀਰਕ ਸੁੱਖਾਂ ਦਾ ਬਿਉਰਾ ਹੈ
ਉਹ ਦਫਤਰੀ ਕੰਮ ਨਹੀਂ ਕਰਦਾ
ਦਫਤਰੀ ਕਾਰਜ ਪ੍ਰਣਾਲੀ 'ਤੇ ਧਿਆਨ ਨਹੀਂ ਧਰਦਾ
ਇਹ ਕੰਮ ਕੰਪਿਊਟਰ ਕਰਦਾ ਹੈ
ਜਿਸ ਨੂੰ 'A' ਤੋਂ 'Z' ਤੱਕ ਭੁਲਾਵੇਂ ਅੱਖ਼ਰ ਯਾਦ ਹਨ
ਪਦਾਰਥ ਦੇਹ 'ਚ
ਯਾਦਾਸ਼ਤ ਆਬਾਦ ਹੈ
ਮਨੁੱਖ ਕੰਮ ਨਹੀਂ ਕਰਦਾ
ਨਾ ਹੀ ਕੰਮ ਦਾ ਮੁਆਵਜ਼ਾ
ਵਸੂਲਦਾ ਹੈ
ਇਹ ਮੁਆਵਜ਼ਾ ਆਪਣੇ ਆਪ
ਬੈਂਕ ਦੇ ਖਾਤੇ 'ਚ ਚਲਾ ਜਾਂਦਾ ਹੈ
ਬੈਂਕ ਹੀ ਬਿੱਲ ਬੱਤੀਆਂ
ਤੇ ਘਰ ਦੇ ਬਿੱਲ ਦਿੰਦਾ ਹੈ

–0–

ਅਜੋਕੇ ਮਨੁੱਖ ਨੂੰ
ਤਾਂ ਇਹ ਵੀ ਯਾਦ ਨਹੀਂ
ਕਿ ਉਸ ਦਾ ਨਾਮ ਕੀ ਹੈ
ਘਰ ਦਾ ਪਤਾ ਨਿਸ਼ਾਂ ਕੀ ਹੈ
ਅਸਲ ਵਿਚ ਉਹ ਪੱਥਰ ਹੈ
ਪਰ ਆਦਮੀ
ਉਸ ਦੀ ਪਹਿਚਾਣ ਹੈ
ਨਾ ਕੋਈ ਉਸ ਦੀ ਮਿੱਟੀ
ਨਾ ਧਰਤ ਨਾ ਆਸਮਾ ਹੈ
ਉਹ ਚੇਤਨਾ ਜਗਿਆਸਾ ਰਹਿਤ

ਇਨਸਾਨ ਹੈ
ਨਾ ਦੇਹ ਨਾ ਆਤਮਾ
ਨਾ ਕੋਈ ਉਸ ਦਾ ਆਪਣਾ ਨਾਮ ਹੈ।

-0-

ਉਸ ਦਾ ਮਦਰਸਾ
ਤੇ ਮਾਧਿਅਮ ਕੰਪਿਊਟਰ ਹੈ
ਜੋ ਉਸ ਨੂੰ
ਜਿਉਣ ਦਾ ਬਲ ਸਿਖਾਉਂਦਾ ਹੈ
ਉਸ ਨੂੰ ਆਪਣਾ ਆਪ ਪੜ੍ਹਾਉਂਦਾ ਹੈ
ਤਾਂ ਕਿ ਮਨੁੱਖ
ਦਿਹਾਤੀ ਮਿੱਟੀ 'ਚੋਂ
ਸ਼ੀਸ਼ੇ ਦੇ ਸਿਰ ਉੱਗਾ ਸਕੇ
ਤੂਤਾਂ ਬੋਹੜਾਂ ਪਿੱਪਲਾਂ ਟਾਲੀਆਂ 'ਚੋਂ
"Silver Birch, Aspen,
Sessile Oak, Sweet Chestnut"*
ਰੁੱਖਾਂ ਦੀ ਝਲਕ ਪਾ ਸਕੇ !

-0-

* UK ਦੇ ਪ੍ਰਸਿੱਧ ਰੁੱਖ ਹਨ !

# ਨਾਸ਼ਪਾਤੀ

ਮੇਰੇ ਪਿੱਛਵਾੜੇ ਰਹਿੰਦੀ ਹੈ
ਇਕ ਨਾਸ਼ਪਾਤੀ ਅੱਲੜ੍ਹ ਮੁਟਿਆਰ
ਹੁਸਨ ਦਾ ਹੈ ਇਕ ਸ਼ਾਹਕਾਰ
ਜਿਸ ਨੂੰ ਮੈਂ
ਦਿਲ ਦੀ ਬਾਰੀ 'ਚੋਂ ਤੱਕਦਾ ਹਾਂ
ਆਪਣੇ ਆਪ 'ਚੋਂ ਮਨਫ਼ੀ ਲੱਗਦਾ ਹਾਂ

–0–

ਉਹ ਬਰਫ਼ਾਂ 'ਚ ਵੀ ਨੰਗੀ ਹੈ
ਬਰਸਾਤਾਂ ਵਿਚ ਵੀ ਨੰਗੀ ਹੈ
ਧੁੱਪਾਂ 'ਚ ਉਬਲਦੀ ਵੀ
ਕੁਦਰਤ ਦੇ ਰੰਗ 'ਚ ਰੰਗੀ ਹੈ
ਕੁਦਰਤ ਦੀ ਗੋਦ 'ਚ
ਕਾਦਰ ਦੀ ਜੋਤ ਹੈ ਲਗਦੀ
ਚਾਨਣ ਦੀ ਇਕ ਨਦੀ
ਮੇਰੇ ਪਿੱਛਵਾੜੇ ਹੈ ਵਗਦੀ
ਸੱਚ ਦੀ ਨੰਗੀ ਤਸਵੀਰ ਹੈ ਉਹ
ਤਿਆਗ ਦੀ ਸਿਖ਼ਰ ਅਖ਼ੀਰ ਹੈ ਉਹ
ਬਰਫ਼ ਦੀ ਬੁੱਕਲ 'ਚ
ਤਪਦਾ ਤੰਦੂਰ ਹੈ ਉਹ
ਮੇਰੇ ਪਿਛਵਾੜੇ ਦਾ ਨੂਰ ਹੈ ਉਹ
ਆਂਢ ਗੁਆਂਢ
ਉਸ ਦੇ ਪਿੰਡੇ 'ਤੇ ਰੋਟੀਆਂ ਲਾਉਂਦਾ ਹੈ
ਆਪਣੇ ਆਪਣੇ ਬੋਟਾਂ ਦੀ ਭੁੱਖ ਮਿਟਾਉਂਦਾ ਹੈ

–0–

ਮੈਂ ਬਾਰੀ 'ਚੋਂ ਤੱਕਦਾ ਹਾਂ
ਬਰਫ਼ 'ਚ ਲਿਪਟੀ ਹੋਈ ਪਿੰਡਿਉਂ
ਧੂੰਆਂ ਨਿਕਲਦਾ ਹੈ

ਚਿਹਰਾ ਖਿੜੀ ਕਪਾਹ ਦੀ ਪੈਲੀ ਲੱਗਦਾ ਹੈ
ਮੇਰੇ ਪਿਛਵਾੜੇ
ਰੱਬੀ ਨੂਰ ਵਰਸਦਾ ਹੈ!

-0-

ਮੈਂ ਆਪਣੇ ਤੋਂ ਲੋਈ ਲਾਹ ਕੇ
ਉਸ ਮੁਟਿਆਰ ਦਾ ਪਿੰਡਾ ਢਕਦਾ ਹਾਂ
ਉਹ ਕਹਿੰਦੀ ਹੈ
ਜੇ ਨਿੱਘਿਆ ਰਹਿਣਾ
ਤਾਂ ਭਾਣੇ ਵਿਚ ਜੀਣਾ ਸਿੱਖ
ਆਪਣੇ ਚਿਹਰੇ ਤੋਂ ਲਾਹ ਮੁਖੌਟਾ
ਤੂੰ ਜੋ ਹੈ ਉਹੀ ਦਿੱਸ
ਮੈਂ ਆਪਣੇ ਆਪ ਨੂੰ ਤੱਕਦਾ ਹਾਂ
ਤਾਂ ਆਪੇ ਤੋਂ ਅਲਗ ਲੱਗਦਾ ਹਾਂ
ਮੈਂ ਓੜ੍ਹਨ ਉਤਾਰਦਾ ਹਾਂ
ਤ੍ਰੇਲ ਦੇ ਤੁਪਕੇ ਮਿੱਧਦਾ ਹਾਂ !

-0-

# ਆਲੋਪ ਹੈ

ਜਿਵੇਂ ਪਿੰਡ
ਕੱਚੇ ਕੋਠੇ ਕੁਲੀਆਂ ਗਲੀਆਂ
ਢਾਰੇ ਨਹੀਂ ਰਹੇ
ਧਰਤੀ ਅੰਬਰ ਉਹ
ਸੂਰਜ ਚੰਨ ਸਿਤਾਰੇ ਨਹੀਂ ਰਹੇ।

-0-

ਘੁੱਗੀ ਦੀ ਕੂਕ 'ਚ
ਮੋਰ ਦੇ ਨਾਚ 'ਚ ਉਹ ਮਸਤੀ ਨਹੀਂ
ਕੋਇਲ ਦੀ ਹੂਕ 'ਚ
ਮੈਨਾ ਦੇ ਬੋਲ 'ਚ ਉਹ ਹਸਤੀ ਨਹੀਂ
ਆਦਮੀ ਕੋਲ
ਆਪਣੇ ਲਈ ਫ਼ੁਰਸਤ ਨਹੀਂ
ਕੇਹਾਂ ਦੁਖਾਂਤ ਹੈ
ਆਦਮੀ ਦੇ ਨਸੀਬ ਦਾ
ਕੋਈ ਵੀ ਨਖ਼ਸ਼ ਆਪਣਾ ਨਹੀਂ ਲੱਗਦਾ
ਆਪਣੀ ਹੀ ਖਿੱਚੀ ਤਸਵੀਰ ਦਾ

-0-

ਆਲੇ ਦਾ ਦੀਵਾ
ਸਦੀਆਂ ਤੋਂ ਬੁਝ ਗਿਆ ਹੈ
ਮਿੱਟੀ ਦਾ ਚੁੱਲ੍ਹਾ ਘਰ ਨਾਲ ਰੁਸ ਗਿਆ ਹੈ
ਤੰਦੂਰ ਤਾਉਂਦੀਆਂ
ਉਹ ਮੁਟਿਆਰਾਂ ਨਹੀਂ ਰਹੀਆਂ
ਭੱਠੀਆਂ 'ਤੇ ਪਰਾਗੇ ਭੁਨਾਉਂਦੀਆਂ
ਉਹ ਨਾਰਾਂ ਨਹੀਂ ਰਹੀਆਂ!

-0-

ਸਭ ਕੁੱਝ ਹੀ

ਧਰਤੀ ਤੋਂ ਆਲੋਪ ਹੋ ਗਿਆ
ਪਹਿਲਾਂ
ਸ਼ਲੋਕ ਦਾ ਅਰਥ ਹੁੰਦਾ ਸੀ
ਹੁਣ ਅਰਥ ਦਾ ਸ਼ਲੋਕ ਹੋ ਗਿਆ
ਕੁੱਝ ਵੀ ਕੁੱਝ ਦਾ ਨਹੀਂ ਰਿਹਾ
ਜੰਗਲ 'ਚੋਂ ਰੁੱਖ ਆਲੋਪ ਹੋ ਗਿਆ !

-0-

ਅਜੋਕਾ ਮਨੁੱਖ
ਪਦਾਰਥ ਦਾ ਰੂਪ ਲੱਗਦਾ ਹੈ
ਬਿੱਜਲਈ ਖਿਡਾਉਣਿਆਂ ਵਾਂਗੂੰ
ਜਗਦਾ ਤੇ ਬੁਝਦਾ ਹੈ
ਕਦੇ ਬਿਜਲੀ ਨਾਲ
ਕਦੇ ਬੈਟਰੀ ਨਾਲ ਚਲਦਾ ਹੈ
ਨੈਣ ਨਖਸ਼
ਸਭ ਪਲਾਸਟਿਕ ਸਰਜਰੀ ਦਾ ਕਾਰਾ ਹੈ
ਸਿਰ ਦੇ ਵਾਲਾਂ ਦਾ ਜੰਗਲ ਉਧਾਰਾ ਹੈ
ਨਕਲੀ ਦਿਲ
ਨਕਲੀ ਲੱਤਾਂ ਬਾਹਾਂ ਹਨ
ਨਕਲੀ ਬੀਜ ਨਕਲੀ ਰੁੱਖ
ਨਕਲੀ ਟਹਿਣੀਆਂ ਪੱਤੇ ਤੇ ਛਾਵਾਂ ਹਨ
ਮਨੁੱਖ ਦੀ ਭੁੱਖ ਪਿਆਸ
ਅੰਨ੍ਹ ਜਲ ਨਹੀਂ ਕੈਪਸੂਲ ਨੇ
ਅਜੋਕੇ ਮਨੁੱਖ ਦੇ ਜੀਉਣ ਦੇ
ਆਪਣੇ ਸਾਧਨ ਅਸੂਲ ਨੇ !

-0-

## ਕੁੱਝ ਐਸਾ ਹੈ

ਜਿਸ ਦੁਨੀਆ ਵਿਚ ਮਨਾ ਤੂੰ ਰਹਿ ਰਿਹਾ ਹੈ
ਕਦਮ ਪੁੱਟਣ ਦੀ ਲੋੜ ਨਹੀਂ
ਜੋ ਚਾਹੁੰਦਾ ਹੈ
ਉਹ ਬੈਠਾ ਹੀ ਲੈ ਰਿਹਾ ਹੈ

-0-

ਦਿਨ ਚੜ੍ਹਨ ਤੋਂ ਪਹਿਲਾਂ
ਦੇਹ ਦੇ ਸਭ ਸੁੱਖ ਹਨ ਮਿਲਦੇ
ਮਨ ਇੱਛਤ ਹਨ ਸੁਫਨੇ ਪੁੱਗਦੇ
ਇਸ ਧਰਤੀ 'ਤੇ ਜੋ ਵੀ ਉੱਗਾਇਆ ਜਾਂਦਾ ਹੈ
ਉਹ ਪਹਿਲਾਂ ਮਾਨਵ ਦੀ ਭੇਂਟ ਚੜ੍ਹਾਇਆ ਜਾਂਦਾ ਹੈ
ਪ੍ਰਯੋਗਸ਼ਾਲਾ ਵਿੱਚ ਉੱਗਾਇਆ
ਅਜੋਕਾ ਭੋਜਨ
ਮਾਨਵ ਪ੍ਰਵਿਰਤੀ ਦੇ ਯੋਗ ਹੁੰਦਾ ਹੈ
ਸਿਹਤ ਲਈ ਫਾਇਦੇਮੰਦ ਆਰੋਗ ਹੁੰਦਾ ਹੈ
ਜਿਸਦੀ ਸਿਰਜਣ ਪ੍ਰਕ੍ਰਿਆ ਵਿਚ
ਧਰਤ ਹਵਾ ਜਲ ਤੇ ਕੁਦਰਤ ਦਾ
Organic ਸੰਯੋਗ ਹੁੰਦਾ ਹੈ
ਰਸਾਇਣਕ ਖਾਦਾਂ ਦੀ ਵਰਤੋਂ ਨਹੀਂ
ਕੁਦਰਤੀ ਸਾਧਨਾਂ 'ਤੇ ਅਧਾਰਤ ਹੈ
ਪਦਾਰਥ ਯੁੱਗ ਦੀ ਇਹ ਨਵੀਂ ਤਜ਼ਾਰਤ ਹੈ।

-0-

ਪਦਾਰਥ ਬਿਨਾਂ
ਇਸ ਵਿਸ਼ਵ ਦਾ ਸੱਚ ਕੁੱਝ ਹੋਰ ਨਹੀਂ
ਨੈਤਿਕਤਾ ਤੇ ਸਿਰਸ਼ਟਾਚਾਰ ਦੀ
ਇਸ ਦੁਨੀਆ ਵਿਚ ਲੋੜ ਨਹੀਂ
ਇਹੀ ਹੈ ਕਿਰਦਾਰ ਵਿਸ਼ਵ ਦਾ
ਇਹੀ ਹੈ ਵਿਹਾਰ ਵਿਸ਼ਵ ਦਾ
ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ

ਮਨੁੱਖ ਅਨੁਸਾਰ ਹੈ
ਅਜੋਕੇ ਵਿਸ਼ਵ ਦਾ ਇਹੀ ਅਧਾਰ ਹੈ।

-0-

ਇਹ ਵਿਸ਼ਵ ਮਨੁੱਖ ਨੇ ਸਿਰਜੀ
ਆਪਣੀ ਮਰਜ਼ੀ ਲੋੜ ਮੁਤਾਬਿਕ
ਸਰੀਰਕ ਸੁੱਖਾਂ ਦੀ ਝੜੀ ਲਗਾਈ
ਸਰੀਰਕ ਸੁੱਖਾਂ ਦੀ ਖਾਤਿਰ
ਸਾਰੇ ਯੁੱਗ ਹੰਢਾਏ ਮਾਨਵ
ਤਾਂ ਕੰਪਿਊਟਰ ਯੁੱਗ ਆਇਆ
ਹਰ ਇੱਕ ਘਰ ਵਿੱਚ
ਗੂਗਲ ਗਿਆਨ ਕੋਸ਼ ਦਾ ਸੂਰਜ
ਉੱਗਦਾ ਪਾਇਆ
ਬੱਚੇ ਤੋਂ ਬਿਰਧ ਤਾਈਂ
ਕੰਪਿਊਟਰ ਪੜ੍ਹਨੇ ਲਾਇਆ
ਅਰਥਾਂ ਤੇ ਸ਼ਬਦਾਂ ਦੇ ਚਾਨਣ
ਹਰ ਘਰ ਫੇਰਾ ਪਾਇਆ
ਰੋਜ਼ਾਨਾ ਜੀਵਨ ਦੀਆਂ ਲੋੜਾਂ
ਘਰ ਬੈਠੇ ਹੀ ਪਾਉ
ਕੀ ਖਾਣਾ ਹੈ ਕੀ ਪੀਣਾ ਹੈ
ਕੰਪਿਊਟਰ ਦਾ ਦਰ ਖੜਕਾਉ
ਕਿਵੇਂ ਆਰੋਗ ਰਹਿਣਾ ਹੈ
ਬੀਮਾਰੀ ਵਿਚ ਕੀ ਕਰਨਾ ਹੈ
ਪ੍ਰਹੇਜ਼ ਦਵਾਈ ਕੀ ਲੈਣਾ ਹੈ
ਸਭ ਕੁੱਝ ਕੰਪਿਊਟਰ ਦਸਦਾ ਹੈ
ਕਿਸੇ ਨੂੰ ਪੁੱਛਣਾ ਨਾ ਕਹਿਣਾ ਹੈ
ਘਰ ਦੀ ਸਰਦਲ 'ਤੇ ਆ ਮੁਕਦਾ ਹੈ
ਬਾਹਰਲਾ ਹਰ ਇਕ ਰਾਹ
ਮਾਨਸਿਕ ਖਿੱਚ ਤਣਾਅ ਨਹੀਂ ਕੋਈ
ਫਿਰ ਵੀ ਸੁੱਖ ਦਾ ਸਾਹ ਨਹੀਂ ਕੋਈ
ਕੁੱਝ ਐਸਾ ਹੈ ਇਸ ਦੁਨੀਆ ਵਿਚ
ਜਿਸ ਦਾ ਮਨੁੱਖ ਨੂੰ ਵਿਸਾਹ ਨਹੀਂ ਕੋਈ

-0-

ਇਹ ਉਹ ਦੁਨੀਆ ਹੈ ਸਰੀਰਕ ਸੁੱਖਾਂ ਦੀ
ਰੂਹ ਲਈ ਸੁੱਖ ਨਾ ਕਾਇ
ਕੁਦਰਤ ਦੇ ਵਿਚ ਵਿੱਥਾਂ ਪਈਆਂ
ਰਿਸ਼ਤਿਆਂ ਵਿੱਚ ਜੁਦਾਈਆਂ
ਮਨੁੱਖ ਦਾ ਲਹੂ ਹੈ ਪਾਣੀ ਹੋਇਆ
ਸੋਚਣੀ ਹੋਈ ਪਰਾਈ
ਮਾਨਵਤਾ ਹੈ ਬੁੱਢੀ ਹੋਈ
ਪਦਾਰਥ ਤੇ ਜਵਾਨੀ ਆਈ
ਹਰ ਥਾਂ ਪੈਸਾ ਹੀ ਪੈਸਾ ਹੈ
ਪੈਸਾ ਖਸਮ ਲੁਗਾਈ
ਪੈਸੇ ਬਿਨ ਕੋਈ ਨਹੀਂ ਪੁੱਛਦਾ
ਨਾ ਬਾਪੂ ਨਾ ਮਾਈ
ਪਦਾਰਥ ਨੇ ਸਮਾਜ ਦੀ
ਐਸੀ ਹਵਾ ਬਦਲਾਈ
ਮਾਂ ਨੂੰ ਭੋਗ ਰਿਹਾ ਹੈ ਪੁੱਤਰ
ਨੂੰਹ ਸੰਗ ਜਲ ਇਸ਼ਨਾਨਾ
ਕਰਦਾ ਹੈ ਜਵਾਈ

-0-

ਵਿਸ਼ਵ ਚੇਤਨਾ
ਮਨੁੱਖ ਪਦਾਰਥ ਵਿੱਚੋਂ
ਇਹ ਕੀ ਚੁਣਿਆ
ਪਦਾਰਥ ਲਈ ਖੁੱਲ੍ਹਾ ਅੰਬਰ
ਮਨੁੱਖ ਲਈ
ਜਾਲ਼ ਮੁਥਾਜੀ ਦਾ ਬੁਣਿਆ
ਪਦਾਰਥ ਅੰਬਰ 'ਤੇ ਚੜ੍ਹਾਇਆ
ਮਨੁੱਖ ਨੂੰ ਧਰਤੀਉਂ ਹੇਠਾਂ ਲਾਹਿਆ
ਚੇਤਨਾ ਨੂੰ ਸੂਲ਼ੀ ਟੰਗਿਆ
ਪਦਾਰਥ ਦਿੱਤਾ ਤਖ਼ਤ ਬਿੱਠਾ
ਵਿਸ਼ਵ ਚੇਤਨਾ ਇਹ ਕੀ ਚੁਣਿਆ ਰਾਹ?

—0—

ਮਨੁੱਖੀ ਚੇਤਨਾ
ਦੇਹ ਦੇ ਪੰਜਾਂ ਤੰਤਾਂ ਦੀ ਕਾਰਜ ਪ੍ਰਣਾਲੀ
ਦੀ ਉਪਜ ਹੈ
ਸੱਤਵਾਂ ਤੱਤ ਮਨੁੱਖੀ ਸਵੈ ਹੈ
ਮਨੁੱਖੀ ਦੇਹ ਵਿਚ ਜੋ ਗੁਪਤ ਹੈ
ਦੇਹ ਦੇ ਪੰਜ ਤੱਤਾਂ 'ਤੇ
ਛੇਵੇਂ ਤੱਤ ਚੇਤਨਾ ਦੀ ਸਰਦਾਰੀ ਹੈ
ਚੇਤਨਾ ਦਾ ਜੋ ਰਹਿਨੁਮਾ ਹੈ
ਉਹ ਸਵੈ ਤੱਤ ਕਰਤਾਰੀ ਹੈ

-0-

ਉਹ ਤੱਤ ਉਪਰਾਮ ਬੜਾ ਹੈ
ਉਸ ਨੂੰ ਸਰੀਰਕ ਸੁੱਖ ਦਾ ਚਾਅ ਨਹੀਂ
ਉਹ ਸੱਚ ਲਈ ਬੇਅਰਾਮ ਬੜਾ ਹੈ
ਜਿਸ ਲਈ ਪਦਾਰਥਕ ਦੁਨੀਆ ਵਿੱਚ
ਸੁੱਖ ਦਾ ਸਾਹ ਨਹੀਂ
ਉਸ ਦੀ ਲਗਨ ਸੱਚ ਨਾਲ ਹੈ
ਪਦਾਰਥ ਨਾਲ ਉਹਦਾ ਕੋਈ ਲਗਾ ਨਹੀਂ
ਇਹ ਸੱਚ ਮਾਨਵ ਜਾਣਦਾ ਹੈ
ਅਸਲ ਸੱਚ ਪਹਿਚਾਣਦਾ ਹੈ
ਅਸਲ ਸੱਚ ਹੀ ਮਨੁੱਖ ਦਾ ਸੱਚ ਹੈ
ਬਾਕੀ ਤਾਂ ਸਭ ਕੁੱਝ ਹੀ ਕੱਚ ਹੈ
ਵਿਸ਼ਵ ਦੇ ਸੱਚ ਨੂੰ ਕੱਚ ਦੀ ਬੱਜ ਹੈ
ਕੱਚ ਤਾਂ ਕੱਚ ਹੈ
ਸੱਚ ਦੀ ਭਾਅ ਨਹੀਂ
ਮਾਨਸਿਕ ਖਿੱਚ ਤਨਾਅ ਨਹੀਂ ਕੋਈ
ਫਿਰ ਵੀ ਸੁੱਖ ਦਾ ਸਾਹ ਨਹੀਂ ਕੋਈ
ਕੁੱਝ ਐਸਾ ਹੈ ਇਸ ਦੁਨੀਆ ਵਿੱਚ
ਜਿਸ ਦਾ ਮਨੁੱਖ ਨੂੰ ਵਿਸਾਹ ਨਹੀਂ ਕੋਈ

-0-

# ਜੰਗਲ ਨੂੰ ਮੋੜ ਦਿਆਂ

ਆਦਮੀ ਜਨਮਿਆਂ ਸਾਂ
ਜਾਨਵਰ ਬਣ ਕੇ ਰਹਿ ਗਿਆ ਹਾਂ
ਚੰਗਾ ਨਹੀਂ
ਗੁਨਾਹਾਂ ਨਾਲ ਭਰਿਆ ਪਿਆ ਹਾਂ।

-0-

ਚਾਹੁੰਦਾ ਹਾਂ
ਪੱਲੇ ਬੰਨ੍ਹੀ ਗੁੱਥਲੀ 'ਚੋਂ
ਅਨੁਸ਼ਾਸਨ, ਨੈਤਿਕਤਾ, ਵਿੱਦਿਆ, ਗਿਆਨ
ਸਭ ਨਿਚੋੜ ਦਿਆਂ
ਤੂੰ ਇਹ ਸ਼ਹਿਰ
ਜੋ ਜਨਮਿਆਂ ਹੈ ਜੰਗਲ ਦੇ ਲਹੂ 'ਚੋਂ
ਜੰਗਲ ਨੂੰ ਮੋੜ ਦਿਆਂ

-0-

ਇਨ੍ਹਾਂ ਸਭਿਅਕ
ਚੇਤਨ ਤੇ ਜਗਿਆਸੂ ਹੋ ਕੇ ਵੀ ਜੀਣਾ ਔਖਾ ਹੈ
ਜਿਸ ਸ਼ਹਿਰ 'ਚੋਂ
ਆਪਣਾ ਚਿਹਰਾ ਵੇਖਣਾ ਸੀ
ਉਸ ਸ਼ਹਿਰ ਦਾ ਦਰਪਣ ਮੈਲਾ ਹੈ
ਸ਼ਹਿਰ ਕੋਹਜਾ ਹੈ
ਬੰਦਿਆਂ ਤੇ ਜੀਵਨ ਦਾ ਬੋਝਾ ਹੈ
ਆਦਮੀ ਲਈ
ਇਸ ਤੋਂ ਸ਼ਰਮਿੰਦਗੀ ਕੀ ਹੋਰ ਹੈ
ਆਦਮੀ ਹੀ ਆਦਮ ਖੋਰ ਹੈ
ਜੇ ਚਿਹਰਾ ਵੀ ਤਿੜਕਿਆ ਹੈ
ਤਾਂ ਸ਼ੀਸ਼ਾ ਵੀ ਤੋੜ ਦਿਆਂ
ਇਹ ਸ਼ਹਿਰ
ਜੋ ਜਨਮਿਆ ਹੈ ਜੰਗਲ ਦੇ ਲਹੂ 'ਚੋਂ

ਜੰਗਲ ਨੂੰ ਮੋੜ ਦਿਆਂ

-0-

ਇਕ ਡਾਕਟਰ ਨੇ
ਸ਼ਹਿਰ ਦਾ ਔਪਰੇਸ਼ਨ ਕੀਤਾ ਹੈ
ਸ਼ਹਿਰ ਦਾ ਭੂਤ ਭਵਿੱਖ ਵਰਤਮਾਨ ਵਿਚਾਰ ਕੇ
ਆਪਣਾ ਪ੍ਰਤੀਕਰਮ ਨਸ਼ਰ ਕੀਤਾ ਹੈ
ਸ਼ਹਿਰ ਦੇ ਸਿਰ ਚੋਂ
ਜੰਗਲ ਦੀਆਂ ਜੜ੍ਹਾਂ ਉੱਗ ਆਈਆਂ ਹਨ
ਜੜ੍ਹਾਂ ਨੇ ਸ਼ੀਸ਼ੇ ਦੇ ਸ਼ਹਿਰ ਨੂੰ
ਰੁੱਖਾਂ ਦੀਆਂ ਆਇਤਾਂ ਪੜ੍ਹਾਈਆਂ ਹਨ
ਜੰਗਲੀ ਹਰਿਆਉਲ ਦੇ ਛਾਲੇ
ਫਿੱਸ ਫਿੱਸ ਕੇ ਮਲਿਹਾਰ ਗਾ ਰਹੇ ਹਨ
ਦਰਦ ਵਿਛੋੜੇ ਦਾ ਹਾਲ ਸੁਣਾ ਰਹੇ ਹਨ
"ਬਹੁੜੀਂ ਵੇ ਤਬੀਬਾ, ਮੈਡੀ ਜਿੰਦ ਗਈ ਆ!
ਤੇਰੇ ਇਸ਼ਕ ਨਿਚਾਇਆ ਕਰ ਥੱਈਆ ਥੱਈਆ!"

-0-

ਪਾਰਦਰਸ਼ੀ ਸ਼ਹਿਰ 'ਚ
ਅਕਾਸ਼ ਛੋਂਹਦੇ ਰੁੱਖਾਂ 'ਤੇ
ਕੱਚ ਦੇ ਪੰਛੀ ਕੀਰਨੇ ਪਾ ਰਹੇ ਹਨ
ਸ਼ਬਦਾਂ ਦੀ ਅਗਨੀ ਨੂੰ
ਅਰਥਾਂ ਦੀ ਅਹੂਤੀ ਚੜ੍ਹਾਅ ਰਹੇ ਹਨ
ਅੱਗਣ ਪ੍ਰਕਰਮਾ ਕਰ ਰਹੇ ਹਨ
ਗੀਤਾ ਦੇ ਸ਼ਲੋਕ ਪੜ੍ਹ ਰਹੇ ਹਨ
ਕਿ ਜੋ ਕੁੱਝ ਵੀ ਸਿਰਜਿਆ ਸੀ
ਇੰਨ੍ਹਾ ਬੁਸ ਗਿਆ ਹੈ
ਬੁੱਸਿਆ ਸਿਰਜਣ ਲਈ
ਇੰਨ੍ਹਾ ਖੁਸ ਗਿਆ ਹੈ
ਕਿ ਆਦਮੀ ਦਾ ਆਪਾ
ਆਪਣੇ ਨਾਲ ਹੀ ਰੁੱਸ ਗਿਆ ਹੈ

ਦਿਲ ਤਾਂ ਚਾਹੁੰਦਾ ਹੈ
ਅੱਗ ਲਾ ਕੇ ਫੂਕ ਦਈਏ ਸਭ
ਇਹ ਸ਼ਹਿਰ ਜੋ ਜਨਮਿਆ ਹੈ
ਜੰਗਲ ਦੇ ਲਹੂ 'ਚੋਂ
ਜੰਗਲ ਨੂੰ ਹੀ ਮੋੜ ਦੇਈਏ ਸਭ

–0–

# ਇਕਾਈ ਦਾ ਸੱਚ

ਅਜੋਕੇ ਮਨੁੱਖ
ਧਰਤੀ ਸਿਰਜੀ ਅੰਬਰ ਤਾਣਿਆ
ਅਕਾਸ਼ ਛੋਂਹਦਾ
ਸ਼ੀਸ਼ੇ ਦਾ ਜੰਗਲ ਨਿਰਮਾਣਿਆਂ
ਸ਼ੀਸ਼ੇ ਦੇ ਆਲ੍ਹਣਿਆਂ 'ਚ
ਪਰ ਕੱਟੇ ਖੰਭਾਂ ਦਾ ਵਸੇਰਾ ਹੈ
ਸਿਰ ਰਹਿਤ ਧੜਾਂ ਦਾ ਡੇਰਾ ਹੈ!

–0–

ਇੰਨ੍ਹੇ ਉਚੇਰੇ ਰੁੱਖਾਂ 'ਤੇ ਰਹਿਣ
ਵਾਲੇ ਪੰਛੀਆਂ ਨੂੰ
ਪਰਾਂ ਦੀ ਲੋੜ ਨਹੀਂ
ਹਰ ਪ੍ਰਾਪਤੀ ਉਨ੍ਹਾਂ ਲਈ ਹਾਜ਼ਰ ਹੈ
ਕਿਸੇ ਤਰ੍ਹਾਂ ਦੇ ਕਾਰਜ ਕਰਮ ਦੀ ਲੋੜ ਨਹੀਂ
ਪੌਣ ਪਾਣੀ ਤੋਂ ਬਿਨਾਂ ਵੀ ਰਹਿ ਸਕਦੇ ਹਨ
ਪਦਾਰਥਕ ਵਿਗਿਆਨ ਦੀ
ਖੋਜ ਪ੍ਰਾਪਤੀ ਦੀ ਧੁੱਪੇ ਛਾਂਵੇ ਬਹਿ ਸਕਦੇ ਹਨ
ਅੰਨ੍ਹ ਤੋਂ ਬਿਨਾਂ ਵੀ ਜੀਅ ਸਕਦੇ ਹਨ
ਜੀਵਨ ਤੱਤ ਖਾ ਪੀ ਸਕਦੇ ਹਨ
ਇਹ ਲਹੂ ਮਾਸ ਦੇ ਪੁਤਲੇ ਨਹੀਂ
ਲੱਕੜ ਦੇ ਖਿਡਾਉਣੇ ਹਨ
ਜ਼ਿੰਦਗੀ ਤੋਂ ਕੋਹਾਂ ਦੂਰ
ਵਸਦੇ ਘਰਾਂ ਦੇ ਮੁਰਦੇ ਜੀਵਨ ਵਿਹੂਣੇ ਹਨ

–0–

ਇਨ੍ਹਾਂ ਮੋਮੀ ਖਿਡਾਉਣਿਆਂ ਦੇ
ਜਿਸਮ ਹੀ ਬਸਤਰ ਹਨ
ਇਹ ਲੋਕ ਬਿਨ੍ਹਾਂ ਅੰਗਾਂ ਦੇ ਅਸਤਰ ਹਨ
ਇਹ ਜ਼ਿਹਨੀ ਸ਼ਾਸਤਰ ਨਹੀਂ

ਸ਼ਸਤਰ ਹਨ
ਜੋ ਆਪ ਵੀ ਚਲਦੇ
ਤੇ ਚਲਾਏ ਵੀ ਜਾਂਦੇ ਹਨ
ਇਹ ਬਿਜਲੀ ਸੰਚਾਲਕ
ਬਟਨ ਨੱਪਣ 'ਤੇ
ਖਲਿਆਰੇ ਟੋਰੇ ਭੱਜਾਏ ਜਾਂਦੇ ਹਨ
ਰਿਮੋਟ ਇਨ੍ਹਾਂ ਦਾ ਰੋਬਾਟ ਦੇ ਹੱਥ ਹੈ
ਇਨ੍ਹਾਂ ਦੀ ਗਤੀ ਪਦਾਰਥਕ ਨੱਥ ਹੈ

–0–

ਇਹ ਬੋਲਦੇ ਨਹੀਂ
Whats App 'ਤੇ ਪੰਜਿਆਂ ਨਾਲ
ਮਨੋਭਾਵ ਚਿਤਰਦੇ ਹਨ
ਇਹ Facebook ਦੇ ਖੇਤ 'ਚ ਉੱਗੇ
ਮੌਸਮੀ ਰਿਸ਼ਤੇ ਹਨ
ਕੋਈ ਇਨ੍ਹਾਂ ਦਾ ਨਹੀਂ ਇਨ੍ਹਾਂ ਸਿਵਾ
ਇਹ ਆਪ ਹਨ ਆਪਣੇ ਖ਼ੁਦਾ

–0–

ਇਨ੍ਹਾਂ ਦੀ ਭੁੱਖ
ਭੋਜਨਾਲਿਆਂ ਨੂੰ ਲਗਦੀ ਹੈ
ਇਨ੍ਹਾਂ ਦੀ ਨੀਂਦਰ
ਮੁਸਾਫਿਰ ਖਾਨਿਆਂ ਨੂੰ ਆਉਂਦੀ ਹੈ
ਇਨ੍ਹਾਂ ਨੂੰ ਮਾਂ ਨਹੀਂ
ਕਿਰਾਏ ਦੀ ਮਮਤਾ
ਪਾਲ਼ਦੀ ਪੋਸਦੀ ਖਿਡੋਂਦੀ ਹੈ
ਇਨ੍ਹਾਂ ਦੀ ਰਹਿਨੁਮਾਈ
ਉਪਦੇਸ਼ਕ ਯੰਤਰ ਕਰਦਾ ਹੈ
ਅੰਨ੍ਹ ਜਲ ਨਾਲ ਨਹੀਂ
ਕੈਪਸੂਲਾਂ ਨਾਲ ਇਨ੍ਹਾਂ ਦਾ
ਢਿੱਡ ਭਰਦਾ ਹੈ

ਇਹ ਲਹੂ ਮਾਸ ਦੇ ਨਹੀਂ
ਕੱਚ ਦੇ ਲੋਕ ਕਹਾਉਂਦੇ ਹਨ
ਆਪਣੀ ਪ੍ਰਕਰਮਾ ਕਰਦੇ ਹਨ
ਆਪਣੇ ਹੀ ਸੋਹਲੇ ਗਾਉਂਦੇ ਹਨ
ਇਨ੍ਹਾਂ ਦੀ ਜੀਵਨ ਸਮੱਗਰੀ
ਕੰਪਿਊਟਰ ਢੋਂਹਦਾ ਹੈ
ਇਨ੍ਹਾਂ ਦੇ ਗਮਲਿਆਂ ਵਿੱਚ
ਬੱਦਲ਼ ਵਰਖਾ ਕੁਦਰਤ ਬੋਂਦਾ ਹੈ
ਇਹ ਆਪਣੇ ਬੋਟਾਂ ਤੋਂ ਵੱਧ
ਕੁੱਤਿਆਂ ਬਿੱਲੀਆਂ ਦੇ ਹਮਦਰਦ ਹਨ
ਇਹ ਅਜੋਕੇ ਯੁੱਗ ਦੇ
ਸੂਰਜ ਸਰਦ ਹਨ
ਇਹ ਆਪਣੇ ਸਿਵਾ
ਕਿਸੇ ਹੋਰ ਦੇ ਨਾ ਸਾਥੀ
ਨਾ ਦਰਦੀ ਹਨ
ਇਹ ਆਪਣੇ ਬਿੰਦੂ ਦੇ ਹੀ ਪ੍ਰਕਰਮੀ ਹਨ
ਇਹ ਲਾਲਚੀ ਅਧਰਮੀ ਹਨ
ਇਕ ਆਲ੍ਹਣੇ ਵਿਚ ਰਹਿੰਦੇ ਵੀ
ਇਕ ਦੂਜੇ ਲਈ ਪਰਾਏ ਹਨ
ਇਹ ਆਪਣੀ ਇਕਾਂਤ ਦੇ
ਭੁੱਖੇ ਤ੍ਰਿਹਾਏ ਹਨ
ਇਹ ਟਿਊਬ ਦੀ ਕੁੱਖ 'ਚੋਂ ਜਨਮੇ
ਵਿਗਿਆਨਕ ਪ੍ਰਾਪਤੀ ਦੇ ਜਾਏ ਹਨ
ਅਜੋਕਾ ਮਨੁੱਖ ਨਵ ਵਿਸ਼ਵ ਸਿਰਜ ਕੇ
ਕਿਨਾਰਾ ਤਾਂ ਬਣਿਆ ਜਲ ਨਹੀਂ
ਸਿਫਰਿਆਂ ਦੀ ਭੀੜ ਤਾਂ ਬਣਿਆ
ਮਾਨਵਤਾ ਦਾ ਸੱਚ ਨਹੀਂ ! -0-

# ਜ਼ਰਾ

ਉਹ ਪਹਾੜ ਸੀ
ਅੰਬਰ ਨੂੰ ਛੋਂਹਦਾ
ਆਪਣੀ ਨੇਕੀ ਦੇ
ਅਕਾਰ ਤੇ ਵਿਸਥਾਰ ਸੰਗ ਸੋਂਹਦਾ
ਲੋਕਾਂ ਲਈ ਪਹਾੜ ਸੀ ਉਹ
ਆਪਣੀ ਨਜ਼ਰ 'ਚ ਜ਼ਰੇ ਦੇ ਸਮਾਨ ਸੀ ਉਹ!

-0-

ਉਹ ਇੰਨਾ ਤੇਜ਼ ਦੌੜਿਆ
ਕਿ ਉਸ 'ਚੋਂ
ਨਦੀਆਂ ਦਰਿਆ ਨੁਚੜ ਗਏ
ਉਸ ਦੀ ਪ੍ਰਵਾਜ਼ ਤੇ ਖੰਭ ਸੁੰਗੜ ਗਏ
ਉਹ ਇਸ ਦੌੜ 'ਚ
ਜਿਸ ਥਾਂ ਪੁੱਜਾ
ਉਸ ਥਾਂ 'ਤੇ
ਉਸ ਤੋਂ ਬਿਨਾਂ ਹੋਰ ਕੋਈ ਨਹੀਂ ਸੀ
ਉਹ ਸੀ ਉਸ ਦੀ ਇਕੱਲਤਾ ਸੀ
ਬਸ ਇੱਕ ਚੁੱਪ ਸੀ ਸ਼ੋਰ ਨਹੀਂ ਸੀ
ਚੁੱਪ ਨੂੰ ਹੀ ਚੁੱਪ ਖਾਹ ਰਹੀ ਸੀ
ਚੁੱਪ 'ਚ ਚੁੱਪ ਫੈਲਦੀ ਜਾ ਰਹੀ ਸੀ

-0-

ਉਸ ਦਾ ਘਰ
ਚੌਂਕਾ ਚੁੱਲ੍ਹਾ ਵਿਹੜਾ ਕੰਧਾ
ਤੇ ਘਰ ਦੇ ਜੀਅ
ਸਭ ਪਿੱਛੇ ਰਹਿ ਗਏ ਸਨ
ਉਸ ਦੇ ਲਹੂ ਦੇ ਰਿਸ਼ਤੇ
ਫਿੱਕੇ ਪੈ ਗਏ ਸਨ
ਸਭ ਆਲੋਪ ਸੀ

ਚੁੱਪ ਇਕੱਲਤਾ 'ਚ ਤੈਰਦੀ
ਉਸ ਦੇ ਕੋਲ ਸੀ

-0-

ਉਸ ਨੇ ਆਪਣੇ ਦੁਆਲੇ
ਆਪਣੀ ਸੁਰਕਸ਼ਾ ਲਈ
ਅਨੁਭਵ ਰਹਿਤ
ਸੀਮੈਂਟ ਸਰੀਏ ਸ਼ੀਸ਼ੇ
ਤੇ ਪੱਥਰ ਦਾ
ਕਿਲ੍ਹਾ ਉਸਾਰਿਆ
ਜਿਸ ਵਿਚ ਜੀਵਨ ਸਮੱਗਰੀ ਲਈ
ਮੰਡੀਆਂ ਬਜ਼ਾਰ ਸਨ
ਪਦਾਰਥਕ ਰਹਿਨੁਮਾਹ
ਤੇ ਪਹਿਰੇਦਾਰ ਸਨ
ਪਦਾਰਥ ਦੀ ਧਰਤੀ
ਪਦਾਰਥ ਦਾ ਅੰਬਰ ਸੀ
ਪਦਾਰਥ ਦੀ ਪਰਜਾ ਹਕੂਮਤ
ਪਦਾਰਥ ਦਾ ਅਡੰਬਰ ਸੀ
ਪਰ ਉਹ ਆਲੋਪ ਸੀ
ਨਾ ਭੀੜ ਵਿੱਚ ਨਾ ਆਪਣੇ ਕੋਲ ਸੀ !

-0-

# ਆਦਮੀ ਰੱਬ

ਅੰਮ੍ਰਿਤ ਵੇਲੇ
ਜਦ ਲੋਕ ਤੈਨੂੰ ਸਿਮਰਦੇ ਹਨ
ਮੈਂ ਕਵਿਤਾ ਲਿੱਖਦਾ ਹਾਂ
ਸ਼ਬਦਾਂ ਅਰਥਾਂ ਦਾ
ਸੱਚ ਸਿਰਜਦਾ ਹਾਂ
-0-
ਲੋਕਾਂ ਦੀ ਭੀੜ 'ਚ
ਆਦਮੀਅਤ ਦਾ ਬੀਜ ਧਰਦਾ ਹਾਂ
ਮਨੁੱਖ ਸਿਰਜਦਾ ਹਾਂ
ਖਾਲੀਪਣ ਭਰਦਾ ਹਾਂ
ਇਹ ਮੇਰਾ ਅਕੀਦਾ ਹੈ
ਜਿਸ ਦਾ ਮੈਂ ਉਮਰ ਭਰ
ਸਿਮਰਨ ਕੀਤਾ ਹੈ
-0-
ਤੂੰ ਦੁਨੀਆ ਸਿਰਜੀ ਹੈ
ਪ੍ਰਕਿਰਤੀ ਸਿਰਜੀ ਹੈ
ਬ੍ਰਹਮੰਡ ਉਸਾਰੇ ਹਨ
ਨਦੀਆਂ ਦਰਿਆ ਪਹਾੜ ਜੰਗਲ
ਸਾਗਰ ਸਹਿਰਾ
ਧਰਤੀ 'ਤੇ ਉਤਾਰੇ ਹਨ
ਮੈਂ ਦੁਨੀਆ ਨੂੰ
ਸੱਚ ਸੁੰਦਰਤਾ ਕਲਿਆਣ ਦਾ
ਅਰਥ ਸਮਝਾਇਆ ਹੈ
ਬੇਸ਼ੱਕ ਮੈਂ ਤੈਨੂੰ ਪਾ ਨਹੀਂ ਸਕਿਆ
ਪਰ ਆਪਾ ਪਾਇਆ ਹੈ
ਤੇਰੀ ਸਿਰਜਣਾ
ਤੇਰੇ ਅਨੁਕੂਲ ਹੈ
ਤੇਰਾ ਅਨੁਸ਼ਾਸਨ ਤੇਰਾ ਦਸਤੂਰ ਹੈ

ਮੈਂ ਉਸ ਦੁਨੀਆ ਨੂੰ
ਮਾਨਵਤਾ ਅਨੁਸਾਰ
ਢਾਲਣਾ ਅਰੰਭਿਆ ਹੈ
ਆਦਮੀ ਹਾਂ ਮੈਂ
ਆਪਣਾ ਸਵੈ ਹੀ
ਪੂਜਿਆ ਸਿਮਰਿਆ ਹੈ
ਆਪਣੇ ਸਵੈ 'ਚੋਂ
ਮੈਨੂੰ ਆਪਣਾ ਆਪਾ ਹੀ
ਨਜ਼ਰ ਆਇਆ ਹੈ
ਇਸੇ ਲਈ
ਬੰਦੇ ਨੂੰ ਵਿਸ਼ਵ ਤਖ਼ਤ 'ਤੇ ਬਿਠਾਇਆ ਹੈ

-0-

ਇਹ ਫਲਸਫ਼ਾ ਹੈ ਮੇਰਾ
ਕਿ ਤੇਰੇ ਤੋਂ ਪਹਿਲਾ ਬੰਦਾ ਹੈ
ਬੰਦੇ ਤੋਂ ਪਿੱਛੋਂ ਤੇਰਾ ਧੰਦਾ ਹੈ
ਮੇਰਾ ਸੱਚ
ਬੰਦੇ 'ਚੋਂ ਨਜ਼ਰੀਂ ਆਇਆ ਹੈ
ਮੇਰਾ ਜਲਵਾ
ਮੈਨੂੰ ਬੰਦੇ ਨੇ ਵਿਖਾਇਆ ਹੈ
ਹੁੰਦਾ ਨਾ ਆਦਮੀ ਜੇਕਰ
ਤੂੰ ਕਦੀ ਵੀ ਨਜ਼ਰ ਨਾ ਆਉਂਦਾ
ਤੂੰ ਸੰਕਲਪ ਹੈ ਬੰਦੇ ਦਾ
ਸੰਕਲਪ ਬਿਨਾਂ
ਤੂੰ ਆਪਣੀ ਹਕੀਕਤ ਕਦੀ ਨਾ ਪਾਉਂਦਾ
ਤੂੰ ਤਸੱਵੁਰ
ਮਾਨਵ ਤੇਰੀ ਕਾਇਆ
ਤੂੰ ਬੰਦੇ ਲਈ ਬੰਦਾ ਨਹੀਂ
ਆਪਣੇ ਪ੍ਰਗਟਾਵੇ ਲਈ
ਮਨੁੱਖ ਬਣਾਇਆ ਹੈ।

-0-

# ਪਦਾਰਥਕ ਵਿਉਪਾਰ ਚਿੰਨ

ਅਜੋਕੇ ਪਦਾਰਥਕ ਵਿਕਾਸ ਨੇ
ਮਾਨਵੀ ਸਵੈ ਵਿਕਾਸ ਦੇ
ਸਾਰੇ ਰਾਹ ਬੰਦ ਕਰ ਦਿੱਤੇ ਹਨ
ਇਕ ਘਰ ਦੀ ਅਲਮਾਰੀ ਵਿਚ
ਤਾਲਾ ਮਾਰ ਕੇ ਧਰ ਦਿੱਤੇ ਹਨ

-0-

ਇਹ ਪੂੰਜੀਵਾਦੀ ਮਹਿਲ ਹੈ
ਜਿਸ ਦੀ ਪੂੰਜੀਵਾਦੀ ਸੋਚ ਤੇ ਚਹਿਲ ਪਹਿਲ ਹੈ
ਇਹ ਸੋਚ ਅਜੋਕੀ ਵਿਸ਼ਵ ਪ੍ਰਣਾਲੀ ਦੀ ਖੋਜ ਹੈ
ਇਸ ਸੋਚ ਨੇ
ਜੀਵਨ ਸੁੱਖ ਸਮਗਰੀ ਦਾ
ਐਸਾ ਜਾਲ਼ ਵਿਛਾਇਆ ਹੈ
ਅੰਬਰ ਖਜ਼ਾਨਾ ਆਪਣੇ ਘਰ
ਭੁੱਖਾ ਪਿਆਸਾ ਧਰਤ 'ਤੇ
ਧਰਤੀ ਦਾ ਜਾਇਆ ਹੈ

-0-

ਹਰ ਘਰ ਹਨੇਰਾ ਹੈ
ਮਹਿਲੀਂ ਸੂਰਜ ਦਾ ਡੇਰਾ ਹੈ
ਪਦਾਰਥ ਦੀ ਲੋਕ ਕਰਨ ਇਬਾਦਤ
ਪਦਾਰਥ ਨੂੰ ਹੀ ਰੱਬ ਜਾਣਨ
ਬੁਰਕੇ 'ਚ ਨਾ ਇਸ ਨੂੰ ਪਹਿਚਾਣਨ
ਪਦਾਰਥ ਤਖ਼ਤ 'ਤੇ ਬੈਠਾ
ਆਪਣਾ ਹੁਕਮ ਚਲਾਵੇ
ਰਹਿਨੁਮਾਈ ਕਰੇ ਵਿਸ਼ਵ ਦੀ
ਗੁਲਾਮੀ ਪਿਆ ਉੱਗਾਵੇ
ਪਰਦੇ ਪਿਛਲਾ ਚਿਹਰਾ
ਲੋਕਾਂ ਨੂੰ ਨਜ਼ਰ ਨਾ ਆਵੇ

ਵਿਸ਼ਵ ਸਮਗਰੀ ਦਾ ਵਿਉਪਾਰ ਚਿੰਨ
ਹਰ ਥਾਂ ਪ੍ਰਗਟ
ਵਿਸ਼ਵ ਮੰਡੀ ਵਿੱਚ ਚਿੰਨ ਵੇਚਕੇ
ਹੱਕ ਪਰਾਇਆ ਖਾਵੇ
ਮਜ਼ਦੂਰ ਕਿਸਾਨ
ਇਸ ਦਾ ਪਾਣੀ ਭਰਦਾ ਹੀ ਮਰ ਜਾਵੇ
ਪੂੰਜੀਵਾਦ ਦਾ ਇਹ ਨਾਟਕ
ਲੋਕਾਂ ਨੂੰ ਸਮਝ ਨਾ ਆਵੇ।

−0−

ਮਨੁੱਖੀ ਕਾਰਜ ਕਰਮ ਗਤੀ
ਪਦਾਰਥ ਸੁੱਕਣੇ ਪਾਈ
ਮਨੁੱਖੀ ਚੇਤਨਾ ਅਤੇ ਜਗਿਆਸਾ
ਗਈ ਪੱਥਰਾਈ
ਧਰਤੀ ਤੋਂ ਅੰਬਰ ਤਕ
ਪਦਾਰਥ ਕਬਜ਼ਾ ਕੀਤਾ
ਸੂਝ ਚੇਤਨਾ ਤੇ ਜਗਿਆਸਾ
ਸਭ ਮੁਥਾਜ ਹੈ ਕੀਤਾ
ਪੱਥਰ ਕਰ ਮਨੁੱਖ ਪਦਾਰਥ
ਸਿੱਕਾ ਆਪਣਾ ਚਲਾਇਆ
ਵਿਉਪਾਰ ਚਿੰਨ ਦਾ ਦੀਵਾ
ਹਰ ਕੂਚੇ ਗਲੀ ਜਗਾਇਆ

−0−

# ਮੈਂ ਕਿੰਝ ਜੀਵਾਂ

ਮੈਂ ਕਿੰਝ ਜੀਵਾਂ ਤੇਰੇ ਬਿਨ
ਤੂੰ ਹੀ ਦਸ
ਹੁਣ ਜੀਣਾ ਰਿਹਾ ਨਾ
ਜੀਨਾ ਮੇਰੇ ਵਸ
ਤੂੰ ਹੀ ਦਸ
-0-
ਬਦਲ ਗਿਆ ਸਭ ਕੁੱਝ ਇੱਥੇ
ਬਦਲ ਗਿਆ ਘਰ ਬਾਹਰ
ਬਦਲ ਗਈ ਸਾਰੀ ਪ੍ਰਕਿਰਤੀ
ਬਦਲ ਗਿਆ ਸੰਸਾਰ
ਬਦਲ ਗਏ ਲੋਕ ਇੱਥੋਂ ਦੇ
ਬਦਲ ਗਿਆ ਸਭਿਆਚਾਰ
ਲੋਕਾਂ ਦਾ ਝੁਰਮਟ ਵਿਸ਼ਵ ਹੈ
ਨਹੀਂ ਦਿਸਦਾ ਕੋਈ ਇਨਸਾਨ
ਧਰਮ ਕਰਮ ਸਭ ਛੁੱਪ ਖਲੋਏ
ਕੂੜ ਫਿਰੇ ਪ੍ਰਧਾਨ
-0-
ਤਬਦੀਲੀ ਕੁਦਰਤ ਦਾ ਨੇਮ ਹੈ
ਹੈ ਵੀ ਬੜਾ ਜ਼ਰੂਰੀ
ਇਹ ਤਬਦੀਲੀ ਕਾਹਦੀ ਤਬਦੀਲੀ
ਜੋ ਸਿਰਜੇ ਮਨੁੱਖ ਤੋਂ ਮਨੁੱਖ ਦੀ ਦੂਰੀ
ਉਸ ਤਬਦੀਲੀ ਦਾ ਸੁੱਖ ਕਾਹਦਾ
ਜੋ ਮਨੁੱਖ ਅਨੁਕੂਲ ਨਾ ਹੋਵੇ
ਮੈਲੇ ਬਸਤਰ
ਪਹਿਨਣ ਲਈ ਦੇਵੇ
ਸੁਥ੍ਰੇ ਮਲ ਮਨ ਧੋਏ
ਜ਼ਿੰਦਗੀ ਦਾ ਇਹ ਜ਼ਹਿਰ ਪਿਆਲਾ

ਦਸ ਬੰਦਾ ਕਿੰਝ ਪੀਏ.
ਕੁਰਬਲ ਕੁਰਬਲ ਕਰਦੀ ਭੀੜ 'ਚ
ਦਸ ਬੰਦਾ ਕਿੰਝ ਜੀਏ!

-0-

ਮੈਂ ਕਿੰਝ ਜੀਵਾਂ ਬਿੰਨ ਤੇਰੇ
ਤੂੰ ਹੀ ਦਸ
ਹੁਣ ਜੀਣਾ ਰਿਹਾ ਨਾ
ਜੀਣਾ ਮੇਰੇ ਵਸ
ਤੂੰ ਹੀ ਦਸ

-0-

## ਇਕੱਲਾ ਰੁੱਖ

ਹਜ਼ੂਮ ਹੀ ਸੁਰ ਹੈ
ਵਾਹਰ ਹੀ ਸਾਜ
ਕਿੰਝ ਸੁਣਾ ਤੇਰੀ ਆਵਾਜ਼
ਖਲਕਤ ਹੈ ਅੰਦਰ ਭੀੜ ਹੈ ਬਾਹਰ
−0−
ਲੋਕਾਂ ਦੇ ਵਗ ਵਿਚ ਗੁਆਚ ਗਿਆ ਹੈ
ਤੇਰੀ ਚੁੱਪ ਦਾ ਬੋਲ
ਇਕੱਠ 'ਚ ਜਿਉਣਾ ਇਕੱਠ 'ਚ ਰਹਿਣਾ
ਭੀੜ ਬਿਨਾਂ ਕੁੱਝ ਨਹੀਂ ਕੋਲ
ਭੀੜ ਹੈ ਰੂਹ ਬੰਦਾ ਹੈ ਖੋਲ
−0−
ਬੜਾ ਚਾਹਿਆ ਸੀ
ਲੋਕਾਂ ਵਿਚ ਰਹਿ ਕੇ
ਲੋਕਾਂ ਜਿਹੇ ਨਾ ਹੋਈਏ
ਭੀੜ ਬਿਨਾਂ ਚਾਹੇ ਜੀਅ ਨਹੀਂ ਸਕਦੇ
ਭੀੜ ਤੋਂ ਵੱਖਰੋਂ ਮੋਈਐ
ਚਿਹਰੇ ਸੀ ਅੰਦਰੇ ਚਿਹਰੇ ਦੁਆਲੇ
ਜਰਬ ਸੀ ਧਰਤੀ ਜਰਬ ਸੀ ਅੰਬਰ
ਸਮਾਂ ਵੀ ਸੀ ਭੀੜ ਦੀ ਬੁੱਕਲ਼ ਮਾਰੇ
ਬੰਦੇ ਦੇ ਵਿਚਰਨ ਲਈ ਨਹੀਂ ਸਨ ਕੋਈ ਸਹਾਰੇ
ਆਖਿਰ ਜੰਗਲ ਵਿਚ ਜੰਗਲ ਹੋਇਆ
ਸਾਰੀ ਉਮਰ ਇਕੱਲਾ ਜੀਵਿਆ
ਅੰਤ ਭੀੜ ਵਿਚ ਮੋਇਆ
−0−

# ਆਪਣੀ ਛਾਂ

ਆਪਣੀ ਛਾਂਵੇ ਕਦੀ ਨਾ ਬੈਠੋ
ਆਪਣੇ ਆਪੇ ਸੰਗ
ਆਪਣਾ ਆਪਾ ਟੁਰਦਾ ਰੱਖੋ
ਪੱਥਰ ਬਣ ਕੇ ਕਦੀ ਨਾ ਜੀਵੋ
ਪੌਣਾਂ ਵਾਂਗ ਸਦਾ ਹੀ ਵਗੋ!

-0-

ਰੁਕ ਜਾਉਗੇ
ਤਾਂ ਰਹਿ ਜਾਉਗੇ ਸਮੇਂ ਤੋਂ ਪਿੱਛੇ
ਸਮੇਂ ਦਾ ਹਾਣੀ ਉਹ ਹੁੰਦਾ
ਜੋ ਲੋਕਾਂ ਤੋਂ ਵੱਖਰੇ ਦਿੱਸੇ
ਧੜ ਧੜਾਂ ਦੇ ਪਿੱਛੇ ਟੁਰਦੇ
ਨਵੇਂ ਰਾਹ ਨਾ ਕਦੀ ਸਿਰਜਦੇ
ਸਮੇਂ ਦੀ ਗਤੀ ਦੀ ਪਹਿਚਾਣ ਨਹੀਂ ਸਕਦੇ
ਹਨੇਰੇ ਦੇ ਆਦੀ ਹਨੇਰਾ ਜਿਉਂਦੇ
ਚਾਨਣ 'ਚ ਆਪਾ
ਆਪੇ 'ਚ ਚਾਨਣ ਉਤਾਰ ਨਹੀਂ ਸਕਦੇ
ਇਹ ਚੇਤਨ ਨਾ ਜਗਿਆਸੂ
ਅਕਲ ਰਤਾ ਨਾ ਤੋਲਾ ਮਾਸਾ ਨਾ ਪਾਸਕੂ
ਅਕਾਰ 'ਚ ਫੈਲੇ ਹਰ ਪਾਸੇ
ਦੁਨੀਅ ਵਿਚ ਇਨ੍ਹਾਂ ਦੇ ਵਾਸੇ
ਰੁੱਖ ਹੋਵੇ ਨਾ ਹੋਵੇ ਕੰਧਾਂ ਹੇਠ ਵੀ ਬਹਿ ਜਾਂਦੇ ਨੇ
ਕਿਸੇ ਜੋਗੇ ਵੀ ਨਹੀਂ ਇਹ ਹੁੰਦੇ
ਆਪਣੇ ਜੋਗੇ ਰਹਿ ਜਾਂਦੇ ਨੇ
ਇਨ੍ਹਾਂ ਦੇ ਆਪਣੇ ਪੈਰ
ਨਾ ਸਿਰ ਹੁੰਦਾ ਹੈ
ਇਨ੍ਹਾਂ ਦਾ ਬਸ ਇਕ ਪਿੜ ਹੁੰਦਾ ਹੈ
ਬੰਦੇ ਦੇ ਇਹ ਕੁੱਝ ਨਾ ਲਗਦੇ

ਬਸ ਆਪਣੇ ਪਿੜ ਵਿਚ ਹੀ ਜੀਂਦੇ ਮਰਦੇ

-0-

ਇਹ ਕੋਈ ਫੈਸਲਾ ਕਰ ਨਹੀਂ ਸਕਦੇ
ਆਪਣੀ ਖਾਤਿਰ ਵੀ ਸੀਸ ਤਲ਼ੀ 'ਤੇ ਧਰ ਨਹੀਂ ਸਕਦੇ
ਬਸ ਹਵਾ 'ਚੋਂ ਮੱਛੀਆਂ ਫੜਦੇ ਹਨ
ਰਹਿ ਜਾਂਦੇ ਹਨ ਖੜ੍ਹੇ ਕਿਨਾਰੇ
ਨਾ ਡੁੱਬਦੇ ਨਾ ਤਰਦੇ ਹਨ
ਇਸ ਲਈ
ਇਹ ਨਾ ਸੂਰਜ ਬਰਖਾ ਬੱਦਲ ਹਨ
ਇਹ ਪੱਥਰ ਦੇ ਪੱਥਰ ਹਨ

-0-

ਆਪਣੇ ਛਾਵੇਂ ਕਦੀ ਨਾ ਬੈਠੋ
ਆਪਣੇ ਆਪੇ ਸੰਗ
ਆਪਣਾ ਆਪਾ ਟੁਰਦਾ ਰੱਖੋ
ਪੱਥਰ ਬਣ ਕੇ ਕਦੀ ਨਾ ਜੀਵੋ
ਪੌਣਾਂ ਵਾਂਗੂੰ ਸਦਾ ਹੀ ਵਗੋ!

-0-

## ਵਿਪਰੀਤ ਸੋਚ

ਅਜੋਕੇ ਮਨੁੱਖ ਨੇ
ਸੱਚ ਸੁੰਦਰਤਾ ਕਲਿਆਣ ਦਾ
ਬੀਜ ਨਹੀਂ ਬੀਜਿਆ
ਖੇਤਾਂ 'ਚੋਂ ਨਹੀਂ ਅੰਨ ਉਗਾਇਆ
ਧਰਤੀ ਕੁੱਖੇ
ਬੀਜ ਬਰੂਦ ਦਾ ਪਾਇਆ
ਵਿਸ਼ਵ ਨੂੰ ਹੈ
ਸ਼ਮਸ਼ਾਨ ਬਣਾਇਆ
ਸਾਗਰ ਦਾ ਜਲ ਸੁੱਕਣੇ ਪਾ ਕੇ
ਜੰਗਲ ਧੁਖਣੇ ਲਾਇਆ

-0-

ਹੁਣ ਤਕ ਜੋ ਵੀ ਵਿਕਸਤ ਹੋਇਆ
ਮਨੁੱਖਤਾ ਦੇ ਉਹ ਵਿਪਰੀਤ
ਜ਼ਿੰਦਗੀ ਦਾ ਮਰਸੀਆ ਹੈ
ਨਾ ਜ਼ਿੰਦਗੀ ਦਾ ਗੀਤ
ਮਨੁੱਖ ਤੇ ਮਨੁੱਖ ਦੀ ਪ੍ਰਾਪਤੀ
ਜਦ ਕਾਠੀ ਪਾਉਂਦੀ ਹੈ
ਸੱਚ ਨੂੰ ਫ਼ਾਂਸੀ ਲਾਉਂਦੀ ਹੈ
ਇਹ ਸੋਚ ਹੀ
ਸੱਚ ਦਾ ਅੰਤ ਕਹਾਉਂਦੀ ਹੈ

-0-

ਪਦਾਰਥ ਨੇ
ਜ਼ਿੰਦਗੀ ਨੂੰ ਖੰਡਰ ਕੀਤਾ ਹੈ
ਫੁੱਲਾਂ ਦੇ ਪਿੰਡੇ ਲੂਹੇ ਹਨ
ਰੰਗਾਂ ਮਹਿਕਾਂ ਦਾ ਲਹੂ ਪੀਤਾ ਹੈ
ਅੱਖ ਦਾ ਅੱਥਰੂ
ਮਨੁੱਖ ਲਈ ਪਰਾਇਆ ਹੋਇਆ

ਲਹੂ ਦਾ ਰਿਸ਼ਤਾ ਪਾਣੀ ਹੋਇਆ
ਪਦਾਰਥ ਜਿਉਂਦਾ ਮਾਨਵ ਮੋਇਆ
ਜਦ ਛਾਂਅ ਹੀ ਰੁੱਖ ਨੂੰ ਖਾਹ ਜਾਂਦੀ ਹੈ
ਤਾਂ ਅੰਬਰ ਨੂੰ ਧਰਤੀ ਚੇਤੇ ਆ ਜਾਂਦੀ ਹੈ
ਧਰਤੀ ਦਾ ਅੱਥਰੂ
ਅੰਬਰ ਦੀ ਅੱਖ 'ਚ ਤਰਦਾ ਹੈ
ਏਤੀ ਮਾਰ ਪਈ ਕੁਰਲਾਣੇ ਦੀ ਅੱਗ 'ਚ
ਅੰਬਰ ਸੜਦਾ ਹੈ!

-0-

# ਧੱਬਿਆਂ ਦੀ ਭੀੜ

ਧਰਤੀ ’ਤੇ ਮਨੁੱਖ ਨਹੀਂ
ਦੇਹਾਂ ਦਾ ਖਮੀਰ ਹੈ
ਧੱਬਿਆਂ ਭਰੀ
ਵਿਸ਼ਵ ਦੀ ਤਸਵੀਰ ਹੈ!

–0–

ਰੁੱਖ ਨਦੀਆਂ ਦਰਿਆ ਨਹੀਂ
ਮੌਸਮ ਪੱਥਰ ਹਨ
ਕੂਲ੍ਹਾਂ ਨੂੰ ਵਗਣ ਦਾ ਚਾ ਨਹੀਂ
ਸੂਲ਼ਾਂ ਦੇ ਜੰਗਲ ਹਨ
ਲਹੂ ਮਾਸ ਜਿਹਾ ਕੁੱਝ ਨਹੀਂ
ਅਕਾਸ਼ਵਾਣੀ ਦੇ ਮੌਸਮ ਰੁੱਤਾਂ ਹਨ
ਸਿਰ ’ਤੇ ਕੋਈ ਵਾਲ਼ ਨਹੀਂ
ਗੁੱਤਾਂ ਹੀ ਗੁੱਤਾਂ ਹਨ
ਗੰਜੀ ਵਿਸ਼ਵ ਦੇ ਨੇਫੇ ’ਚ ਕੰਘੀਆਂ ਹਨ
ਕੋਈ ਅੰਗ ਸਬੂਤਾ ਨਹੀਂ
ਪੱਟ ਦੀਆਂ ਪੁਸ਼ਾਕਾਂ ਕਿੱਲੀ ਟੰਗੀਆਂ ਹਨ

–0–

ਤਿੱਤਲੀਆਂ ਭੰਵਰਿਆਂ ਦੀ
ਗੁਲਸ਼ਨ ਵਿਚ ਬਹਾਰ ਨਹੀਂ
ਕੁਦਰਤ ਦਾ ਚਿਹਰਾ ਨਹੀਂ
ਕਾਦਰ ਦੀ ਕੋਈ ਬਾਤ ਨਹੀਂ
ਸਾਗਰ ਸਹਿਰਾ ਹੋਏ ਹਨ
ਜੰਗਲ ਦੇ ਰੁੱਖ ਮੋਏ ਹਨ
ਪਸ਼ੂ ਪੰਛੀਆਂ ਦਾ ਝੁਰਮਟ ਨਹੀਂ ਹੈ
ਕਿਸੇ ਕੋਲ ਵੀ ਫੁਰਸਤ ਨਹੀਂ ਹੈ! –0–
ਜੋ ਕੁੱਝ ਵੀ ਨਜ਼ਰ ਹੈ ਆਉਂਦਾ
ਸੀਮਿੰਟ ਸਰੀਆ ਪੱਥਰ ਸ਼ੀਸ਼ਾ ਹੈ
ਸਭ ਪਦਾਰਥ ਦਾ ਪੀਠਾ ਹੈ

–0–

ਵਿਸ਼ਵ ਦੇ ਚਿਹਰੇ 'ਤੇ
ਜੀਵਨ ਨਿਖਾਰ ਨਹੀਂ ਹੈ
ਉਦਾਸੀ ਹੈ ਬਹਾਰ ਨਹੀਂ ਹੈ
ਕਿਤੇ ਕੁਰਾਨ ਦਾ ਕਤਲ ਹੈ
ਕਿਤੇ ਗ੍ਰੰਥ ਨੂੰ ਫਾਂਸੀ ਹੈ
ਕਿਤੇ ਮੰਡੀ ਵਿੱਚ ਜਿਸਮ ਵੇਚਣ ਲਈ
ਗੀਤਾ ਰਮਾਇਣ ਦੀ ਮੁਥਾਜੀ ਹੈ
ਤਾਸੀਰ ਜ਼ਮੀਰ ਹੀਣਾ ਸੰਸਾਰ ਹੈ
ਨਾ ਨੈਤਿਕਤਾ ਨਾ ਕਿਰਦਾਰ ਹੈ
ਸਿਰ ਦਾ ਧੜ ਨਹੀਂ
ਧੜ ਦਾ ਸਿਰ ਨਹੀਂ
ਨਾ ਕੋਈ ਮੰਜ਼ਿਲ ਨਾ ਕੋਈ ਰਾਹ ਹੈ
ਭਾਜੀ ਮੇਵਾ ਇਕੋ ਭਾਅ ਹੈ
ਜੀਵਨ ਸਸਤਾ ਹੈ
ਹਰ ਪਾਸੇ ਪਦਾਰਥ ਹੈ
ਮਨੁੱਖ ਲਈ ਬੰਦ ਹਰ ਰਾਸਤਾ ਹੈ
ਵਿਸ਼ਵ ਮੰਡੀ ਵਿਚ ਪਦਾਰਥਕ ਪ੍ਰਾਪਤੀਆਂ
ਵਹਿਸ਼ੀਆਂ ਵਾਂਗੂੰ ਸਜੀਆਂ ਹਨ
ਵਿਸ਼ਵ ਤਖ਼ਤ 'ਤੇ
ਗੁੰਡਿਆਂ ਦੀ ਹਕੂਮਤ ਹੈ
ਦਰਬਾਰੀ ਰੌਣਕਾਂ
ਹੁਕਰਾਂ ਤੇ ਰੰਡੀਆਂ ਹਨ
ਧਰਤ 'ਤੇ
ਮਨੁੱਖ ਨਹੀਂ ਦੇਹੀ ਦਾ ਖਮੀਰ ਹੈ
ਧੱਬਿਆਂ ਭਰੀ
ਵਿਸ਼ਵ ਦੀ ਤਸਵੀਰ ਹੈ।

-0-

# ਪੇਟ

ਵਿਸ਼ਵ ਜੀਵਨ ਭੁੱਖੀ ਸੋਚ ਹੈ
ਸਿਰ ਨਹੀਂ ਜਿਸਦਾ
ਹੋਸ਼ ਹੀ ਪੇਟ ਹੈ
ਪੇਟ ਹੀ ਹੋਸ਼ ਹੈ
−0−
ਢਿੱਡ ਦੀ ਖਾਤਿਰ
ਕੱਟਿਆਂ ਸਿਰਾਂ ਦਾ ਢੇਰ ਵਿਸ਼ਵ ਹੈ
ਫਿਰ ਵੀ ਭੁੱਖਾ ਪੇਟ ਵਿਸ਼ਵ ਹੈ
ਅਜੋਕਾ ਮਨੁੱਖ
ਜਦ ਆਪਣਾ ਚਿਹਰਾ ਤੱਕਦਾ ਹੈ
ਤਾਂ ਸ਼ੀਸ਼ਾ ਉਸ ਨੂੰ ਢਿੱਡ ਲੱਗਦਾ ਹੈ
ਪੇਟ ਦੀ ਖਾਤਿਰ ਲਹੂ ਦੇ ਰਿਸ਼ਤੇ
ਪਾਣੀ ਵਿੱਚ ਡੁੱਬ ਕੇ ਮਰ ਗਏ ਹਨ
ਪੰਛੀ ਜੰਗਲ ਛੱਡ ਗਏ ਹਨ
ਆਲ੍ਹਣਿਆਂ ਵਿਚ ਜਿਉਂਦੇ ਬੋਟਾਂ ਦੇ ਪਰ੍ਹਾਂ 'ਤੇ
ਲਿਖ ਕੇ ਦਾਣਾ ਧਰ ਗਏ ਹਨ
ਪੇਟ ਦੀ ਖਾਤਿਰ ਫ਼ਲ
ਰੁੱਖਾਂ ਤੋਂ ਵਸੇਵੇਂ ਦਾ ਭਾੜਾ ਲੈਂਦੇ ਹਨ
ਰੁੱਖ ਨੂੰ ਹੀ ਪਰਾਇਆ ਕਹਿੰਦੇ ਹਨ
−0−
ਢਿੱਡ ਦੀ ਖਾਤਿਰ
ਜੀਂਦੇ ਮਰਦੇ ਹਨ ਲੋਕ
ਨੌਹਾਂ ਤੋਂ ਮਾਸ ਅਲੱਗ ਹੁੰਦਾ ਹੈ
ਵਿਹੜੇ ਵਿੱਚ ਕੰਧਾਂ ਕਰਦੇ ਹਨ ਲੋਕ
ਦੇਹ ਦੇ ਟੋਟੇ ਹੁੰਦੇ ਹਨ
ਰਿਸ਼ਤੇ ਪੋਟੇ ਹੁੰਦੇ ਹਨ
ਪੇਟ ਦੀ ਖਾਤਿਰ ਬੰਦਾ
ਪਦਾਰਥ ਦੀ ਗੁਲਾਮੀ ਕਰਦਾ ਹੈ
ਬਿਨ ਮਰਜ਼ੀ ਦੀ ਚੌਂਕੀ ਭਰਦਾ ਹੈ

-0-

ਸੋਚ ਜਦ ਪੇਟ ਦਾ ਰੂਪ ਧਾਰਦੀ ਹੈ
ਆਪਣਾ ਸਿਰ ਹੀ ਕੱਪ ਉਤਾਰਦੀ ਹੈ
ਫਿਰ ਚੰਗੇ ਤੇ ਮਾੜੇ ਦੀ ਪਹਿਚਾਣ ਨਹੀਂ ਰਹਿੰਦੀ
ਬੰਦੇ ਤੇ ਸ਼ੈਤਾਨ ਦੀ
ਫਿਰ ਸਿਆਣ ਨਹੀਂ ਰਹਿੰਦੀ

ਲਾਲਚ

ਲਾਲਚ ਦਾ ਖੂਹ ਭਰਦਾ ਹੈ
ਭਰਿਆ ਵੀ ਖਾਲੀ ਲਗਦਾ ਹੈ!

-0-

## ਤੇਰਾ ਮੇਰਾ ਵਿਸ਼ਵ

ਸੂਰਜ ਵੀ ਪਦਾਰਥ ਹੋਇਆ
ਧੁੱਪ ਵੀ ਹੋਈ ਪਦਾਰਥ
ਆੜਤੀ ਵੀ ਹੈ ਪਦਾਰਥ
ਪਦਾਰਥ ਵੀ ਹੈ ਆੜਤ
ਵਿਸ਼ਵ ਮੰਡੀ ਹੈ ਪਦਾਰਥ
ਪਦਾਰਥ ਹੀ ਹੈ ਮੰਡੀ ਦੀ ਤਿਜ਼ਾਰਤ

−0−

ਮਰਜ਼ੀ ਦੇ ਬਜ਼ਾਰ ਤੇ ਮੰਡੀਆਂ
ਹਰ ਥਾਂ ਤੇ ਕੋਠੇ ਤੇ ਰੰਡੀਆਂ
ਹਰ ਵਸਤੂ ਦਾ ਮੁੱਲ ਪਦਾਰਥ
ਖਰੀਦੋ ਫਿਰੋਖਤ ਆਪ ਪਦਾਰਥ
ਊਰਜਾ ਇਵਜ਼ ਪਦਾਰਥ
ਪਦਾਰਥ ਹੀ ਮੰਨਫੀ ਜ਼ਮ੍ਹਾ ਹੈ
ਪਦਾਰਥ ਹੀ ਹਾਸਿਲ ਹੈ

−0−

ਇਕ ਘਰ ਚਾਨਣ
ਇਕ ਘਰ ਘੁੱਪ ਹਨੇਰਾ
ਇਕ ਵਿਹੜੇ ’ਚੋਂ ਦਿਨ ਨਹੀਂ ਢਲ਼ਦਾ
ਇਕ ਨਾ ਹੋਵੇ ਸਵੇਰਾ
ਇਕ ਰੁੱਖ ਦੇ ਦੋ ਟਾਹਣ ਹਨ
ਇਕ ਖਰਾ ਇਕ ਖੋਟਾ
ਇਕ ਕਪਲਾ ਗਾਂ ਜਿਹਾ ਹੈ
ਇਕ ਯਮਰਾਜ ਦਾ ਝੋਟਾ
ਇਹ ਵਿਸ਼ਵ ਪਦਾਰਥ ਦਾ ਹੈ
ਨਾ ਤੇਰਾ ਨਾ ਮੇਰਾ
ਮੇਰਾ ਵਿਸ਼ਵ ਹੈ ਮੇਰੇ ਵਰਗਾ
ਜਿਸ ਦਾ ਸਿਰ ਧੜ ਤੇਰੇ ਵਰਗਾ!

−0−

ਜਿਸਦਾ ਸੂਰਜ ਮੇਰਾ ਸੂਰਜ

ਜਿਸਦਾ ਸੂਰਜ ਤੇਰਾ ਸੂਰਜ
ਜਿਸ ਦੀ ਧੁੱਪ ਦਾ
ਹਰ ਵਿਹੜਾ ਮਾਲਕ
ਲਹੂ ਮਾਸ ਦਾ
ਜਿਸ ਵਿਚ ਹੈ ਤੇਜ਼ ਉਜਾਗਰ
ਹਰ ਗਲ਼ੀ ਕੂਚੇ ਨੂੰ
ਆਪਣੀ ਗੋਦ ਖਿਡਾਵੇ
ਤੱਤੀ ਵਾ ਜੇ ਕਿਸੇ ਨੂੰ ਲੱਗੇ
ਤਾਂ ਉਹ ਜੀਉਂਦਾ ਹੀ ਮਰ ਜਾਵੇ।
ਉਹ ਤੇਰਾ ਮੇਰਾ ਵਿਸ਼ਵ ਕਹਾਵੇ!

-0-

# ਵਿਹੜਾ

ਪਹਿਲਾਂ ਤਾਂ
ਤੇਰੇ ਮੇਰੇ ਵਿਚਕਾਰ
ਕੰਧ ਨਹੀਂ ਸੀ ਕੋਈ
ਤੂੰ ਵਿਹੜਾ ਸੈਂ ਮੈਂ ਵਿਹੜਾ ਸਾਂ
ਤੇਰੀ ਮੇਰੀ ਧਿਰ ਨਹੀਂ ਸੀ ਕੋਈ

-0-

ਇਹ ਕੰਧਾਂ
ਕਿੱਥੋਂ ਉੱਗ ਆਈਆਂ
ਨਾ ਤੂੰ ਸੱਦੀਆਂ
ਨਾ ਮੈਂ ਬੁਲਾਈਆਂ
ਤਖਤੋਂ ਟੁਰ ਧਰਤੀ ਤੇ ਆਈਆਂ
ਤੈਨੂੰ ਮੈਨੂੰ ਬਿੰਦੂਆਂ ਵਿਚ ਸਮੇਟਨ ਲਈ
ਘਰ ਦਾ ਸੱਚ ਹੋਂਦ ਸ਼ਨਾਖਤ ਮੇਟਣ ਲਈ

-0-

ਕੰਧਾਂ 'ਚੋਂ ਕੰਧਾਂ ਜਨਮੀਆਂ
ਤੂੰ ਮੈਂ ਕੰਧਾਂ ਹੋਏ
ਇਕ ਦੂਜੇ ਨੂੰ ਜੀਉਂਦੇ ਦਿੱਸੀਏ
ਪਰ ਅੰਦਰੋਂ ਮੋਏ ਹਾਂ
ਕੰਧਾਂ ਸਾਨੂੰ ਤੱਕ ਤੱਕ ਹੱਸਣ
ਸਾਡਾ ਕੰਧਾਂ ਬਾਝ ਨਾ ਕੋਏ
ਸਾਡੀ ਹੋਂਦ ਸ਼ਨਾਖਤ ਕੰਧਾਂ ਹੋਏ

-0-

ਵਿਸ਼ਵ ਦਾ ਵਿਹੜਾ
ਕੰਧਾਂ ਹੋਇਆ
ਲੋਕ ਨਜ਼ਰ ਨਾ ਆਵਣ
ਆਪਣੀਆਂ ਦੇਹਾਂ ਵਿੱਚ
ਆਪ ਚਿਣੇ ਗਏ ਕੰਧਾਂ ਲੋਕ ਕਹਾਵਣ
ਨਾ ਗਲੀ ਮੁਹੱਲਾ ਨਾ ਚੁੱਲ੍ਹਾ ਚੌਂਕਾ
ਨਾ ਰਿਸ਼ਤੇ ਸੱਚ ਹੰਢਾਵਣ

ਕੰਧਾਂ ਦੇ ਘਰ
ਕੰਧਾਂ ਹੀ ਆਵਣ ਜਾਵਣ
ਕੰਧਾਂ ਤਾਂ ਕੰਧਾਂ ਹੀ ਹੁੰਦੀਆਂ ਨੇ
ਕੰਧਾਂ ਦਾ ਕੀ ਜੀਣਾ
ਭੀੜ ਕੰਧਾਂ ਦੀ ਨਜ਼ਰੀਂ ਆਵੇ
ਨਾ ਕੋਈ ਜ਼ਿੰਦਗੀ
ਨਾ ਕੋਈ ਬੰਦਾ ਨਾ ਕੋਈ ਜਿਉਣ ਕਰੀਨਾ !

-0-

## ਫੇਸ ਬੁੱਕ

ਫੇਸ ਬੁੱਕ ਦੀ ਉਂਗਲੀ ਫੜ ਕੇ
ਏਕੇ ਅੱਗੇ ਸਿਫਰੇ ਧਰਦੇ
ਜਮ੍ਹਾਂ ਸਿਰਜਦੇ ਜਮ੍ਹਾਂ ਜਿਉਂਦੇ
ਜਮਾਂ ਵਿਚ ਹੀ ਖੋਹ ਗਏ ਲੋਕ
ਆਪਾ ਲੱਭਦੇ ਆਪ ਪਰਾਏ ਹੋ ਗਏ ਲੋਕ!

−0−

ਖਲਕਤ ਵਿੱਚ ਚਿਹਰਾ ਨਹੀਂ ਤੇਰਾ
ਜਾਣ ਪਹਿਚਾਣ ਦਾ ਕੋਈ ਨਹੀਂ ਤੇਰਾ
ਜਿਸ ਜੰਗਲ ਨੂੰ ਤੂੰ ਆਪਣਾ ਸਮਝੇ
ਉਸ ਜੰਗਲ ਵਿਚ ਰੁੱਖ ਨਹੀਂ ਤੇਰਾ
ਤੇਰਾ ਆਪਾ ਹੀ ਤੇਰਾ ਹੈ
ਤੇਰਾ ਵਿਚ ਜਿਸ ਦਾ ਡੇਰਾ ਹੈ
ਤੇਰਾ ਆਦਿ ਅੰਤ ਹੈ ਉਹ
ਉਸ ਬਿਨ ਦਸ ਤੇਰਾ ਕਿਹੜਾ ਹੈ

−0−

ਖਲਕਤ ਨਾ ਆਪਣਾ ਆਪ ਪਛਾਣੇ
ਕੀ ਹੈ ਕੌਣ ਹੈ ਕੁਝ ਨਾ ਜਾਣੈ
ਬੇਨਾਮ ਪਤੇ ’ਤੇ ਦੱਸ ਖਾਂ
ਕਦੀ ਕਿਸੇ ਦਾ ਖੱਤ ਸੁਨੇਹਾ ਆਇਆ
ਤਾਲ਼ੇ ਲਗੇ ਘਰ ਦਾ ਦਰਵਾਜ਼ਾ
ਕਦ ਕਿਸੇ ਖੜਕਾਇਆ!

−0−

ਤੈਨੂੰ ਭਾਲ ਸੀ ਆਪਣੇ ਆਪ ਦੀ
ਤੂੰ ਤਾਂ ਖੁਦ ਗੁਆਚਾ
ਲੋਕਾਂ ਦੇ ਵਗ ਵਿਚ ਰਲ਼ਿਆ
ਨਾ ਆਪਣਾ ਆਪ ਪਛਾਤਾ!

−0−

ਝੁੰਡ ਕਦੇ ਨਾ ਰਾਹ ਸਿਰਜਦਾ
ਨਾ ਸੰਕਲਪ ਨਾ ਮੰਜ਼ਿਲਾਂ

ਇਸ 'ਚੋਂ ਚਿਹਰਾ ਨਹੀਂ ਦਿਸਦਾ
ਇਹ ਦਰਪਣ ਹੈ ਗੰਧਲਾ
ਤਿਆਗ ਹੈ
ਆਪਣੀ ਭਾਲ ਅਤੇ ਵਿਸਥਾਰ ਦਾ ਰਾਹ
ਛੱਡ ਭੀੜਾਂ ਦਾ ਮੋਹ ਲਾਲਚ ਦਾ ਘੇਰਾ
ਤੇਰੇ ਬਿੰਦੂ ਵਿਚ ਵਿਸਥਾਰ ਪਿਆ ਹੈ ਤੇਰਾ
ਤੇਰੇ ਅੰਦਰ ਹੀ ਤੇਰਾ ਸੰਸਾਰ ਹੈ
ਜੋ ਤੇਰਾ ਹੈ ਜਿਸ ਦਾ ਤੂੰ ਹੈ
ਖਟ ਲੈ ਜਿਤਨਾ ਖਟ ਸਕਦਾ ਹੈ
ਤੂੰ ਹੀ ਤੂੰ ਦਾ ਜਸ ਤੂੰ ਹੈ!

-0-

## ਅਨੁਭਵ ਤੇ ਪੜਾਅ

ਜੇ ਤੇਰੇ ਪਰਾਂ ਨਾਲ
ਪੱਥਰ ਨਾ ਬੱਝੇ ਹੁੰਦੇ
ਤਾਂ ਤੂੰ ਕਿੱਥੋਂ ਤੀਕਣ ਉੱਡ ਸਕਦਾ ਸੈਂ
ਕਿੱਥੋਂ ਤਕ ਆਪਣਾ ਆਪਾ ਪੜ੍ਹ ਸਕਦਾ ਸੈਂ
ਕਿੱਥੋਂ ਤਕ
ਆਪਣੇ ਆਪ 'ਚ ਸੁੰਗੜ ਸਕਦਾ ਸੈਂ
ਕਿੱਥੋਂ ਤਕ ਆਪਣੇ ਆਪ ਦਾ ਹੋ ਸਕਦਾ ਸੈਂ
ਕਿੱਥੋਂ ਤਕ ਆਪਣੇ ਸਾਂਵੇ
ਆਪ ਖਲੋ ਸਕਦਾ ਸੈਂ

-0-

ਜੇ ਪਰਾਂ ਸੰਗ ਪੱਥਰ ਨਾ ਹੁੰਦੇ
ਤਾਂ ਮੈਂ ਧਰਤੀ ਅੰਬਰ ਦਾ
ਆਦਿ ਵੀ ਹੁੰਦਾ ਅੰਤ ਵੀ ਹੁੰਦਾ
ਸਮੇਂ ਦੇ ਦਿਸਹੱਦਿਆਂ 'ਤੇ
ਧਰਤੀ ਅੰਬਰ ਦਾ ਸੰਗਮ ਵੀ ਹੁੰਦਾ

-0-

ਆਪਾ ਆਪਣੇ ਆਪ ਵਿੱਚ ਹੈ
ਸਫ਼ਰ 'ਚ ਸਫ਼ਰ ਹੈ
ਸਫ਼ਰ ਦੇ ਆਗਾਜ਼ ਵਿਚ
ਹਰਫ਼ 'ਚ ਹਰਫ਼ ਹੈ
ਅਰਥ ਹਰਫ਼ ਲਿਬਾਸ ਵਿਚ ਹੈ
ਸਾਜ਼ 'ਚ ਸੁਰ ਹੈ ਸੁਰ ਵਿਚ ਸਾਜ਼ ਹੈ
ਹਰ ਚੀਜ਼ ਦਾ ਆਦਿ ਅੰਤ
ਉਸ ਦਾ ਆਪਣਾ ਹੀ ਪ੍ਰਵਾਜ਼ ਹੈ

-0-

ਹੁਣ ਤੂੰ ਕਿਸ ਰੁੱਤੇ
ਖੰਭਾਂ ਸੰਗ ਬੱਝੇ ਪੱਥਰ ਦੀ ਗਲ ਕੀਤੀ ਹੈ
ਮੇਰੀ ਹਯਾਤੀ
ਜਿਸ ਭਾਰ ਨਾਲ ਬੀਤੀ ਹੈ

ਅੱਜ
ਉਹ ਭਾਰ ਮੇਰਾ ਆਸਰਾ ਤੇ
ਸੁਰਖਸ਼ਾ ਹੈ
ਉਹ ਭਾਰ ਹੀ ਮੇਰੇ ਜੀਵਨ ਦਾ ਹੈ ਪੱਜ
ਉਹ ਭਾਰ ਹੀ ਮੇਰਾ ਹੈ ਹੱਜ
ਇਸ ਵਿਸ਼ਵ ਵਿਚ ਆਪਾ ਵੀ
ਭਾਰ ਹੋ ਗਿਆ
ਪ੍ਰਵਾਜ਼ ਦਾ ਸੁਫਨਾ
ਪਦਾਰਥਕ ਅੰਬਰ ਵਿਚ ਖੋਹ ਗਿਆ

-0-

ਜੇ ਮੇਰੇ ਪਰ੍ਹਾਂ ਨਾਲ
ਪੱਥਰ ਨਾ ਬੱਝੇ ਹੁੰਦੇ
ਤਾਂ ਮੈਂ ਇਥੋਂ ਤੀਕਣ ਉੱਡ ਸਕਦਾ ਸਾਂ
ਆਪਣੇ ਆਪ 'ਚ ਗੁੱਝ ਸਕਦਾ ਸਾਂ
ਆਪਣੇ ਤੀਕਣ ਪੁੱਜ ਸਕਦਾ ਸਾਂ!

-0-

## ਵਿਰੋਧਾਭਾਸ 'ਚੋਂ ਜਨਮੀ ਇਕਾਈ

ਉਹ ਦਰਪਣ ਨੂੰ
ਪਿੱਠ ਦੇ ਕੇ ਅੰਦਰ ਮੁੜਿਆ
ਬਾਹਰ ਆਇਆ ਤਾਂ
ਉਸ ਦੁਆਲੇ
ਪਿੱਠਾਂ ਦਾ ਜੰਗਲ ਉੱਗਾ ਸੀ
ਉਸ ਦੇ ਧੜ ਤੋਂ ਸਿਰ ਆਲੋਪ ਸੀ
ਦਰਪਣ ਸਾਂਵੇ ਉਹ ਕੁੱਝ ਹੋਰ ਸੀ
ਆਪਣੇ ਸਾਂਵੇਂ ਕੁੱਝ ਹੋਰ ਸੀ

-0-

ਉਸ ਲਈ ਨਦੀਆਂ ਦਰਿਆ
ਪੁੱਠੇ ਵਗਦੇ ਸਨ
ਉਸਨੂੰ ਰੁੱਖਾਂ ਦੇ ਸਿਰ
ਜੜ੍ਹਾਂ ਲੱਗਦੇ ਸਨ
ਉਸ ਦੇ ਘਰ ਦੀਆਂ ਕੰਧਾਂ 'ਤੇ
ਪਿੱਠਾਂ ਟੁਰਦੀਆਂ ਸਨ
ਘਰ ਦੀ ਛੱਤ 'ਤੇ ਵਿਹੜੇ 'ਚੋਂ
ਪਿੱਠਾਂ ਝਾਕਦੀਆਂ ਸਨ
ਉਸ ਨੂੰ ਪਿੱਠਾਂ ਸੁਣਦੀਆਂ
ਪਿੱਠਾਂ ਬੋਲਦੀਆਂ ਜਾਪਦੀਆਂ ਸਨ
ਉਹ ਪਿੱਠਾਂ 'ਚ ਇੰਝ ਗੁਆਚਾ
ਕਿ ਆਪਣੇ ਚਿਹਰੇ ਲਈ ਤਰਸ ਗਿਆ
ਪਹਿਲਾਂ ਦਰਪਣ ਨੂੰ ਪਿੱਠ ਦੇ ਮੁੜਿਆ ਸੀ
ਹੁਣ ਦਰਪਣ ਵਲ ਪਰਤ ਗਿਆ
ਦਰਪਣ 'ਚੋਂ ਵੀ
ਉਸਨੂੰ ਚਿਹਰਾ ਨਜ਼ਰ ਨਹੀਂ ਆਇਆ!
ਜੋ ਉਸ ਨੇ ਜੀਵਿਆ ਸੀ
ਦਰਪਣ ਨੇ ਉਹੀ ਉਸ ਨੂੰ ਵਿਖਾਇਆ

-0-

ਹਰ ਇਕ ਪਿੱਠ ਨੇ

ਉਸ ਦੇ ਨਖਸ਼ ਅੰਗ ਤੇ ਚਿਹਰਾ
ਆਪਣੇ ਆਪੇ 'ਚ ਉਤਾਰਿਆ
ਉਸ ਦੇ ਅਰਥ ਨੂੰ ਜੀਵਿਆ
ਉਸ ਦੁਆਲੇ ਕਿਨਾਰਿਆਂ ਵਾਂਗੂੰ
ਆਪਣਾ ਆਪਾ ਉਸਾਰਿਆ
ਜਿਸ ਦਰਪਣ ਨੂੰ
ਉਹ ਪਿੱਠ ਦੇ ਕੇ ਮੁੜਿਆ ਸੀ
ਉਸ ਨੇ ਉਸ ਦਾ ਸੱਚ
ਉਸ 'ਚ ਉਤਾਰਿਆ ਸੀ
ਹੁਣ ਉਹ ਦਰਪਣ 'ਚੋਂ
ਦਰਪਣ ਉਸ 'ਚੋਂ ਝਾਕਦਾ
ਦਰਪਣ ਨੂੰ ਪਿੱਠਾਂ
ਉਸਨੂੰ ਪਿੱਠਾਂ 'ਚੋਂ ਚਿਹਰਾ ਨਜ਼ਰੀਂ ਆਉਂਦਾ
ਦਰਪਣ ਦਾ ਸੱਚ ਉਸ ਦਾ ਸੱਚ
ਉਸ ਦਾ ਸੱਚ ਦਰਪਣ ਦਾ ਕਹਾਉਂਦਾ

-0-

ਉਹ ਪਿੱਠ ਸੰਗ ਦਰਪਣ ਤੋਂ
ਦਰਪਣ ਚਿਹਰੇ ਸੰਗ ਉਸ ਤੋਂ ਜੁਦਾ ਹੋਇਆ
ਜੁਦਾਈ 'ਚ
ਉਹ ਆਪਣੇ ਆਪ 'ਚ ਤਿੜਕਿਆ
ਵਭਿੰਨਤਾ ਨੂੰ ਇਕਾਈ ਦਾ
ਇਕਾਈ ਨੂੰ ਵਭਿੰਨਤਾ ਦਾ ਸੱਚ ਸਮਝੀਂ ਆਇਆ
ਚਿਹਰੇ ਨੇ ਦਰਪਣ
ਦਰਪਣ ਨੇ ਚਿਹਰਾ ਪਾਇਆ!

-0-

# ਪੈਰ ਨਹੀਂ ਹਨ

ਮੌਜਾ ਹੈ
ਪੈਰ ਨਹੀਂ ਹੈ
ਬੰਦੇ ਬਾਝੋਂ ਘਰ ਕਬਰਾਂ ਹਨ
ਪਿੰਡ ਨਹੀਂ ਹੈ ਸ਼ਹਿਰ ਨਹੀਂ ਹੈ
ਉਂਜ ਤਾਂ ਸਭ ਕੁੱਝ ਘੁੱਗ ਵਸਦਾ ਹੈ
ਬੰਦੇ ਦੀ ਪਰ ਖੈਰ ਨਹੀਂ ਹੈ

–0–

ਜਗ ਘੁੰਮਿਆ
ਸਭ ਚਿਹਰੇ ਤੱਕੇ
ਪਰ ਉਹ ਨਜ਼ਰ ਨਾ ਆਇਆ
ਲੋਕਾਂ ਲਈ ਉਹ ਕਦ ਦਾ ਟੁਰ ਗਿਆ
ਸਾਡੇ ਲਈ
ਸਾਡੀ ਦੇਹ ਵਿਚ ਜੀਂਦਾ ਉਸ ਦਾ ਸਾਇਆ

–0–

ਪਵਣ ਵਗੇ ਬੱਦਲ ਵਰਸੇ
ਨੈਣੀਂ ਨਦੀਆਂ ਤ੍ਰਿਹਾਈਆਂ
ਹਰੇ ਕਚੂਰ ਬਾਗਾਂ ਦੀਆਂ ਕੋਇਲਾਂ
ਸਾਡਾ ਦਰਦ ਵੰਡਾਵਣ ਆਈਆਂ
ਐਸਾ ਲੱਗੀਆਂ ਗਲ਼ ਪੀੜਾਂ ਦੇ
ਪਰਤ ਨਾ ਭਰੀ ਉਡਾਰੀ
ਕਬਰ 'ਤੇ ਬਲ਼ਦੇ ਦੀਵੇ ਦੀ
ਉਨ੍ਹਾਂ ਰਹਿੰਦੀ ਉਮਰ ਗੁਜ਼ਾਰੀ !

–0–

# ਧੂੰਆ

ਧੂੰਆ ਪਸਰਿਆ ਹੈ
ਦਿਸਹੱਦੇ ਤਕ
ਨਦੀਆਂ ਦਰਿਆ ਜੰਗਲ ਪਹਾੜ
ਸਹਿਰਾ ਸਾਗਰ
ਕੋਈ ਚਿਹਰਾ ਦਿਸਦਾ ਨਹੀਂ
ਕਿੱਥੇ ਉੱਡ ਗਈ ਹੈ
ਪਰ ਲਾ ਪ੍ਰਕ੍ਰਿਰਤੀ ਜ਼ਿੰਦਗੀ
ਕੋਈ ਰੁੱਖ ਮਨੁੱਖ ਦਿਸਦਾ ਨਹੀਂ

-0-

ਹਵਾ 'ਚੋਂ ਗਤੀ
ਜਲ 'ਚੋਂ ਸ਼ੀਤਲਤਾ ਆਲੋਪ ਹੈ
ਮੁਰਦਾ ਜ਼ਿੰਦਗੀ ਦਾ ਜੀਉਂਦਾ ਖੋਲ ਹੈ
ਚੁੱਪ 'ਚ ਚੁੱਪ ਤੈਰ ਰਹੀ ਹੈ
ਜ਼ਿੰਦਗੀ ਠਹਿਰ ਗਈ ਹੈ
ਕੁਦਰਤ 'ਚ ਕਾਦਰ
ਕਾਦਰ 'ਚ ਕੁਦਰਤ ਖਾਮੋਸ਼ ਹੈ
ਜੀਵਨ ਦੀ ਮਨੁੱਖ ਨੂੰ
ਮਨੁੱਖ ਨੂੰ ਜੀਵਨ ਦੀ ਨਾ ਹੋਸ਼ ਹੈ
ਮੁਰਦਿਆਂ ਦੀ ਭੀੜ ਹੈ
ਕਬਰਾਂ ਘਰ ਨੇ
ਚੌਂਕਾ ਚੁੱਲ੍ਹਾ ਕੋਈ ਨਹੀਂ
ਕਮਰਿਆਂ ਦੀਆਂ ਕੰਧਾਂ ਹੀ ਦਰ ਨੇ
ਪਦਾਰਥ ਦਾ ਵੱਸਣ ਹੈ
ਜੀਵਨ ਕੋਈ ਨਹੀਂ
ਜ਼ਿੰਦਗੀ ਦੀ ਲਾਸ਼ ਹੈ, ਜੀਵਤ ਕੋਈ ਨਹੀਂ

-0-

ਆਦਮੀ ਨੂੰ
ਆਪਣਾ ਵਿਸਥਾਰ ਹੀ ਖਾ ਗਿਆ
ਆਪਣੀਆਂ ਹੀ ਨੀਂਹਾਂ ਹੇਠ ਆ ਗਿਆ
ਆਪਣੀ ਹੀ ਗੁਲਾਮੀ ਜੀਆ ਰਿਹਾ ਹੈ

ਆਪਣੇ ਸੰਕਲਪ ਨੂੰ ਯਥਾਰਥ ਦੇ ਕੇ
ਪਦਾਰਥ ਦੀ ਚੱਕੀ ਪੀਹ ਰਿਹਾ ਹੈ
-0-
ਕੌਣ ਹਨੇਰੇ ਨੂੰ ਹਨੇਰਾ
ਚਾਨਣ ਨੂੰ ਚਾਨਣ ਕਹੇਗਾ
ਧੁੱਪਾਂ ਵਿਚ ਸੜਦਾ ਰੁੱਖ
ਕਦ ਆਪਣੀ ਛਾਵੇਂ ਬਹੇਗਾ
ਜਮੀਰ ਮਾਰ ਕੇ ਜੀਅ ਰਿਹਾ ਹੈ ਆਦਮੀ
ਜ਼ਿੰਦਗੀ 'ਚੋਂ ਗਿਰ ਗਿਆ
ਹੁਣ ਕੀ ਕਰੇਗਾ ਆਦਮੀ!
-0-
ਆਪਣਾ ਦੀਵਾ ਬੁਝਾਅ
ਜਦ ਆਪ ਹਨੇਰਾ ਕਰ ਲਿਆ
ਆਪਣਾ ਮੁਰਦਾ
ਆਪਣੇ ਹੀ ਮੋਢੀ ਧਰ ਲਿਆ
ਆਪਣੀਆਂ ਹੀ ਕੀਤੀਆਂ ਦੀਆਂ
ਚੱਟੀਆਂ ਭਰੇ ਹੁਣ ਆਦਮੀ
ਪਦਾਰਥ ਦੀ ਅੱਗ ਵਿਚ
ਧੁਖੇ ਹੁਣ ਆਦਮੀ!
-0-
ਬੁੱਤ ਹੋਏ ਲੋਕਾਂ ਨੂੰ
ਲਹੂ 'ਚ ਚਲਦੀ ਦੀ ਰੇਲ
ਆਪਣਾ ਸੱਚ ਦੱਸ ਰਹੀ ਹੈ
"ਪੱਥਰ 'ਚ ਗਤੀ ਧਰਦੇ ਰਹੋ
ਆਪ ਜੀਂਦੇ ਮਰਦੇ ਰਹੋ।"
ਸਟੇਸ਼ਨ 'ਤੇ ਕੋਈ ਸਾਬਤ ਚਿਹਰਾ ਨਹੀਂ
ਉਂਝ ਚਿਹਰੇ ਬੜੇ ਨੇ
ਜੀਂਦਿਆਂ ਦੇ ਘਰ ਹਨੇਰੇ
ਪਰ ਕਬਰੀਂ ਦੀਵੇ ਬੜੇ ਨੇ!
-0-

# ਮਨੁੱਖ ਤੇ ਗਮਲਾ

ਰੁੱਖਾਂ ਦਰਿਆਵਾਂ
ਪਹਾੜਾਂ ਨਦੀਆਂ ਸਹਿਰਾ ਸਾਗਰ ਦਾ
ਕੋਈ ਨਾਮ ਨਹੀਂ ਹੁੰਦਾ
ਕੋਈ ਧਰਮ ਨਹੀਂ ਹੁੰਦਾ
ਇਹ ਸੱਚ ਪ੍ਰਾਪਤੀ ਦਾ ਸੱਚ ਹੁੰਦੇ ਨੇ
ਇਨ੍ਹਾਂ ਪ੍ਰਤੀ ਕੋਈ ਭਰਮ ਨਹੀਂ ਹੁੰਦਾ
ਹੁੰਦੀ ਹੈ ਤਾਂ ਪਹਿਚਾਣ ਹੁੰਦੀ ਹੈ
ਸ਼ਨਾਖ਼ਤ ਜਾਂ ਸਿਆਣ ਹੁੰਦੀ ਹੈ

–0–

ਅਜੋਕੇ ਵਿਸ਼ਵ 'ਚ
ਮਨੁੱਖ ਦਾ ਨਾਮ ਨਿਸ਼ਾਨ ਨਾ ਕੋਈ
ਹੋਂਦ ਸ਼ਨਾਖ਼ਤ ਸਿਆਣ ਨਾ ਕੋਈ
ਸਿਰਨਾਵਾਂ ਪਤਾ ਸਥਾਨ ਨਾ ਕੋਈ
ਮਨੁੱਖ 'ਤੇ
ਮਨੁੱਖੀ ਸਿਰਜਣਾ ਦਾ ਅਧਿਕਾਰ ਹੈ
ਅਧਿਕਾਰ
ਪਹਿਚਾਣ ਨਹੀਂ ਕਬਜ਼ਾ ਹੁੰਦਾ ਹੈ
ਮਨੁੱਖ ਦਾ ਮਨੁੱਖ ਬਰਦਾ ਹੁੰਦਾ ਹੈ
ਮਨੁੱਖ ਤੇ ਮਨੁੱਖ
ਸਦੀਆਂ ਤੋਂ ਕਬਜ਼ਾ ਕਰਦਾ ਆ ਰਿਹਾ ਹੈ
ਜ਼ਿੰਦਗੀ ਵਿਚ ਕਬਰਾਂ ਧਰਦਾ ਆ ਰਿਹਾ ਹੈ

–0–

ਆਪਣੇ ਹੀ ਦਰਪਣ 'ਚੋਂ
ਮਨੁੱਖ ਨੇ ਕਦੀ ਵੀ
ਆਪਣਾ ਚਿਹਰਾ ਨਹੀਂ ਪੜ੍ਹਿਆ
ਕਦੀ ਵੀ ਮਨੁੱਖ
ਆਪਣੇ ਸਾਂਵੇ ਨਹੀਂ ਖੜ੍ਹਿਆ
ਕਦੀ ਵੀ ਮਨੁੱਖ
ਮਨੁੱਖ ਵਿਚਲੀ ਵਿੱਥ ਮੇਟ ਨਹੀਂ ਸਕਿਆ

ਬਸ ਆਪਣੇ ਆਪ 'ਚ ਕੰਧਾਂ ਉਸਾਰਦਾ
ਵਿਹੜੇ ਤੋਂ ਕਮਰਾ ਹੋਇਆ ਹੈ
ਕਦੀ ਕੁਦਰਤ ਦੀ ਗੋਦ ਸੀ ਘਰ ਮਨੁੱਖ ਦਾ
ਅੱਜ ਕੁਦਰਤ ਤੋਂ ਗਮਲਾ ਹੋਇਆ ਹੈ!

-0-

# ਪਦਾਰਥਕ ਮਹਿਮਾ

ਪਦਾਰਥਕ ਵਿਕਾਸ ਸਦਕਾ
ਸਿਫ਼ਰੇ ਨਜ਼ਰ ਆਉਂਦੇ
ਏਕਾ ਆਲੋਪ ਹੈ
ਪਦਾਰਥਕ ਯੁੱਗ ਦੀ ਇਹ ਮਹਿਮਾ ਹੈ
ਅਜੋਕੀ ਪੈਂਤੀ ਅੱਖ਼ਰੀ ਦਾ ਸ਼ਲੋਕ ਹੈ

−0−

ਦਸ਼ਰਥ ਦੇ ਬਚਨਾ ਦੀ ਮਾਰ ਹੇਠਾਂ
ਅਜੋਕਾ ਰਾਮ ਆਇਆ ਹੈ
ਬੁਰਾਈ ਤਖ਼ਤ ’ਤੇ ਬੈਠੀ ਹੈ
ਚੰਗਿਆਈ ਬਨਵਾਸ ਪਾਇਆ ਹੈ
ਦਸ਼ਰਥ ਦੀ ਕਾਮ ਤ੍ਰਿਪਤੀ ਦਾ ਮੁੱਲ
ਕੁਸ਼ਲਿਆ ਦੀ ਕੁੱਖ ਨੇ ਚੁਕਾਇਆ ਹੈ
ਸਮੇਂ ਦੀ ਬਾਲਮੀਕੀ ਚੇਤਨਾ ਨੇ
ਜੀਉਂਦਾ ਰਾਮ
ਪਦਾਰਥਕ ਅਯੁਧਿਆ ਦੀ
ਬਲੀ ਚੜ੍ਹਾਇਆ ਹੈ।

−0−

ਏਕੇ ਨਾਲ ਜੇ ਸਿਫਰਾ ਲਗਦਾ ਹੈ
ਤਾਂ ਇਕੇ ਦਾ ਮੁੱਲ ਘੱਟਦਾ ਹੈ
ਇਕਾਈ
ਜਦ ਜ਼ਰਬੀ ਜਾਂਦੀ ਹੈ
ਤਾਂ ਸਿਖਰ ਤੋਂ ਹੇਠਾਂ ਉਤਰਦੀ ਹੈ
ਜਿਉਂ ਕੁਦਰਤ
ਕਾਦਰ ਦੀ ਜਾਈ ਹੈ
ਕੁਦਰਤ ਸਿਖਰ ਨਹੀਂ
ਸਿਖਰ ਦੀ ਪ੍ਰਛਾਈ ਹੈ
ਅਜੋਕਾ ਮਨੁੱਖ
ਜੋ ਸਿਫਰਾ ਹੋਇਆ ਹੈ
ਏਕੇ ’ਚ ਜਿਉਂਦਾ ਸੀ

ਸਿਫਰੇ 'ਚ ਮੋਇਆ ਹੈ
ਆਪਣਾ ਆਪਾ ਖੋਹ ਬੈਠਾ ਹੈ
ਆਪਣੇ ਤੋਂ ਪਰਾਇਆ ਹੋ ਬੈਠਾ ਹੈ

–0–

# ਪਦਾਰਥਕ ਰੁੱਖ

ਮਨੁੱਖ ਨੇ ਸਾਗਰ ਦੀ ਥਾਂ
ਥਲ ਉਸਾਰਿਆ
ਜੰਗਲ ਜੜ੍ਹ ਤੋਂ ਉਖਾੜਿਆ
ਪੱਤਾ ਪੱਤਾ ਉਬਾਲਿਆ
ਜਿਸ ਦੀ ਯਾਦ ਦਾ ਦੀਵਾ
ਅਜੋਕੀ ਵਿਸ਼ਵ ਚੇਤਨਾ
ਉਸ ਦੀ ਕਬਰ ਦੀ ਥਾਂ
ਆਪਣੇ ਸਾਹਾਂ 'ਚ ਬਾਲ਼ਿਆ
-0-
ਹਨੇਰਿਆਂ ਦਾ ਸਾਗਰ
ਚਾਨਣ ਲਈ ਤਰਿਆ ਉਹ ਮਾਨਵ
ਹਨੇਰਿਆਂ ਤੁਫਾਨਾਂ 'ਚ
ਮਿਸ਼ਾਲਾਂ ਵਾਂਗ ਜਗਿਆ ਉਹ ਮਾਨਵ
ਅੰਬਰ ਦੇ ਸੂਰਜ ਦੀਆਂ ਰਾਤਾਂ ਨੂੰ
ਪੜਿਆ ਉਸ ਮਾਨਵ
ਵਿਸ਼ਵ ਦੇ ਨਿੱਘ ਲਈ
ਠਰਿਆ ਉਹ ਮਾਨਵ
-0-
ਜਿਸ ਹਨੇਰੇ 'ਚੋਂ ਉਹ ਬਾਹਰ ਆਇਆ ਸੀ
ਉਹ ਹਨੇਰਾ ਉਸ ਦੀ ਦੇਹ ਦਾ ਸਾਇਆ ਸੀ
ਮਨੁੱਖ ਨੂੰ ਆਪਣੇ ਚਾਨਣ 'ਚੋਂ ਹੀ
ਉਹ ਨਜ਼ਰ ਆਇਆ ਸੀ
ਮਨੁੱਖਤਾ ਦੇ ਲਹੂ ਦਾ ਵਿਸਥਾਰ ਸੀ ਉਹ
ਬਹਾਰ 'ਚ ਪਤਝੜ
ਪਤਝੜ 'ਚ ਬਹਾਰ ਸੀ ਉਹ
ਸਰੀਰਕ ਸੁੱਖਾਂ ਦੀ
ਉਸ ਨੂੰ ਪ੍ਰਾਪਤੀ ਤਾਂ ਹੋ ਗਈ
ਪਰ ਉਸ ਦੀ ਹੋਂਦ
ਸਰੀਰਕ ਸੁੱਖਾਂ 'ਚ ਖੋਹ ਗਈ

ਹੁਣ ਜਦ
ਉਹ ਆਪਣਾ ਆਪਾ ਤੱਕਦਾ ਹੈ
ਤਾਂ ਸਿਰਜੇ ਸੂਰਜ ਦੀ ਧਰਤੀ ਤੇ
ਬੁਝਾ ਚਿਰਾਗ ਲਗਦਾ ਹੈ
ਆਪਣੀ ਪਹਿਚਾਣ ਖੋਹ ਬੈਠਾ ਹੈ
ਆਪਣੀ ਰਚਨਾ ਦਾ ਚਿਹਰਾ ਨਹੀਂ
ਪਿੱਠ ਦੀ ਸਿਆਣ ਬੈਠਾ ਹੈ

–0–

ਜੇ ਮਨੁੱਖ ਹੀ ਨਹੀਂ
ਤਾਂ ਜੀਵਨ ਸੁੱਖ ਕਿਸ ਲਈ
ਪਦਾਰਥ ਰੁੱਖ ਦੀ ਛਾਂਅ ਧੁੱਪ ਕਿਸ ਲਈ
ਉਸ ਚਾਨਣ ਦਾ ਕੀ ਫਾਇਦਾ
ਜੋ ਹਨੇਰਿਆਂ ਦਾ ਤਲਬਾਗਰ ਹੈ
ਨਾ ਪਦਾਰਥਕ ਸੰਸਾਰ ਲਈ ਮਨੁੱਖ
ਨਾ ਮਨੁੱਖ ਲਈ ਪਦਾਰਥਕ ਸੰਸਾਰ ਹੈ
ਇਸ ਨਵ ਸੋਚ ਦਾ ਦੀਵਾ
ਅਜੋਕੀ ਵਿਸ਼ਵ ਚੇਤਨਾ ਦੇ ਮੱਥੇ 'ਚ ਜਗਦਾ ਹੈ
ਉਸ ਮਨੁੱਖ ਦੇ ਸੁਫ਼ਨੇ ਦਾ ਕਾਇਆ ਕਲਪ ਕਰਦਾ ਹੈ
ਮਨੁੱਖਤਾ ਅਨੁਕੂਲ ਵਿਸ਼ਵ
ਉਸ ਦੀ ਸਰਦਲ 'ਤੇ ਧਰਦਾ ਹੈ!

–0–

# ਗਤੀ ਤੇ ਪੱਥਰ

ਚਾਨਣ ਦੀ ਇੱਕ ਕਿਰਨ ਲਈ
ਹਨੇਰਾ ਸਦੀਆਂ ਦਾ ਹੰਢਾਇਆ
ਹਨੇਰੇ 'ਚੋਂ ਨਿਕਲੇ ਹਨੇਰਾ ਹੀ ਹੈ
ਅੱਗੇ ਆਇਆ!

–0–

ਚਾਹੁੰਦੇ ਸਾਂ
ਸੁਤੰਤਰ ਫਿਜ਼ਾ 'ਚ ਸਾਹ ਲੈਣਾ
ਆਪਣੀ ਛਾਵੇਂ ਆਪ ਬਹਿਣਾ
ਸੋਚਿਆ ਨਾ
ਜੀਵਨ ਵਿਕਾਸ ਲਈ
ਪਦਾਰਥ ਨੂੰ ਕਿਉਂ ਜੀਵਨ ਦਾ ਮੰਤਵ ਬਣਾਇਆ
ਮੁਥਾਜੀ ਦਾ ਜੰਗਲ
ਕਿਉਂ ਖੁਦ ਹੀ ਆਪਣੇ ਲਈ ਉੱਗਾਇਆ

–0–

ਜ਼ਿੰਦਗੀ 'ਚੋਂ ਸਰਬਤ ਦਾ ਭਲਾ
ਪਿਆਰ ਸਾਂਝੀਵਾਲਤਾ
ਪਰ ਲਾ ਕੇ ਉੱਡ ਗਏ
ਲਹੂ ਦੇ ਰਿਸ਼ਤੇ ਮੁੱਠੀ 'ਚੋਂ ਕਿਰ ਗਏ
ਫੱਟ ਗਏ ਅੰਬਰ ਨੂੰ ਟਾਕੀ ਕੌਣ ਲਾਵੇਗਾ
ਵੱਗ ਲੋਕਾਂ ਦੇ ਧਰਤੀ 'ਤੇ
ਬੰਦਾ ਕੱਦ ਨਜ਼ਰੀਂ ਆਵੇਗਾ
ਰੁੱਖਾਂ ਦਾ ਜੰਗਲ ਉਜਾੜ
ਸ਼ੀਸ਼ੇ ਦਾ ਜੰਗਲ ਉਗਾਇਆ ਅਸਾਂ
ਜਲ ਦਾ ਦਰਪਣ ਕੱਚ ਕੀਤਾ
ਧਰਤ ਦੀ ਹਰਆਉਲ ਨੂੰ
ਦਫ਼ਨਾਇਆ ਅਸਾਂ
ਪਦਾਰਥ ਨੂੰ ਕਲੀ ਕਰਦਾ ਮਾਨਵ
ਪਦਾਰਥ ਦਾ ਮੁਥਾਜ ਹੋ ਗਿਆ
ਉਜੜਿਆ ਮਾਨਵ

ਪਦਾਰਥ ਅਬਾਦ ਹੋ ਗਿਆ
ਫਾਡੀ ਰਹਿਣ ਦੀ ਨਮੋਸ਼ੀ ਸਹਾਰਦਾ
ਸਿਰ ਤੋਂ ਪੈਰਾਂ ਤੀਕਣ ਬਲ਼ ਗਿਆ ਆਦਮੀ
ਪਦਾਰਥ ਪੈਰੀਂ ਗਤੀਆਂ
ਜ਼ਿੰਦਗੀ ਪੈਰੀਂ ਪੱਥਰ ਧਰ ਗਿਆ ਆਦਮੀ !

-0-

# ਪੱਥਰ ਦਾ ਜੰਗਲ

ਜ਼ਿੰਦਗੀ 'ਚੋਂ
ਜ਼ਿੰਦਗੀ ਨੂੰ ਚੁਰਾਇਆ ਹੈ
ਉਖਾੜ ਕੇ ਅੰਬੀ ਦਾ ਬੂਟਾ ਵਿਹੜੇ 'ਚੋਂ
ਸਰੀਏ ਸੀਮਿੰਟ ਦਾ ਜੰਗਲ ਉਗਾਇਆ ਹੈ!

-0-

ਸਿਰ ਪੈਰ ਕੋਈ ਨਹੀਂ
ਸਰੀਏ ਸੀਮਿੰਟ ਦੇ ਜੰਗਲ 'ਚ
ਕਿਸੇ ਸ਼ਖਸ ਦਾ ਕੋਈ ਨਕਸ਼ ਨਹੀਂ
ਚੁੱਪ ਹੈ ਬੁੱਤਾਂ ਦੀ ਭੀੜ ਹੈ
ਕਿਤੇ ਕੋਈ ਕੁੱਝ ਵੀ ਜੀਵਤ ਨਹੀਂ

-0-

ਪਹਿਲਾਂ ਮਾਨਵ
ਮਿੱਟੀ ਦੇ ਘਰਾਂ ਦਾ ਵਾਸੀ ਸੀ
ਬੰਦੇ ਲਈ ਬੰਦੇ ਦੀ ਰੂਹ ਪਿਆਸੀ ਸੀ
ਸੱਚ, ਸੁੰਦਰਤਾ ਕਲਿਆਣ ਦਾ ਧਾਰਨੀ ਸੀ
ਮਨੁੱਖਤਾ ਦੀ ਪੀੜਾ
ਜੋ ਆਪਣੇ ਪਿੰਡੇ 'ਤੇ ਸਹਾਰਦਾ ਸੀ
ਜਿਸ ਨੇ ਹਰ ਚਿਹਰੇ 'ਤੋਂ
ਉਦਾਸੀ ਮਿਟਾਉਣੀ ਸੀ
ਸੱਚ ਦੀ ਪ੍ਰਾਪਤੀ ਲਈ
ਮਨੁੱਖਤਾ ਦੀ ਆਰਤੀ ਗਾਉਣੀ ਸੀ
ਜੋ ਜੀਵਨ ਦਾ ਸ਼ਦਾਈ ਸੀ
ਅਨੇਕਤਾ ਵਿੱਚ ਏਕਤਾ
ਜਿਸ ਦੀ ਰੁਸ਼ਨਾਈ ਸੀ
ਜਿਸ ਦੀ ਦੇਹ ਵਿੱਚ
ਬ੍ਰਹਿਮੰਡ ਦਾ ਵਸੇਰਾ ਸੀ
ਉਸ ਲਈ ਕੁੱਝ ਨਹੀਂ ਸੀ ਆਪਣਾ
ਸਭ ਤੇਰਾ ਹੀ ਤੇਰਾ ਸੀ
ਉਸ ਦਾ ਸਭ ਕੁੱਝ ਹੀ ਸਾਂਝਾ ਸੀ

ਉਹ ਇਸ ਵਿਸ਼ਵ ਹੀਰ ਦਾ ਰਾਂਝਾ ਸੀ
ਉਹ ਆਪਣੇ ਆਪ ਦਾ
ਆਪ ਮਾਲਿਕ ਸੀ
ਆਪਣੀ ਕਾਰਜ ਪ੍ਰਣਾਲੀ ਦਾ
ਆਪ ਚਾਲਕ ਸੀ
ਸਰਬਤ ਦੇ ਭਲੇ ਦਾ ਪੁਜਾਰੀ ਸੀ
ਵੰਡ ਛਕਣਾ
ਉਸ ਦੀ ਸਰਦਾਰੀ ਸੀ

–0–

ਉਹ ਖੁੱਲ੍ਹੀ ਧਰਤੀ
ਤੇ ਉਤਸ਼ਾਹ ਵਿਚ ਰਹਿੰਦਾ ਸੀ
ਰੁੱਖਾਂ ਨੂੰ ਆਪਣੇ ਪੁਰਖੇ ਕਹਿੰਦਾ ਸੀ
ਈਸ਼ਵਰੀਆ ਦਾ ਕਾਇਲ ਸੀ ਉਹ
ਆਪਣਾ ਆਪੇ ਦਾ ਮਾਲਿਕ ਸੀ ਉਹ
ਕੁਦਰਤ ਕਾਦਰ ਦੀ ਇਕਾਈ ਸੀ
ਪ੍ਰੇਮ ਦੀ ਜੋਤੀ
ਉਸ ਹਿਰਦੇ ਵਿਚ ਜਗਾਈ ਸੀ
ਉਹ ਰੁੱਖਾਂ ਦੀ ਛਾਂਅ ਵਰਗਾ ਸੀ
ਜੀਵ ਲਈ
ਕੁਦਰਤ ਮਾਂ ਵਰਗਾ ਸੀ
ਉਹ ਆਪਣੇ ਵਿਚ ਕੱਖ ਸਮਾਨ ਸੀ
ਇਨਸਾਨਾਂ ਵਿਚ ਇਨਸਾਨ ਸੀ
ਉਹ ਰੁੱਖਾਂ ਦੇ ਵਸੇਰੇ ਵਰਗਾ ਸੀ
ਉਹ ਜੋ ਚਾਹੁੰਦਾ ਉਹ ਕਰਦਾ ਸੀ
ਪਰ ਮਾਨਵਤਾ ਦਾ ਪਾਣੀ ਭਰਦਾ ਸੀ
ਉਹ ਸ਼ਹਿਨਸ਼ਾਹ ਹੁੰਦਿਆਂ ਵੀ
ਬਰਦਾ ਸੀ
ਉਹ ਐਸਾ ਚਿਰਾਗ ਸੀ
ਜੋ ਆਪਣੇ ਆਪੇ 'ਚ ਜਗਦਾ ਸੀ

–0–

ਉਸ ਨੂੰ ਮੋਇਆ

ਬੀਤ ਗਈਆਂ ਨੇ ਸਦੀਆਂ
ਉਸ ਨੂੰ ਹੋਇਆ
ਬੀਤ ਗਈਆਂ ਨੇ ਸਦੀਆਂ
ਹੁਣ ਜੋ ਹੈ
ਉਹ ਨਹੀਂ ਸਮਗਰੀ ਹੈ
ਉਹ ਮਾਨਵਤਾ ਦਾ ਮੰਦਿਰ ਸੀ
ਇਹ ਮੰਦਿਰ ਦੀ ਅਰਥੀ ਹੈ
ਉਹ ਆਪਣੇ ਆਪ 'ਚ ਇਬਾਦਤ ਸੀ
ਇਹ ਆਪਣੇ ਆਪ 'ਚ ਤਿਜਾਰਤ ਹੈ।
ਉਹ ਹਰਿਆ ਭਰਿਆ ਜੰਗਲ ਸੀ
ਇਹ ਸਰੀਏ ਸੀਮਿੰਟ ਤੇ ਬਜਰੀ ਦੀ ਇਮਾਰਤ ਹੈ

-0-

ਇਸ ਦੇ ਸਿਰ ਪਲਾਸਟਕ ਦਾ ਅੰਬਰ
ਪੈਰੀਂ ਮੋਮ ਦੀ ਧਰਤੀ
ਇਸ ਦੀ ਮੁੱਠ ਵਿੱਚ ਬ੍ਰਹਿਮੰਡ ਹਨ
ਅਕਾਸ਼ਾਂ ਪਤਾਲਾਂ ਦੀ ਹਸਤੀ ਹੈ
ਇਸ ਦੁਆਲੇ ਬਿਜਲਈ ਲੋਕ ਹਨ
ਜੋ ਨਾ ਵੇਖ ਨਾ ਸੁਣ ਸਕਦੇ ਹਨ
ਦੇਹੀ ਦੇ ਬੰਦ ਕਮਰੇ ਹਨ
ਜੋ ਕਦੀ ਨਾ ਖੁੱਲ੍ਹ ਸਕਦੇ ਹਨ
ਨਾ ਇਹ ਖੁੱਲ੍ਹ ਕੇ ਹੱਸ ਸਕਦੇ ਹਨ
ਨਾ ਜੀਅ ਭਰ ਕੇ ਰੋ ਸਕਦੇ ਹਨ
ਆਪਣੇ ਲਈ ਹੀ ਬੇਗਾਨੇ ਹਨ
ਇਹ ਕੀ ਕਿਸੇ ਦੇ ਹੋ ਸਕਦੇ ਹਨ

-0-

ਇਹ ਉਹ ਹਨ ਜੋ ਇਹ ਹਨ
ਇਨ੍ਹਾਂ ਜ਼ਿੰਦਗੀ 'ਚੋਂ
ਜ਼ਿੰਦਗੀ ਨੂੰ ਚੁਰਾਇਆ ਹੈ
ਉਖਾੜ ਕੇ ਜ਼ਿੰਦਗੀ ਦਾ ਰੁੱਖ ਵਿਹੜੇ 'ਚੋਂ
ਮੌਤ ਦਾ
ਸ਼ਾਹ ਮਿਆਨਾ ਲਾਇਆ ਹੈ

-0-

ਉਹ ਸ਼ੁੱਧ ਤੇ ਪਵਿੱਤਰ ਸੀ
ਯਥਾਰਥਕ ਸੱਚ ਤੋਂ ਜਨਮਿਆ ਚਰਿੱਤਰ ਸੀ
ਉਸ ਨੂੰ ਮੋਇਆ ਸਦੀਆਂ ਬੀਤ ਗਈਆਂ ਹਨ
ਉਸ ਦੀ ਕਬਰ 'ਚੋਂ
ਨਵੇਂ ਮੌਸਮ ਦੀਆਂ ਰੁੱਤਾਂ ਪੁੰਗਰ ਪਈਆਂ ਹਨ!

-0-

# ਚੜ੍ਹਿਆ ਸੀ

ਖਾਲੀ ਹੋਇਆ ਜੋ ਭਰਿਆ ਸੀ
ਡੁੱਬਾ ਹੈ ਜੋ ਚੜ੍ਹਿਆ ਸੀ
ਉਸ ਇੰਜ ਹੀ ਮਰਨਾ ਸੀ
ਲੱਕ ਦੁਆਲੇ ਬੰਨ੍ਹ ਪਦਾਰਥ
ਰੂਹ ਦਾ ਸਾਗਰ ਕਿਸ ਤਰਨਾ ਸੀ?

-0-

ਨਵੀਂ ਧਰਤੀ ਨਵਾਂ ਅੰਬਰ
ਉਸਾਰਿਆ ਉਸ ਨੇ
ਆਪਣਾ ਸੁਫ਼ਨਾ
ਨੈਣਾਂ ਵਿਹੜੇ ਉਤਾਰਿਆ ਉਸ ਨੇ
ਜ਼ਿੰਦਗੀ ਅਪਸਰਾ ਲਈ
ਜਿਸ ਸਮਗਰੀ ਨੂੰ ਉਸ ਗੋਇਆ
ਉਸ ਸਮਗਰੀ ਹੱਥੋਂ ਮੋਇਆ
ਸੋਈ ਸਮਗਰੀ
ਜੀਵਨ ਨਹੀਂ ਪਦਾਰਥ ਸੀ
ਦੇਹੀ ਲਈ ਸੁੱਖਾਂ ਦਾ ਸੋਮਾ ਸੀ
ਰੂਹ ਲਈ ਉਹ ਅਨਾਰਥ ਸੀ

-0-

ਪਦਾਰਥ ਦੇ ਤਲਾਅ 'ਚ
ਰੂਹ ਦਾ ਕੰਵਲ ਕਿੰਝ ਖਿੜ ਸਕਦਾ ਹੈ
ਪਦਾਰਥ ਸੋਚ ਦੇ ਅੰਬਰ ਤੋਂ
ਕਦ ਅੰਮ੍ਰਿਤ ਬਰਸ ਸਕਦਾ ਹੈ
ਰੂਹ ਤਾਂ ਸੁਤੰਤਰਤਾ ਦੀ ਪ੍ਰਤੀਕ ਹੈ
ਮੁਥਾਜੀ ਦਾ ਦੀਵਾ ਕਿੰਝ ਉਸ ਦੇ ਮੱਥੇ ਬਲ਼ ਸਕਦਾ ਹੈ
ਸੱਚ ਹੈ
ਮਨੁੱਖ ਨੇ ਆਪ ਹੀ
ਆਪਣੇ ਅੰਤ ਦਾ ਨਿਰਮਾਣ ਕੀਤਾ ਹੈ
ਸਰੀਰਕ ਸੁੱਖਾਂ ਲਈ
ਆਪਣੀ ਹੋਂਦ ਦੇ ਸੱਚ ਦਾ
ਅਪਮਾਨ ਕੀਤਾ ਹੈ!

-0-

# ਲੋੜ ਹੈ

ਲੋੜ ਹੈ
ਵਾਰਤਾਲਾਪ 'ਤੇ ਅਧਾਰਤ
ਭਰਪੂਰ ਜੀਵਨ ਸਿਰਜਣ ਦੀ
ਤਾਂ ਕਿ ਕੁਦਰਤ ਦੀ ਤਲੀਏ ਸਭਿਅਕ
ਸੂਰਜ ਚੰਨਾਂ ਤਾਰਿਆਂ ਦੀ
ਵੰਨ-ਸੁਵੰਨਤਾ ਧਰ ਸਕੀਏ
ਜ਼ਿੰਦਗੀ ਦੇ ਖਾਲੀਪਣ ਭਰ ਸਕੀਏ
ਮਰਨ ਤੋਂ ਪਹਿਲਾਂ
ਜ਼ਿੰਦਗੀ ਲਈ ਕੁੱਝ ਕਰ ਸਕੀਏ!

-0-

ਹਵਾ ਸੁਥਰੀ ਜਲ ਨਿਰਮਲ
ਜੰਗਲ ਹਰੇ ਕਰੀਏ
ਇਕ ਦੂਜੇ ਦੇ ਮੋਢਿਆਂ ਤੇ ਸਿਰ
ਸਿਰਾਂ 'ਤੇ ਹੱਥ ਧਰੀਏ
ਤਾਂ ਕਿ ਸਾਡੇ ਬੋਟ
ਸ਼ੁਧ ਵਾਤਾਵਰਣ 'ਚ ਸਾਹ ਭਰ ਸਕਣ
ਨਦੀਆਂ ਦਰਿਆਵਾਂ ਸਾਗਰਾਂ
ਰੁੱਖਾਂ ਦੇ ਗਲ ਲਗ ਸਕਣ
ਚਾ ਨਾਲ ਜੀਅ ਸਕਣ
ਖੁਸ਼ੀ ਨਾਲ ਮਰ ਸਕਣ

-0-

ਸਾਡੀ ਸਮੂਹਕ ਸੋਚ
ਜਦ ਇਕਾਈ ਰੂਪ ਸੀ
ਵਿਸ਼ਵ ਗੁਲਦਸਤੇ ਦੀ ਸ਼ਕਲ ਸੀ
ਮਹਿਕ ਸਰੂਪ ਸੀ
ਸਾਂਝਾ ਅੰਬਰ ਸਾਂਝੀ ਧਰਤੀ ਸੀ
ਸਿਕਸ਼ਤ ਰਹਿਤ
ਮਨੁੱਖਤਾ ਦੀ ਸ਼ਕਤੀ ਸੀ
ਇੱਕ ਕੁੱਕੜੀ ਦੇ ਖੰਭਾਂ ਹੇਠ

ਸਭ ਚੂਚੇ ਸਨ
ਸਭ ਦੇ ਸਾਂਝੇ ਘਰ ਵਿਹੜੇ
ਚੁੱਲ੍ਹੇ-ਚੌਂਕੇ ਗਲ਼ੀਆਂ ਤੇ ਕੂਚੇ ਸਨ
-0-
ਤਬਦੀਲੀ ਜ਼ਰੂਰੀ ਹੈ
ਮਨੁੱਖੀ ਜ਼ਿੰਦਗੀ ਲਈ ਕਸਤੂਰੀ ਹੈ
ਇਹ ਪਿਆਰ ਸਾਂਝੀਵਾਲਤਾ
ਸਹਾਨਭੂਤੀ ਦੀ ਊਰਜਾ ਹੈ
ਤਬਦੀਲੀ ਨਵੀਂ ਸੁਬ੍ਹਾ ਦਾ
ਨਵਾਂ ਸੂਰਜਾ ਹੈ
ਭੂਤ ਦਾ ਭਵਿੱਖ ਹੈ
ਵਰਤਮਾਨ ਦਾ ਵਿਸਥਾਰ ਹੈ
ਗੁਲਸ਼ਨ ਦਾ ਗੁਲਸ਼ਨ ਹੈ
ਪਤਝੜ ਦੀ ਬਹਾਰ ਹੈ
ਜੀਵਨ ਦਾ ਮਨੁੱਖਤਾ ਅਨਕੂਲ
ਦਾਰੋਮਦਾਰ ਹੈ
ਤਬਦੀਲੀ ਜੀਵਨ ਦਾ ਹਸ਼ਰ ਹੈ
ਆਗਾਜ਼ ਹੈ
ਤਬਦੀਲੀ ਜ਼ਰੂਰੀ ਹੈ
ਮਨੁੱਖੀ ਜ਼ਿੰਦਗੀ ਲਈ ਕਸਤੂਰੀ ਹੈ ।
-0-
ਅਸੀਂ ਵਿਸ਼ਵ ਗੁੰਬਦ ਦੀ
ਇਕੱਲੀ ਇਕੱਲੀ ਇੱਟ ਦੀ ਸਾਂਝੀ
ਸ਼ਕਤੀ ਹਾਂ
ਵਿਸ਼ਵ ਨੂਰ ਦੀ ਹਸਤੀ ਹਾਂ
ਇਕਾਈ 'ਚ ਵਿਭਿੰਨਤਾ
ਵਿਭਿੰਨਤਾ 'ਚ ਇਕਾਈ ਹਾਂ
ਅਸੀਂ ਵਿਸ਼ਵ ਸੋਚ ਦੀ
ਰੁਸ਼ਨਾਈ ਹਾਂ
ਏਕੇ ਤੋਂ ਬਿਨਾਂ ਨਾ ਕੋਈ ਦੂਸਰਾ ਹਾਂ
ਏਕੇ ਦੀ ਸਰਵਵਿਆਪਕ ਊਰਜਾ ਹਾਂ

ਵਿਭਿੰਨਤਾ ਸਾਡੀ ਸ਼ਨਾਖਤ ਦਾ
ਯਥਾਰਥ ਹੈ
ਇਬਾਰਤ ਹੀ ਇਕਾਈ ਹੈ
ਇਕਾਈ ਹੀ ਇਬਾਰਤ ਹੈ
ਸਾਡੀ ਪ੍ਰਸਪਰ ਪ੍ਰਭਾਵਸ਼ੀਲਤਾ
ਤੇ ਨਿਰਭਰਤਾ ਲਈ
ਵਿਭਿੰਨਤਾ ਅਤੀ ਜ਼ਰੂਰੀ ਹੈ
ਵਿਭਿੰਨਤਾ ਹੀ
ਸੱਚ ਸੁੰਦਰਤਾ ਕਲਿਆਣ ਦੀ
ਹਜ਼ੂਰੀ ਹੈ

-0-

ਵਿਭਿੰਨਤਾ ਦਾ ਸੱਚ ਜਾਨਣ ਲਈ
ਦੇਹ ਦੀ ਪ੍ਰਯੋਗਸ਼ਾਲਾ ਹੈ
ਵਿਭਿੰਨਤਾ ਦੇ ਸਿਮਰਨ ਧਿਆਨ ਲਈ
ਸਾਹਾਂ ਦੀ ਮਾਲਾ ਹੈ
ਜਿਸ ਰਾਹੀਂ ਵਿਭਿੰਨਤਾ ਨੂੰ
ਅਨੁਭਵ ਕਰ ਸਕਦੇ ਹਾਂ
ਇਸ ਸੱਚ ਦੀ ਜੋਤੀ
ਮਸਤਕ 'ਚ ਧਰ ਸਕਦੇ ਹਾਂ!
ਇਹ ਵਿਭਿੰਨਤਾ
ਜੋ ਜ਼ਰੇ ਜ਼ਰੇ 'ਚ ਸਮਾਈ ਹੈ
ਬ੍ਰਹਿਮੰਡਕ ਇਕਾਈ ਹੈ
ਅਸੀਂ ਦੇਹ ਨੂੰ ਰੂਹ ਤੋਂ ਜਦ ਉਤਾਰਾਂਗੇ
ਇਕਾਈ ਤੋਂ
ਵਿਭਿੰਨਤਾ ਦਾ ਸੱਚ ਜਾਣਾਗੇ।

-0-

ਫਿਰ ਰੰਗ ਨਸਲ ਜਾਤ ਦਾ
ਭਰਮ ਨਹੀਂ ਹੋਣਾ
ਆਦਮੀ ਦਾ
ਮਨੁੱਖਤਾ ਤੋਂ ਬਿਨਾਂ ਕੋਈ ਧਰਮ ਨਹੀਂ ਹੋਣਾ
ਵਿਭਿੰਨਤਾ

ਮੁਕੰਮਲ ਤੌਰ 'ਤੇ
ਸਪਸ਼ਟਤਾ ਤੇ ਸੱਚ ਬੋਲਣ ਦੇ
ਹੌਂਸਲੇ ਦੀ ਮੰਗ ਹੈ
ਇਹੀ ਅਜੋਕੇ ਸਮੇਂ ਦੀ ਲੋੜ ਹੈ
ਇਹੀ ਮਾਨਵਤਾ ਦੀ ਰੰਗ ਹੈ!

-0-

# ਮੈਂ ਨਹੀਂ ਚਾਹੁੰਦਾ

ਹਰ ਪਾਸੇ
ਤਕਸੀਮ ਜ਼ਰਬ ਹੈ
ਸੱਚ ਦੁਆਲੇ ਭਰਮ ਹੈ
ਮੈਂ ਕਿਸ ਪਾਸੇ ਜਾਵਾਂ
ਤੇਜ਼ ਹਵਾਵਾਂ ਵਿੱਚ
ਮੈਂ ਕਿੰਝ ਆਪਣਾ ਦੀਪ ਜਲਾਵਾਂ?

-0-

ਅੱਗੇ ਜਮ੍ਹਾ ਹੈ ਪਿੱਛੇ ਮਨਫ਼ੀ
ਸੱਜੇ ਮੌਤ ਤੇ ਖੱਬੇ ਜ਼ਿੰਦਗੀ
ਮੈਂ ਤਕਸੀਮਾਂ ਜ਼ਰਬਾਂ ਵਿੱਚ
ਕਿਉਂ ਆਪਣੀ ਹੋਂਦ ਗੁਆਵਾਂ?
ਮੈਂ ਆਪਣੇ ਹੀ ਸੰਗ
ਮਰਨਾ ਜੀਣਾ ਚਾਹਾਂ
ਮੈਂ ਤਕਸੀਮਾਂ ਜ਼ਰਬਾਂ ਹੋਣਾਂ
ਨਹੀਂ ਚਾਹੁੰਦਾ
ਆਪਣੇ ਆਪ 'ਚੋਂ ਆਪਾ ਮਨਫੀ ਕਰਕੇ
ਜਮ੍ਹਾ ਹੰਢਾਉਣਾ ਨਹੀਂ ਚਾਹੁੰਦਾ

-0-

ਮੈਂ ਜੇ ਜਮ੍ਹਾ ਹੁੰਦਾ ਹਾਂ
ਆਪਣੇ ਸੰਗ ਬੇਵਫ਼ਾ ਹੁੰਦਾ ਹਾਂ
ਆਪਣਾ ਆਪਾ ਕਿਸੇ ਹੋਰ 'ਚ ਧਰਕੇ
ਖੁਦ ਆਪੇ ਤੋਂ ਜੁਦਾ ਹੁੰਦਾ ਹਾਂ
ਜਿਸ ਵਿਚ ਮਿਲਦਾ ਹਾਂ
ਉਹੀ ਬਸ ਨਜ਼ਰ ਆਉਂਦਾ ਹੈ
ਜਮ੍ਹਾ ਹੋਣ ਵਾਲਾ ਜਮ੍ਹਾ ਹੋ ਕੇ
ਆਪਣੀ ਹੋਂਦ ਗੁਆਉਂਦਾ ਹੈ
ਜਿਉਂ ਜ਼ਰਾ
ਧਰਤੀ ਵਿਚ ਰਲ਼ ਕੇ
ਆਪਣੀ ਹਸਤੀ ਮਿਟਾਉਂਦਾ ਹੈ

ਧਰਤੀ ਨਜ਼ਰੀਂ ਆਉਂਦੀ ਹੈ
ਜ਼ਰਾ ਨਾ ਨਜ਼ਰੀਂ ਆਉਂਦਾ ਹੈ

-0-

ਜਮ੍ਹਾ ਹੋਣ ਤੋਂ ਪਹਿਲਾਂ ਮੈਂ ਸਵੈ ਸਾਂ
ਅੱਜ ਵਿਸ਼ਵ ਹਾਂ
ਬਿੰਦੂ ਤੋਂ ਦਾਇਰਾ ਹੋਇਆ ਹਾਂ
ਦਾਇਰੇ 'ਚੋਂ ਨਜ਼ਰ ਨਹੀਂ ਆਉਂਦਾ
ਬਿੰਦੂ ਵਿਚ ਵੀ ਮੋਇਆ ਹਾਂ
ਹਰ ਪਾਸੇ ਤਕਸੀਮ ਜ਼ਰਬ ਹੈ
ਮੈਂ ਕਿਸ ਪਾਸੇ ਜਾਵਾਂ?
ਤੇਜ਼ ਹਵਾਵਾਂ ਵਿਚ
ਮੈਂ ਕਿੰਝ ਆਪਣਾ ਦੀਪ ਜਲਾਵਾਂ?

-0-

# ਉਹ ਸੂਰਜ

ਉਹ ਸੂਰਜ
ਆਪਣੇ ਹੀ ਤਾਅ ਵਿਚ ਹੀ ਢਲ਼ਿਆ
ਉਦੈ ਹੋਣ ਤੋਂ
ਪਹਿਲਾਂ ਹੀ ਠਰਿਆ !

–0–

ਉਸ ਨੂੰ ਰੋਜ
ਉੱਚੇ ਤੋਂ ਉੱਚਾ ਉੱਠਣਾ ਤਾਂ
ਸਵੀਕਾਰ ਸੀ
ਰੋਜ ਰੋਜ ਡੁੱਬਣਾ ਦੁਸ਼ਵਾਰ ਸੀ
ਉਹ ਪੌਣਾਂ ਦਾ ਸ਼ਾਹਸਵਾਰ ਸੀ
ਆਇਤ ਨਹੀਂ
ਉਹ ਆਇਤਕਾਰ ਸੀ

–0–

ਉਸ ਸੱਤਾਂ ਸੁਰਾਂ ਨੂੰ
ਕੰਠ ਧਿਆਇਆ
ਸਾਜ ਸੁਰਾਂ ਦਾ ਉਂਗਲਾਂ 'ਤੇ ਨਿਚਾਇਆ
ਉਸ ਮੀਂਹ ਬਰਸਾਏ
ਪੱਥਰ ਪਿਘਲਾਇਆ
ਸਰਸਵਤੀ ਨੂੰ
ਧਰਤੀ 'ਚੋਂ ਪ੍ਰਗਟਾਇਆ
ਅੰਬਰ ਪੀਠਾ
ਨਿਰਤ ਕਰੇਂਦੇ ਨੈਣੀਂ
ਪਾਇਆ ਉਸ ਨੇ
ਅੰਬਰ 'ਚੋਂ ਧਰਤੀ
ਧਰਤੀ 'ਚੋਂ ਅੰਬਰ ਉੱਗਾਇਆ ਉਸ ਨੇ

–0–

ਉਹ ਸੀ ਤਲਵਾਰ ਧਾਰਦੀ
ਫਤਹਿ ਲਈ ਜੋ ਆਪਣਾ ਸਿਰ
ਵਾਰ-ਵਾਰ ਸੀ ਆਪ ਉਤਾਰਦੀ

ਉਹ ਆਪਣੀ
ਆਈ 'ਤੇ ਆਇਆ
ਜਲ 'ਚ ਪੱਥਰ ਤਾਰ ਦਿੰਦਾ ਸੀ
ਸਿਰ 'ਤੇ ਤਪਦਾ ਸੂਰਜ
ਪਤਾਵੇ ਹੇਠ ਉਤਾਰ ਦਿੰਦਾ ਸੀ
ਆਪਣੇ ਸੱਚ ਤੇ ਪੁਰਸ਼ਾਰਥ ਤੋਂ
ਉਜਾਗਰ ਸੀ ਉਹ
ਰੁੱਖਾਂ ਵਿਚ ਜੰਗਲ
ਬੂੰਦਾਂ ਦੇ ਵਿਚ ਸਾਗਰ ਸੀ ਉਹ

–0–

ਆਪਣਾ ਨਿੱਘ
ਜ਼ਿੰਦਗੀ ਦੇ ਠਰਦੇ ਅੰਗੀਂ
ਧਰ ਗਿਆ ਉਹ
ਉਦੈ ਹੋਣ ਤੋਂ ਪਹਿਲਾਂ ਹੀ
ਆਪਣੇ ਆਪ 'ਚ ਉਤਰ ਗਿਆ ਉਹ
ਜ਼ਿੰਦਗੀ ਦੀ ਖੇਡ ਖੇਡੀ
ਉਸ ਮੌਤ ਨੂੰ ਜਿੱਤ ਕੇ
ਤਹਿ ਕੀਤਾ
ਉਸ ਸਫ਼ਰ ਆਪਣਾ ਸਿਰ ਤਲ਼ੀ 'ਤੇ ਧਰ ਕੇ
ਉਸਦਾ ਆਦਿ ਸੀ
ਅੰਤ ਨਹੀਂ ਸੀ ਜਾਣਦਾ ਉਹ
ਆਪਣੀ ਜੋਤ ਪਹਿਚਾਣਦਾ ਸੀ ਉਹ

–0–

ਉਸਦੀ ਜੋਤ ਹੀ
ਉਸ ਦਾ ਚਾਨਣ ਸਿਦਕ ਦਲੇਰੀ ਸੀ
ਉਸਦੀ ਦੇਹ ਮੰਦਿਰ ਸੀ
ਨਾ ਮਿੱਟੀ ਦੀ ਢੇਰੀ ਸੀ
ਇਸ ਲਈ
ਉਹ ਮਰਕੇ ਵੀ ਜੀਂਦਾ ਹੈ
ਮੰਦਿਰ ਹੋਏ ਖੰਡਰ 'ਚੋਂ ਵੀ
ਦਿਸੀਂਦਾ ਹੈ

-0-

ਉਹ ਸੂਰਜ
ਆਪਣੇ ਤਾਅ ਵਿਚ ਹੀ ਢਲ਼ਿਆ
ਉਦੈ ਹੋਣ ਤੋਂ
ਪਹਿਲਾਂ ਹੀ ਠਰਿਆ

-0-

# ਮੈਂ ਵਰਤਮਾਨ

ਮੈਂ ਵਰਤਮਾਨ ਹਾਂ
ਕਿਸੇ ਫਲਸਫ਼ੇ ਦਾ ਮੁਥਾਜ ਨਹੀਂ
ਹੁਣ ਦੇ ਪਲ ਦਾ ਬੋਲ ਹਾਂ
ਬੀਤੇ ਦੀ ਆਵਾਜ਼ ਨਹੀਂ
ਅੱਜ ਹਾਂ ਮੈਂ
ਆਪੇ ਚਿਹਰਾ ਆਪੇ ਦਰਪਣ
ਆਪੇ ਆਪਣਾ ਹੱਜ ਹਾਂ ਮੈਂ

-0-

ਆਪੇ
ਆਪਣੀ ਦਿਸ਼ਾ ਪਰਵਾਜ਼ ਹਾਂ ਮੈਂ
ਆਪੇ ਕਹਿੰਦਾ ਆਪੇ ਸੁਣਦਾ
ਆਪੇ ਆਪਣਾ ਲੇਖਾ ਜੋਖਾ
ਮਨਫ਼ੀ ਜਮ੍ਹਾ ਹਿਸਾਬ ਹਾਂ ਮੈਂ
ਬੀਤੇ ਤੇ ਕਿਉਂ ਰਹਾਂ ਮੈਂ ਨਿਰਭਰ
ਜੋ ਮੇਰਾ ਹਾਣ ਨਹੀਂ
ਗਤੀ ਰਹਿਤ
ਜੋ ਮੇਰੀ ਗਤੀ ਪਹਿਚਾਣਦਾ ਨਹੀਂ
ਕਿਉਂ ਆਪਣਾ ਆਲ੍ਹਣਾ
ਉਸ ਰੁੱਖ 'ਤੇ ਪਾਵਾਂ
ਵਰਤਮਾਨ ਤੋਂ ਜੋ ਭੂਤ ਹੋਇਆ ਹੈ
ਰੂਹ ਤੋਂ ਬਿਨਾਂ ਕਲਬੂਤ ਹੋਇਆ ਹੈ
ਕਿੰਝ ਮੁਰਦੇ 'ਚੋਂ ਆਪਣਾ ਆਪ
ਜਗਾਵਾਂ?

-0-

ਕੋਈ ਵੀ ਦਰਸ਼ਨ
ਵਰਤਮਾਨ ਬਿਨਾਂ
ਵਰਤਮਾਨ ਦੀਆਂ ਦਿਸ਼ਾਵਾਂ
ਨਿਰਧਾਰਤ ਕਰ ਨਹੀਂ ਸਕਦਾ
ਵਰਤਮਾਨ ਦਾ ਅਨੁਭਵ ਜਗਿਆਸਾ

ਵਰਤਮਾਨ ਦੀ ਕੱਸਵਟੀ ਬਿਨਾਂ
ਪਰਖ ਨਹੀਂ ਸਕਦਾ।
-0-
ਵਰਤਮਾਨ
ਭੂਤ ਦੀ ਮਹਿਮਾ ਜਾਣਦਾ ਹੈ
ਭੂਤ ਵਰਤਮਾਨ ਦੀ ਮਹਿਮਾ
ਜਾਨਣ ਤੋਂ ਅਸਮਰਥ ਹੈ
ਭੂਤ ਲਈ ਵਰਤਮਾਨ ਅਕੱਥ ਹੈ!
-0-
ਬੀਤੇ ਲਈ
ਅੱਜ ਦੀ ਬਲੀ ਨਹੀਂ ਦਿੱਤੀ ਜਾ ਸਕਦੀ
ਹਵਾਵਾਂ ਦੀ ਤਲ਼ੀ 'ਤੇ ਜਗਦੀ ਜੋਤ
ਧਰੀ ਨਹੀਂ ਜਾ ਸਕਦੀ
ਅੱਜ ਨੇ ਨਵੀਂ ਪ੍ਰਵਾਜ਼
ਨਵੀਂ ਉੱਡਾਣ ਭਰਨੀ ਹੈ
ਨਵੀਆਂ ਦਿਸ਼ਾਵਾਂ ਦਿੱਸਹਦਿਆਂ ਦੀ
ਨਵੀਂ ਆਗਾਜ਼ ਕਰਨੀ ਹੈ
ਬੀਤੇ ਦੇ ਸ਼ਬਦਾਂ ਅਰਥਾਂ 'ਚੋਂ
ਕਦ ਅਜੋਕਾ ਅਨੁਭਵ ਉਦੈ ਹੁੰਦਾ ਹੈ
ਕਬਰਾਂ ਨੂੰ ਜ਼ਿੰਦਗੀ
ਮੁਰਦਿਆਂ ਨੂੰ ਜੀਵਨ ਦਾ ਕੀ ਪਤਾ ਹੁੰਦਾ ਹੈ
-0-
ਬੀਤੇ ਦੇ ਕਲਬੂਤ 'ਚ
ਬੀਤਿਆ ਹੀ ਫਸਲਫ਼ਾ ਹੁੰਦਾ ਹੈ
ਜੋ ਵਰਤਮਾਨ ਦਾ ਹਲ ਨਹੀਂ ਹੁੰਦਾ
ਵਰਤਮਾਨ ਦੀ ਖ਼ੁਸ਼ਬੂ ਨਹੀਂ ਹੁੰਦੀ
ਵਰਤਮਾਨ ਦਾ ਰੰਗ ਨਹੀਂ ਹੁੰਦਾ
ਵਰਤਮਾਨ ਭੂਤ ਜਨਮਦਾ
ਵਰਤਮਾਨ ਭਵਿੱਖ ਸੰਕਲਪਦਾ
-0-
ਅਜੋਕੇ ਮਨੁੱਖ ਨੇ

ਵਰਤਮਾਨ 'ਚੋਂ ਭੂਤ ਭਵਿੱਖ
ਨਿਚੋੜ ਦਿੱਤਾ ਹੈ
ਬੀਤੇ ਅਤੇ ਅਣਡਿੱਠੇ ਨਾਲੋਂ
ਆਪਣਾ ਨਾਤਾ ਤੋੜ ਲੀਤਾ ਹੈ
ਬੀਤੇ ਵਿਚ ਵਿਸ਼ਵਾਸ ਨਹੀਂ
ਭਵਿੱਖ ਦੇ ਵਿਚ ਵਾਸ ਨਹੀਂ
ਵਰਤਮਾਨ ਹੀ ਮਨੁੱਖ ਦੇ ਕੋਲ ਹੈ
ਵਰਤਮਾਨ ਹੀ ਮਨੁੱਖ ਦਾ ਬੋਲ ਹੈ
ਵਰਤਮਾਨ ਦਾ ਮਨੁੱਖ ਇਕ ਪਲ ਹੈ
ਆਪੇ ਚਿਹਰਾ ਆਪੇ ਦਰਪਣ
ਆਪੇ ਹੀ ਆਪਣਾ ਅੱਜ ਕੱਲ੍ਹ ਹੈ

-0-

## ਕੱਚ ਦੇ ਆਲ੍ਹਣੇ

ਸ਼ਹਿਰ ਪਲਾਸਟਕ ਦਾ ਜੰਗਲ ਹੈ
ਮੋਮ ਦਿਆਂ ਰੁੱਖਾਂ ਵਿਚ
ਕੱਚ ਦੇ ਪੰਛੀਆਂ ਦਾ ਵਸੇਰਾ ਹੈ
ਚਾਂਦੀ ਦੀਆਂ ਸੜਕਾਂ ਤਾਂਬੇ ਦੀ ਧਰਤੀ
ਸੋਨੇ ਦੇ ਸੂਰਜ ਦਾ
ਅੰਬਰ 'ਤੇ ਡੇਰਾ ਹੈ

-0-

ਚੰਨਾਂ ਤਾਰਿਆਂ ਦੀ ਓੜ੍ਹਨੀ
ਜਦ ਓੜ੍ਹਦਾ ਹੈ ਸ਼ਹਿਰ
ਚਾਂਦਨੀ ਰੰਗ ਦੀ ਭਾਸ਼ਾ ਬੋਲਦਾ ਹੈ ਸ਼ਹਿਰ
ਘੁੰਮ ਰਹੇ ਰੰਗ ਮੰਚ 'ਤੇ ਨੰਗੇਜ਼ ਦੀਆਂ
ਪਰਤਾਂ ਖੋਲ੍ਹਦਾ ਹੈ ਸ਼ਹਿਰ
ਕਾਮ ਦੀ ਆਗੋਸ਼ 'ਚ ਬੈਠਾ
ਪੌਣਾਂ 'ਚ ਕਾਮੀ ਮਹਿਕ ਘੋਲਦਾ ਹੈ ਸ਼ਹਿਰ

-0-

ਮਧੂਰਾ ਦੀ ਮੱਧਹੋਸ਼ੀ ਵਿਚ
ਸ਼ਹਿਰ ਔਰਤ ਮਰਦ ਦਾ
ਹਰ ਰਿਸ਼ਤਾ ਹੀ ਭੁੱਲ ਜਾਂਦਾ ਹੈ
ਜਵਾਨੀ ਦੇ ਨੰਗਣ ਅੰਗਾਂ 'ਤੇ ਡੁੱਲ੍ਹ ਜਾਂਦਾ ਹੈ
ਚਿੱਟੇ ਲਹੂ 'ਚ ਚਿੱਟਾ ਲਹੂ ਟੁਰਦਾ ਹੈ
ਪਿੰਡੇ ਵਿਚ ਪਿੰਡਾ ਘੁਲਦਾ ਹੈ
ਬੁਲ੍ਹਾਂ ਤੇ ਬੁਲ੍ਹ ਹੁੰਦੇ ਹਨ
ਹੱਡਾਂ 'ਚ ਹੱਡ ਖੁਰਦੇ ਹਨ
ਸਾਹਾਂ 'ਚ ਸਾਹ ਰਲ਼ਦੇ ਹਨ
ਸਭ ਚਾਂਦਨੀ ਦੀ ਬੁੱਕਲ਼ ਵਿੱਚ
ਸਿਮਟ ਜਾਂਦਾ ਹੈ
ਚਾਨਣ 'ਚ ਹਨੇਰਾ
ਹਨੇਰੇ 'ਚ ਚਾਨਣ ਉਤਰ ਜਾਂਦਾ ਹੈ

-0-

ਸੂਰਜ ਫਿਰ ਉਦੈ ਹੁੰਦਾ ਹੈ
ਦਿਨ ਨੂੰ ਰਾਤ ਦਾ ਚਾਅ ਹੁੰਦਾ ਹੈ
ਕੱਚ ਦੇ ਪੰਛੀ
ਰਾਤ ਦੀ ਬੁੱਕਲ 'ਚ ਗੁਆਚਾ
ਆਪਣਾ ਆਪਾ ਲੱਭਦੇ ਹਨ
ਇਕ ਦੂਜੇ ਨੂੰ ਮਿਲਦੇ ਹਨ
ਖੁਸ਼ੀ ਦਾ ਇਜ਼ਹਾਰ ਕਰਦੇ ਹਨ
ਇਕ ਦੂਜੇ ਦੀ ਤਲ਼ੀ 'ਤੇ
ਆਪਣੇ ਆਪਣੇ ਚੁੰਮਣ ਧਰਦੇ ਹਨ
ਫਿਰ ਮਿਲਣ ਦਾ ਵਾਅਦਾ ਕਰਦੇ ਹਨ
ਸ਼ਹਿਰ 'ਚ ਸੂਰਜ ਰੋਜ
ਇੰਜ ਹੀ ਡੁੱਬਦਾ ਤੇ ਚੜ੍ਹਦਾ ਹੈ
ਦਿਨ 'ਚ ਢੱਕਿਆ
ਰਾਤ ਨੂੰ ਨੰਗਾ ਚੰਗਾ ਲੱਗਦਾ ਹੈ।

-0-

# ਨਗਰੀ

ਸ਼ੀਸ਼ੇ ਦੀ ਨਗਰੀ ਹੈ
ਪੱਥਰ ਦੇ ਹੱਥਾਂ 'ਚ ਲੋਕ ਹਨ
ਨਿਸ਼ਾਨੇ ਲਈ
ਲੋਕਾਂ ਆਪਣੇ ਹੀ ਸਿਰ
ਮੋਢੀਂ ਧਰੇ ਹਨ
ਆਪਣੇ ਕੱਚ ਦੇ ਘਰਾਂ ਦੇ
ਬਾਹਰ ਖੜ੍ਹੇ ਹਨ

−0−

ਹਰ ਪੱਥਰ ਨੇ
ਆਪਣੇ ਹੱਥ 'ਚ ਫੜੇ ਸਖਸ਼ ਨੂੰ
ਜਦ ਪਹਿਚਾਨਿਆ
ਤਾਂ ਸ਼ੀਸ਼ੇ ਦੇ ਘਰਾਂ ਦਾ ਸੱਚ ਜਾਨਿਆ
ਪੱਥਰ ਨੇ ਆਪਣਾ ਮੱਥਾ
ਬੰਦੇ 'ਚ ਮਾਰਿਆ
ਤੇ ਟੁਕੜੇ ਟੁਕੜੇ ਹੋ ਗਿਆ
ਹਰ ਟੁਕੜਾ ਆਦਮੀ ਦਾ ਸੱਚ ਹੋ ਕੇ
ਆਦਮੀ ਸਾਹਵੇਂ ਖਲੋ ਗਿਆ
ਆਦਮੀ ਦੇ ਹੱਥ 'ਚ ਜੀਉਂਦਾ ਰਿਹਾ
ਆਪਣੇ ਹੱਥ 'ਚ ਆਦਮੀ ਤੱਕਿਆ
ਤਾਂ ਪੂਰਾ ਹੋ ਗਿਆ।

−0−

ਸੜਕਾਂ ਬਜ਼ਾਰਾਂ 'ਚ
ਮੁਰਦਿਆਂ ਦੀ ਭੀੜ ਹੈ
ਨਾ ਮਹਿਕ ਹੈ ਨਾ ਤਾਜ਼ਗੀ
ਜ਼ਿੰਦਗੀ ਦਿਲਗੀਰ ਹੈ
ਨਾ ਜੀਣ ਦੀ ਅਦਾ ਹੈ
ਨਾ ਜ਼ਿੰਦਗੀ ਨੂੰ ਜ਼ਿੰਦਗੀ ਦਾ ਚਾਅ ਹੈ।

−0−

ਗਰਮ ਹਵਾਵਾਂ ਨੇ ਚਲਦੀਆਂ

ਨਗਰੀ ਦੀ ਰੇਤ 'ਚ
ਮੋਈਆਂ ਮੱਛੀਆਂ ਨੇ ਤਰਦੀਆਂ
ਕਹਿਣ ਨੂੰ ਨਗਰੀ 'ਚ
ਕੱਚ ਦੇ ਗੁੱਡਿਆਂ
ਗੁੱਡੀਆਂ ਦੀ ਅਜ਼ਾਦੀ ਹੈ
ਮਨੁੱਖੀ ਬਲ਼ ਰਹੇ ਸਿਵਿਆਂ ਦਾ
ਧੂੰਆਂ ਹੈ
ਕੱਚ ਦੇ ਘਰਾਂ 'ਚ
ਮੁਰਦਾ ਮਿੱਟੀ ਦੀ ਆਬਾਦੀ ਹੈ

–0–

# ਦੌੜ

ਜ਼ਿੰਦਗੀ 'ਚ
ਇੰਨਾ ਵੀ ਕੀ ਦੌੜਨਾ
ਕਿ ਆਦਮੀ
ਆਪਣੇ ਆਦਿ 'ਚ ਪਰਤ ਜਾਏ
ਆਦਮੀ 'ਚੋਂ ਜ਼ਿੰਦਗੀ
ਜ਼ਿੰਦਗੀ 'ਚੋਂ ਆਦਮੀ ਨਜ਼ਰ ਨਾ ਆਏ

−0−

ਬੀਜ ਦੀ ਇਕੱਲਤਾ
ਇਕ ਸਜ਼ਾ ਹੈ
ਜਿੱਥੇ ਧਰਤ ਅਕਾਸ਼ ਅੱਗਣ
ਜਲ ਨਾ ਹਵਾ ਹੈ
ਇਹ ਜ਼ਿੰਦਗੀ ਦੀ ਪਿੱਠ ਹੈ
ਚਿਹਰਾ ਨਹੀਂ
ਤਰਸਦਾ ਹੈ ਆਦਮੀ
ਜਿੱਥੇ ਆਪਣੇ ਹੀ ਸਾਏ ਲਈ
ਆਦਮੀ ਨੂੰ ਆਦਮੀ
ਸਾਏ ਨੂੰ ਸਾਇਆ ਦਿਸਦਾ ਨਹੀਂ

−0−

ਜ਼ਿੰਦਗੀ 'ਚ
ਇੰਨ੍ਹਾ ਵੀ ਕੀ ਦੌੜਨਾ
ਕਿ ਆਦਮੀ
ਆਪਣੇ ਆਦਿ 'ਚ ਪਰਤ ਜਾਏ
ਆਦਮੀ 'ਚੋਂ ਜ਼ਿੰਦਗੀ
ਜ਼ਿੰਦਗੀ 'ਚੋ ਆਦਮੀ ਸੁੰਗੜ ਜਾਏ !

−0−

# ਪਿਆਸੀ ਅਗਤੀ

ਪੱਥਰ ਗਤੀ ਨੂੰ ਭਾਲ਼ਦਾ
ਹਵਾ ਪਿੱਛੇ ਦੌੜਦਾ ਭੁਰ ਗਿਆ
ਆਪਣੇ ਤੋਂ ਇੰਨੀ ਦੂਰ ਨਿਕਲ ਗਿਆ
ਪਰਤ ਕੇ ਆਉਣਾ ਤਾਂ ਵਖਰੀ ਗਲ ਸੀ
ਪਹੁੰਚਿਆ ਜਿੱਥੇ ਨਾ ਉੱਥੇ ਆਪ ਸੀ
ਨਾ ਧਰਤ ਨਾ ਆਕਾਸ਼ ਸੀ

–0–

ਪੱਥਰ
ਪੱਥਰ ਨਾ ਰਿਹਾ ਭਟਕਣ ਹੋ ਗਿਆ
ਆਪਣਾ ਭਰਮ
ਸਾਏ ਦਾ ਸੱਚ ਹੋ ਗਿਆ
ਭਰਮ ਹੋਏ ਨੇ ਸੋਚਿਆ
ਪੱਥਰ ਹੀ ਚੰਗਾ ਸਾਂ
ਆਪਣੇ ਸੱਚ ਆਪਣੀ ਚੁੱਪ ਕੋਲ ਸਾਂ
ਚੁੱਪ ਟੁੱਟੀ
ਨਾ ਚੁੱਪ ਰਹੀ ਨਾ ਬੋਲ ਰਿਹਾ
ਨਾ ਗਤੀ ਹੀ ਹੋ ਸਕਿਆ
ਨਾ ਆਪਣੇ ਹੀ ਕੋਲ ਰਿਹਾ

–0–

ਆਪਣੇ ਆਪ ਦੀ ਛਾਂ ਹੇਠ
ਬਹਿਣਾ ਹੀ ਆਪਣਾ ਸੱਚ ਹੈ
ਆਪਣੇ ਆਪ ਨਾਲ ਰਹਿਣਾ ਹੀ
ਆਪਣਾ ਸੱਚ ਹੈ
ਆਪਣੇ ਆਪ ਨੂੰ ਸੁਣਨਾ ਤੇ ਕਹਿਣਾ ਹੀ
ਆਪਣਾ ਸੱਚ ਹੈ
ਪਰਾਏ ਦੀ ਛਾਂ ਹੇਠ ਬਹਿਣਾ
ਭਰਮ ਹੈ
ਆਪਣੇ ਆਪ ਤੋਂ ਅਲੱਗ ਰਹਿਣਾ
ਭਰਮ ਹੈ

ਪੱਥਰ ਦਾ ਪੱਥਰ ਹੋਣਾ ਵਰ ਹੈ
ਪੱਥਰ ਦਾ ਗਤੀ ਹੋਣਾ ਭਰਮ ਹੈ

−0−

ਅਗਤੀ ਦੀ
ਜਦ ਹੱਦ ਗੁਜ਼ਰਦੀ ਹੈ
ਅਗਤੀ ਚੋਂ ਗਤੀ ਪੁੰਗਰਦੀ ਹੈ
ਮੌਤ 'ਚੋਂ ਜ਼ਿੰਦਗੀ
ਬੀਜ 'ਚੋਂ ਜੜ੍ਹ ਨਿਕਲਦੀ ਹੈ
ਅਗਤੀ ਦੀ ਹੱਦ ਤਕ ਜਾਣਾ
ਗਤੀ ਦਾ ਸੱਚ ਹੈ ਪਾਉਣਾ
ਗਤੀ ਦੀ ਕੁੱਖ ਦਾ ਅਹਿਸਾਸ
ਅਗਤੀ ਹੈ
ਗਤੀ ਦਾ ਵਾਸ ਅਗਤੀ ਹੈ
ਜ਼ਿੰਦਗੀ ਜਦ ਸਫ਼ਰ ਕਰਦੀ ਹੈ
ਗਤੀ 'ਚ ਅਗਤੀ ਚਲਦੀ ਹੈ!

−0−

# ਸੂਰਜ ਦਾ ਅਕਸ

ਹਨੇਰਿਆਂ 'ਚ ਬਲ਼ਦਾ ਸੀ ਉਹ
ਕੰਡਿਆਂ 'ਚ ਦਗਦਾ ਸੀ ਉਹ
ਉਸ ਦਾ ਆਪਣਾ ਜਲਾਲ ਸੀ
ਨੂਰ 'ਚ ਭਿੱਜਾ ਉਹ ਕਾਲਾ ਗੁਲਾਬ ਸੀ

-0-

ਆਪਣੀ ਛਾਂ ਤਿਆਗ
ਜੀਅ ਰਿਹਾ ਸੀ ਉਹ
ਥਲ ਦੀ ਤਪਸ਼ ਸੂਰਜਾਂ ਦੀ ਅੱਗ
ਪੀਅ ਰਿਹਾ ਸੀ ਉਹ
ਜਿਗਰ ਦੇ ਜ਼ਖ਼ਮ
ਸਦਾ ਉਖਾੜੇ ਉਸ ਨੇ
ਹਨੇਰਿਆਂ ਦੀ ਕੁੱਖ 'ਚ
ਚਾਨਣ ਉਤਾਰੇ ਉਸ ਨੇ

-0-

ਸਿਫਰਿਆਂ 'ਚ ਸਿਫਰਾ
ਦਾਇਰਿਆਂ 'ਚ ਦਾਇਰਾ ਸੀ ਉਹ
ਕਮਾਲ ਦਾ ਸ਼ਖਸ ਸੀ
ਸਾਗਰ ਜਿਉਂਦਾ ਸਹਿਰਾ ਸੀ ਉਹ
ਆਪਣੇ ਹੀ ਆਪ ਦਾ
ਦੀਵਾਨਾ ਸੀ ਉਹ
ਆਪੇ ਸ਼ਮ੍ਹਾ ਪ੍ਰਵਾਨਾ ਸੀ ਉਹ

-0-

ਉਹ ਦਿੱਸ ਵੀ ਅਦਿੱਸ ਸੀ
ਅਦਿੱਸ ਵੀ ਦਿੱਸ ਸੀ
ਉਹ ਅਦਿੱਸ ਦਿਸ ਵੀ ਇਕ ਸੀ
ਜਮ੍ਹਾ 'ਚ ਜਮ੍ਹਾ
ਮੰਨਫੀ 'ਚ ਮੰਨਫੀ ਸੀ ਉਹ
ਜਰਬੋ ਤਕਸੀਮ ਦੀ ਨਫਰੀ ਸੀ ਉਹ
ਤੂੰ ਦਾ ਜਗਦਾ ਚਿਰਾਗ ਸੀ

ਆਪਣੇ 'ਚੋਂ ਜਨਮਿਆ
ਆਪਣਾ ਵਿਸਥਾਰ ਸੀ
ਹਨੇਰਿਆਂ ਤੂਫ਼ਾਨਾਂ 'ਚ ਖੜ੍ਹਾ ਰੁੱਖ ਸੀ
ਬੱਦਲਾਂ ਬਾਰਿਸ਼ਾਂ 'ਚ ਚੜ੍ਹੀ ਧੁੱਪ ਸੀ

-0-

ਰੁੱਤਾਂ ਬਹਾਰਾਂ ਰੰਗੀਨੀਆਂ ਆਈਆਂ
ਉਸ ਦੇ ਵਿਹੜੇ
ਝੜੀਆਂ ਮਾਇਆ ਤੇ
ਹੁਸਨ ਨੇ ਲਾਈਆਂ ਉਸ ਦੇ ਵਿਹੜੇ
ਤਿੱਤਲੀਆਂ ਮਹਿਕਾਂ
ਸ਼ਾਮਾ ਸ਼ਮ੍ਹਾ ਜਲਾਈਆਂ
ਉਸ ਦੇ ਵਿਹੜੇ
ਪੈਲਾਂ ਘੁੱਗੀਆਂ ਮੋਰਾਂ ਪਾਈਆਂ
ਉਸ ਦੇ ਵਿਹੜੇ
ਚਾਂਦਨੀ ਠੰਡਕ
ਕਿਰਨਾਂ ਰੌਸ਼ਨੀ ਉਤਾਰੀ
ਉਸ ਦੇ ਵਿਹੜੇ
ਬੂੰਦਾਂ ਰਿੜਕਿਆ ਸਾਗਰ
ਧੁੱਪਾਂ ਆਪਣੀ ਬੁੱਕਲ ਉਤਾਰੀ
ਉਸ ਦੇ ਵਿਹੜੇ

-0-

ਉਹ ਕੱਚ ਦੇ
ਦਿਲਕਸ਼ ਟੁਕੜਿਆਂ ਦਾ
ਸ਼ਿਕਾਰ ਨਾ ਹੋਇਆ
ਆਪਣੀ ਧੁੰਨ 'ਚ ਰਿਹਾ ਜਗਦਾ
ਕਿਸੇ ਦਾ ਵੀ ਤਲਬਗਾਰ ਨਾ ਹੋਇਆ
ਆਪਣੇ ਹੀ ਰੰਗ 'ਚ ਰੰਗਿਆ ਰਿਹਾ
ਰੰਗਾਂ ਦੀ ਸ਼ੋਖ਼ੀ ਦਾ ਬੀਮਾਰ ਨਾ ਹੋਇਆ
ਆਪਣੇ ਆਪ 'ਚ ਇਕਾਗਰ ਰਿਹਾ ਉਹ
ਬੂੰਦ 'ਚ ਸਾਗਰ ਰਿਹਾ ਉਹ
ਆਪਣੇ ਆਪ ਦੇ ਹੀ ਉਹ ਕੋਲ ਸੀ

ਆਪਣੇ ਬੋਲ ਦੀ ਚੁੱਪ ਸੀ
ਆਪਣੀ ਚੁੱਪ ਦਾ ਹੀ ਬੋਲ ਸੀ
ਬਰਸਾਤਾਂ 'ਚ ਔੜਾਂ ਹੰਢਾਉਂਦਾ ਸੀ
ਔੜਾਂ 'ਚ ਬਰਸਾਤਾਂ ਉੱਗਾਉਂਦਾ ਸੀ

-0-

ਮਹਿਕ ਆਈ ਦਰ ਉਸ ਦੇ
ਦੇਹ ਤੋਂ ਬਸਤਰ ਉਤਾਰ
ਕੂਚ ਕੇ ਪਿੰਡਾ
ਅੰਗ ਅੰਗ ਨਿਖਾਰ
ਨੂਰ ਹੋਈ ਨਰ ਦੀ ਬੁੱਕਲ ਮਾਰ
ਮਸਤਕ 'ਚ ਚੰਨ ਸੂਰਜ
ਨੈਣਾਂ 'ਚ ਝੀਲਾਂ ਉਤਾਰ
ਮਿਲੀ ਜਦ ਮਹਿਕ ਸੰਗ
ਉਸ ਦੀ ਨਜ਼ਰ
ਮਹਿਕ ਦੇ ਜਲਾਲ ਦਾ
ਸੂਰਜ ਠਰ ਗਿਆ
ਸ਼ਰਮੋ ਹਯਾ ਤੇ ਨੀਵੀਂ ਨਜ਼ਰ
ਮਹਿਕ ਤਲ਼ੀ 'ਤੇ ਧਰ ਗਿਆ
ਸ਼ਰਮੋ ਹਯਾ ਤੇ ਨੀਵੀਂ ਨਜ਼ਰ ਨੇ
ਗਹਿਣੇ ਸ਼ਬਾਬ ਦੇ
ਜ਼ਿਲਦ ਵਿਚ ਹੀ ਸ਼ੋਭਦੇ ਨੇ
ਅੱਖਰ ਕਿਤਾਬ ਦੇ
ਪਰਦੇ 'ਚ ਰੌਸ਼ਨ ਨੇ ਸਦਾ ਦੀਵੇ ਸ਼ਬਾਬ ਦੇ
ਹੁਸਨ ਆਪਣੇ ਆਪ 'ਚ ਜਲਵਾ ਨਹੀਂ
ਹੁਸਨ ਦੇ ਜਲਵੇ ਨੇ ਜਲਵੇ ਹਿਜ਼ਾਬ ਦੇ

-0-

ਹਨੇਰਿਆਂ 'ਚ ਬਲਦਾ ਸੀ ਉਹ
ਕੰਡਿਆਂ 'ਚ ਦਗਦਾ ਸੀ ਉਹ
ਉਸ ਦਾ ਆਪਣਾ ਜਲਾਲ ਸੀ
ਨੂਰ 'ਚ ਭਿੱਜਾ ਉਹ ਕਾਲਾ ਗੁਲਾਬ ਸੀ

-0-

# ਉਸ ਦੀ ਦੇਹ

ਉਸ ਕੰਧ ਵਿਚ
ਕੰਧਾਂ ਸਨ ਵਿਹੜਾ ਸੀ
ਹਰ ਕਮਰੇ ਦਾ ਆਪਣਾ ਚਾਨਣ
ਆਪਣਾ ਹਨੇਰਾ ਸੀ
ਘਰ ਦਾ ਇਕੋ ਦੀਵਾ ਸੀ
ਹਰ ਕਮਰੇ ਵਿੱਚ ਜਗਦਾ ਜਿਹੜਾ ਸੀ
ਇੱਕ ਚੁੱਲ੍ਹਾ ਸੀ
ਸਭਨਾ ਦਾ ਜੋ ਪੇਟ ਭਰਦਾ ਸੀ
ਘੜੇ ਦਾ ਜਲ
ਸਰਬਤ ਦਾ ਭਲਾ ਮੰਗਦਾ ਸੀ
ਇਕ ਕਮਾਂਦਾ ਸੀ
ਸਾਰਾ ਟੱਬਰ ਖਾਂਦਾ ਸੀ
-0-
ਘਰ 'ਚ ਵੱਖਰੀ ਸੋਚ
ਵੱਖਰੇ ਖਿਆਲਾਂ ਦੇ ਖਿਡਾਉਣੇ ਸਨ
ਸਭ ਘਰ ਦੇ ਮਾਲਕ ਸਨ
ਨਾ ਕਿ ਪ੍ਰਾਹੁਣੇ ਸਨ
ਵੱਖੋ-ਵੱਖਰੇ ਪੰਛੀਆਂ ਦਾ
ਘਰ ਦੀ ਛੱਤੇ ਆਲ੍ਹਣੇ 'ਚ ਵਸੇਰਾ ਸੀ
ਘਰ ਦੇ ਪਿਛਵਾੜੇ
ਜੰਗਲੀ ਜਾਨਵਰਾਂ ਦਾ ਡੇਰਾ ਸੀ
ਉਹ ਘਰ ਸਭ ਦਾ ਸੀ
ਨਾ ਤੇਰਾ ਨਾ ਮੇਰਾ ਸੀ
ਸਭਨਾਂ ਨੂੰ ਹੱਥੀਂ ਛਾਵਾਂ ਕਰਦਾ ਸੀ
ਸਭਨਾਂ ਦੀ ਆਈ ਮਰਦਾ ਸੀ
-0-
ਸਭਨਾਂ ਦਾ ਉਹ ਚਿਹਰਾ ਸੀ
ਉਸ ਦਾ ਆਪਾ ਹੀ
ਉਸ ਦਾ ਚਾਰ ਚੁਫੇਰਾ ਸੀ

ਸੱਚ ਸੁੰਦਰਤਾ ਕਲਿਆਣ ਦੇ
ਉਸ ਬੂਟੇ ਲਾਏ ਸਨ
ਸਬਰ ਸੰਤੋਖ ਦਇਆ
ਉਸ ਕੁੱਛੜ ਖਿਡਾਏ ਸਨ
ਧੁੱਪਾਂ ਸਿਰ
ਉਸ ਛਾਵਾਂ ਧਰੀਆਂ ਸਨ
ਛਾਵਾਂ ਨੈਣੀਂ
ਕਈ ਸੂਰਜ ਪਾਏ ਸਨ
ਬਰਾਬਰੀ ਸਾਂਝੀਵਾਲਤਾ ਦਾ
ਉਸ ਘਰ ਡੇਰਾ ਸੀ
ਮੌਸਮ ਬਹਾਰਾਂ ਪਤਝੱੜਾਂ ਦਾ
ਉਸ ਵਿਹੜੇ ਵਿੱਚ ਫੇਰਾ ਸੀ
-0-
ਉਸ ਘਰ ਦਾ
ਹੁਣ ਖੰਡਰ ਨਜ਼ਰ ਆਉਂਦਾ ਹੈ
ਕੋਲੋਂ ਲੰਘਦੀਆਂ ਲਾਸ਼ਾਂ ਨੂੰ
ਆਪਣਾ ਅੰਤਾਕਰਨ ਵਿਖਾਉਂਦਾ ਹੈ
ਜੀਵਨ ਦਾ ਸੱਚ ਸਮਝਾਉਂਦਾ ਹੈ
ਰੌਣਕਾਂ ਖੁਸ਼ਬੂ ਦੀ ਗਾਥਾ
ਸੱਚ ਸੁੰਦਰਤਾ ਕਲਿਆਣ ਦੀ ਭਾਸ਼ਾ
ਲਹੂ ਮਾਸ ਤੋਂ
ਪੱਥਰ ਹੋਏ ਲੋਕਾਂ ਨੂੰ ਸੁਣਾਉਂਦਾ ਹੈ
ਆਪਣੇ ਖੰਡਰ ਚੋਂ
ਆਪਣਾ ਹੱਸਦਾ ਵਸਦਾ ਚਿਹਰਾ
ਵਿਖਾਉਂਦਾ ਹੈ
ਆਪਣੀਆਂ ਨਦੀਆਂ ਦਰਿਆ
ਪਹਾੜਾਂ ਸਾਗਰਾਂ ਦੇ ਗੀਤ ਗਾਉਂਦਾ ਹੈ
ਆਪਣੇ ਵੱਡ ਵਡੇਰਿਆਂ ਦੇ ਬਚਨਾਂ ਨੂੰ
ਦੁਹਰਾਉਂਦਾ ਹੈ! -0-

# ਆਪਣੇ ਤਕ

ਆਪਣਾ ਚਿਹਰਾ ਪੜ੍ਹਦਾ ਹਾਂ
ਤਾਂ ਆਪਣੇ ਨਾਲ ਲੜਦਾ ਹਾਂ
ਕਿ ਮੈਂ ਇਸ ਵਿਸ਼ਵ ਦੀ ਚੁੱਪ ਹਾਂ
ਸਰਦ ਹਾਂ ਕਬਰ ਦੀ ਮਿੱਟੀ ਦੀ ਤਰ੍ਹਾਂ
ਜਾਂ ਸੂਰਜ ਦੇ ਕੰਢੇ ਵਗਦਾ ਦਰਿਆ ਹਾਂ
ਜ਼ਿੰਦਗੀ ਦੀ ਅੱਥਰੀ ਜਿਹੀ ਸੁਭ੍ਹਾ
ਕਿ ਬਾਂਸਾਂ ਦੇ ਜੰਗਲ ਦੀ ਹਵਾ ਹਾਂ
ਹਾਂ, ਮੌਤ ਦੇ ਜੁੱਸੇ ਦੀ ਹਰਕਤ
ਜਾਂ ਆਪਣੇ ਹਨੇਰਿਆਂ ਦੀ ਆਪੇ ਚਮਕ ਹਾਂ
ਮੈਂ ਫਲ਼ ਹਾਂ ਕਿ ਰੁੱਖ ਹਾਂ
ਬੀਜ ਹਾਂ ਜਾਂ ਧਰਤ ਦਾ ਕਰਮ ਹਾਂ

–0–

ਸਭ ਕੁੱਝ ਹੁੰਦਿਆਂ ਵੀ
ਕੀ ਹੈ ਮਨਫ਼ੀ ਮੇਰੇ 'ਚੋਂ
ਕਿ ਸ਼ੀਸ਼ੇ 'ਚੋਂ ਚਿਹਰਾ ਨਜ਼ਰ ਆਉਂਦਾ ਨਹੀਂ
ਰੁੱਖਾਂ ਦੀ ਭੀੜ ਵਿਚ ਸ਼ਾਮਲ ਹਾਂ
ਪਰ ਜੰਗਲ ਕਹਿਲਾਉਂਦਾ ਨਹੀਂ
ਪੈ ਗਈ ਹੈ ਦਰਾੜ
ਪੈਰ੍ਹਾਂ ਤੇ ਸਾਹਾਂ ਵਿਚਕਾਰ
ਵੱਖਰਾ ਸਾਹ
ਜਿਸਮ ਤੋਂ ਬਲ਼ ਰਹੀ ਬੱਤੀ ਦਾ ਹੈ
ਆਪਣੇ ਹਨੇਰੇ ਲਈ ਚਾਨਣ
ਆਪਣੇ ਚਾਨਣ ਲਈ ਹਨੇਰਾ
ਉਮਰ ਭਰ ਕੱਤੀ ਦਾ ਹੈ
ਆਦਮੀ 'ਚ ਜ਼ਿੰਦਗੀ
ਜ਼ਿੰਦਗੀ ਵਿੱਚ ਆਦਮੀ ਦੀ ਰੂਹ ਨਹੀਂ ਹੈ
ਕਿੰਨੀ ਉਦਾਸੀ ਹੈ ਦੇਹ ਦੇ ਖੂਹ 'ਚ
ਜਲ ਦੀ ਖੂਹ ਨੂੰ ਜੂਸਤਜੂ ਨਹੀਂ ਹੈ
ਛੱਡ ਗਿਆ ਹੈ ਪ੍ਰਾਣ

ਹਵਾ ਦਾ ਆਲ੍ਹਣਾ
ਦੇ ਗਿਆ ਹੈ ਵੇਗ ਦਿਸ਼ਾ ਨੂੰ ਦਗਾ
ਰੱਬ ਕੀ ਬੰਦਾ ਵੀ ਇੱਥੇ ਭਰਮ ਹੈ
ਇਕੱਲਤਾ ਹੀ ਰੌਣਕਾਂ ਦਾ ਧਰਮ ਹੈ!

–0–

# ਸਾਏ ਦਾ ਸਫ਼ਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

*ਕਾਵਿ-ਸ਼ਾਸਤਰ*

# ਤਤਕਰਾ


1 ਇਕੱਲੀ ਰਹਿ ਗਈ
2 ਬੜਾ ਸੋਹਣਾ ਲਗਦਾ ਹੈ
3 ਨਿਆਏ
4 ਸਿਰਜਕ ਸ਼ੂਨਯ
5 ਬੁੱਲ ਸ਼ੈਲਫ
6 ਹਵਾ ਦੀ ਗਤੀ
7 ਮੈਂ ਤੇ ਤੂੰ
8 ਅਸੰਭਵ ਨਹੀਂ
9 ਬੰਦ ਦਰਵਾਜ਼ਾ
10 ਰੁੱਖ ਸਿਰਜਕ ਤੇ ਸਿਰਜਣਾ
11 ਸਮੁੰਦਰ ਤੇ ਨਦੀ
12 ਮੋਹ ਜਾਲ
13 ਭੀੜ
14 ਪਹਿਚਾਣ ਦਾ ਸਫ਼ਰ
15 ਸ਼ਹਿਵਤ ਦਾ ਜਾਲ਼
16 ਦੂਜਾ ਕਿਨਾਰਾ
17 ਗੁਲਾਮ
18 ਤਲਵਾਰ ਤੇ ਬੰਸਰੀ
19 ਆਪਣੇ
20 ਸਿੱਖੀ ਸਿਦਕ
21 ਜੀਅ ਕਰਦਾ ਹੈ
22 ਮਰਜੀਵੜਾ
23 ਲੋਟਰਪੁਣਾ
24 ਤਰੇਤਾ
25 ਦੁਆਪਰ
26 ਨਾ ਸਾਗਰ ਨਾ ਗਾਗਰ
27 ਇਹ ਕੌਣ ਹੈ
28 ਨਾ ਰੁੱਖ ਪਰਤੇ ਹਨ
29 ਕੌਣ ਹੈ
30 ਧੁੰਧਲਾ ਸ਼ੀਸ਼ਾ
31 ਜੰਗਲ ਤੋਂ ਨਿਆਰਾ
32 ਚੰਨ ਕਿੱਥੇ ਹੈ
33 ਲੋਕ
34 ਖਾਲੀ ਟਿੰਡਾਂ
35 ਓਹਲਾ
36 ਕੀਰਤੀ ਤੇ ਸਮਾਂ

# ਇਕੱਲੀ ਰਹਿ ਗਈ

ਤੂੰ ਉਧਰ ਨਜ਼ਰ ਨਹੀਂ ਮਾਰੀ
ਜਿਧਰ ਉਹ ਖੜ੍ਹਾ ਸੀ
ਤੇਰਾ ਤੇ ਉਸ ਦਾ ਫਾਸਲਾ
ਘੜੇ 'ਚ ਪਾਣੀ ਪਾਣੀ 'ਚ ਘੜਾ ਸੀ

–0–

ਅੱਜ ਉਸ ਦੀ ਭਾਲ 'ਚ ਇੰਨਾ ਅੱਗੇ ਨਿਕਲ ਆਈ ਤੂੰ
ਆਪਣੇ ਦਰਪਣ ਵਿਚ ਆਪਣੇ ਆਪ ਨੂੰ
ਇਕੱਲੀ ਰਹਿ ਗਈ ਨਜ਼ਰ ਆਈ ਤੂੰ

–0–

ਤੂੰ ਜੋ ਸੁਫਨੇ ਲਏ ਸਨ
ਉਹ ਤੇਰੀ ਪਿੱਠ ਪਿੱਛੇ
ਤੇਰਾ ਚਿਹਰਾ ਬਣ ਕੇ ਉੱਗ ਪਏ ਸਨ
ਤੇਰੀ ਉਡੀਕ 'ਚ ਆਪਾ ਭੁਲ ਗਏ ਸਨ
ਗੰਢਾਂ ਹੋਏ ਖੁੱਲ੍ਹ ਗਏ ਸਨ
ਅੱਥਰੂ ਬਣਕੇ ਡੁੱਲ੍ਹ ਗਏ ਸਨ
ਕੱਖਾਂ ਵਾਂਗੂੰ ਰੁਲ਼ ਗਏ ਸਨ

–0–

ਤੈਨੂੰ ਵੀ ਤਾਂ ਆਪਣਾ ਆਪਾ ਹੀ ਚੇਤੇ ਹੈ
ਤੇਰੀ ਯਾਦ ਦੇ ਸਿਰਹਾਨੇ ਬੈਠੇ
ਤੈਨੂੰ ਆਪਣੇ ਵਿਸਰ ਗਏ ਹਨ
ਤੇਰਿਆਂ ਸੁਫ਼ਨਿਆਂ ਦਾ ਸੱਚ ਉੱਥੇ ਹੀ ਖੜ੍ਹਾ ਹੈ
ਜਿਉਂ ਘੜੇ 'ਚ ਪਾਣੀ ਪਾਣੀ 'ਚ ਘੜਾ ਹੈ

–0–

ਤੂੰ ਜੋ ਸੂਰਜ ਆਪਣੇ ਘਰ ਦੀ ਨੁੱਕਰੇ ਚੜ੍ਹਾਉਣਾ ਚਾਹੁੰਦੀ ਸੈਂ
ਜਿਸ ਦੀ ਧੁੱਪ ਆਪਣੀ ਦੇਹ 'ਚੋਂ ਪੁੰਗਰੀਆਂ
ਫੁੱਲ ਕਲੀਆਂ ਦੀਆਂ ਕਿਆਰੀਆਂ ਨੂੰ ਲਾਉਣਾ ਚਾਹੁੰਦੀ ਸੈਂ
ਉਹ ਸੂਰਜ ਤੇਰੀ ਛੱਤੇ ਉੱਗਾ ਤਾਂ ਹੈ

–0–

ਉਸ ਦੀ ਧੁੱਪ ਵੀ

ਤੇਰੀਆਂ ਕਿਆਰੀਆਂ ਨੂੰ ਲਗਦੀ ਹੈ
ਪਰ ਉਹ ਘਰ
ਘਰ ਨਹੀਂ ਰਿਹਾ ਮਕਾਨ ਹੋਇਆ ਹੈ
ਉਸ ਦਾ ਵੱਸਣ ਮੋਇਆ ਹੈ
ਤੇਰੀ ਪਿੱਠ ’ਤੇ ਉੱਗੀਆਂ
ਕਿਆਰੀਆਂ ਦੀਆਂ ਕਬਰਾਂ
ਕਲੀਆਂ ਅਤੇ ਫੁੱਲਾਂ ਦੀਆਂ ਲਾਸ਼ਾਂ ਦਾ
ਸੋਗ ਮਨਾ ਰਹੀਆਂ ਹਨ
ਤੇਰੇ ਪਰਤਣ ਦੇ ਵੈਣ ਪਾ ਰਹੀਆਂ ਹਨ

−0−

ਤੇਰੇ ਦਰ ਤੋਂ ਸਾਗਰ ਮੁੜ ਗਿਆ ਹੈ
ਬੱਦਲ ਵਿਹੜੇ ਤੋਂ ਲੰਘ ਗਏ ਹਨ
ਕਿਉਂਕਿ ਤੇਰੇ ਘਰ ’ਚ
ਕਿਸੇ ਪਿਆਸ ਦਾ ਵਸੇਰਾ ਨਹੀਂ
ਘਰ ਦਾ ਸਿਰਨਾਵਾਂ ਵੀ
ਘਰ ਨੂੰ ਤਿਆਗ ਗਿਆ ਹੈ
ਬੂਹੇ ਨੂੰ ਤਾਲ਼ਾ ਮਾਰ ਗਿਆ ਹੈ

−0−

ਅੰਬਰ ਚੰਨ ਸਿਤਾਰੇ ਚਾਂਦਨੀ
ਸਰਘੀ ਤੇ ਸਾਂਵਲੀਆਂ ਤ੍ਰਿਕਾਲਾਂ
ਤੇਰੇ ਮੁਹੱਲੇ ਦੀਆਂ ਗਲ਼ੀਆਂ ’ਚ ਭੌਂਦੀਆਂ ਹਨ
ਤੇਰੇ ਦਰ ’ਤੇ ਤਾਲ਼ਾ ਵੇਖ ਮੁੜ ਜਾਂਦੀਆਂ ਹਨ
ਰੇਤ ਹੋਈ ਨਦੀ ’ਤੇ ਅਥਰੂ ਬਹਾਂਦੀਆਂ ਹਨ

−0−

ਤੂੰ ਜੋ ਵੀ ਕਲਪਿਆ
ਸਿਰਜਿਆ ਤੇ ਚਾਹਿਆ ਸੀ
ਉਹ ਤੇਰੇ ਦਰ ਆਇਆ ਸੀ
ਪਰ ਘਰ ਜ਼ਿੰਦਗੀ ਨਹੀਂ ਉਜਾੜਾ ਸੀ
ਸਾਇਆ ਦਾ ਖੰਡਰ ਸੀ
ਜਿਸਮਾਂ ਨੂੰ ਦੇਸ਼ ਨਿਕਾਲਾ ਸੀ

–0–

ਤੂੰ ਉਧਰ ਨਜ਼ਰ ਨਹੀਂ ਆਈ
ਜਿਧਰ ਉਹ ਖੜ੍ਹਾ ਸੀ
ਜਿਸ ਦੀ ਭਾਲ਼ 'ਚ ਤੂੰ ਆਪਾ ਤਿਆਗ
ਇੰਨ੍ਹੀ ਅੱਗੇ ਨਿਕਲ ਆਈ
ਕਿ ਇਕੱਲੀ ਰਹਿ ਗਈ !

–0–

# ਸੋਹਣਾ ਲੱਗਦਾ ਹੈ

ਤੇਰੀਆਂ
ਅੱਖਾਂ 'ਚ ਉਤਰਨਾ
ਰਗਾ 'ਚ ਦੌੜਾਨਾ
ਸਾਹਾਂ 'ਚ ਘੁਲਣਾ
ਲਹੂ 'ਚ ਟੁਰਨਾ
ਤੇ ਗੁਆਚ ਜਾਣਾ
ਆਪਣੇ ਆਪ 'ਤੇ
ਮੋਹਿਤ ਹੋਣਾ ਲਗਦਾ ਹੈ
ਬੜਾ ਸੋਹਣਾ ਲਗਦਾ ਹੈ!

-0-

ਤੇਰਿਆਂ ਪੈਰਾਂ ਦਾ ਸਫ਼ਰ ਹੋਣਾ
ਨਜ਼ਰ ਦਾ ਮੰਜ਼ਿਲ ਹੋਣਾ
ਤੇਰੀ ਹੋਂਦ ਤੇ ਸ਼ਨਾਖਤ ਹੋਣਾ
ਆਪਾ ਮਿਟਾਉਣਾ
ਬੇਪਹਿਚਾਣ ਹੋਣਾ
ਤੇਰੇ 'ਚ ਫੈਲਣਾ
ਆਪਣੇ 'ਚ ਸੁੰਗੜਨਾ
ਆਪਣੇ ਆਪ 'ਤੇ ਮੋਹਿਤ
ਹੋਣਾ ਲਗਦਾ ਹੈ
ਬੜਾ ਸੋਹਣਾ ਲਗਦਾ ਹੈ

-0-

ਤੇਰੇ ਸ਼ੋਰ ਦਾ ਚੁੱਪ
ਚੁੱਪ ਦਾ ਸ਼ੋਰ ਹੋਣਾ
ਤੇਰੀ ਮੈਲ 'ਚ ਆਪਾ ਧੋਣਾ
ਤੇਰੀ ਮਹਿਕ ਹੋਣਾ
ਤੇਰੀ ਖੁਸ਼ੀ
ਹਾਸੇ ਅੱਥਰੂ ਜੀਣਾ
ਤੇਰੀ ਨੀਂਦਰੇ
ਸੁਫ਼ਨਾ ਹੋ ਕੇ ਥੀਣਾ

ਤੇਰਾ ਦਰਦ ਪੀਣਾ
ਆਪਣੇ ਆਪ ਤੇ ਮੋਹਿਤ
ਹੋਣਾ ਲਗਦਾ ਹੈ
ਬੜਾ ਸੋਹਣਾ ਲਗਦਾ ਹੈ

-0-

ਤੇਰੀ ਪੂਰਨਤਾ
ਆਪਣੇ 'ਚ ਢਾਲਣੀ
ਤੇਰੀ ਰੂਹ
ਆਪਣੇ 'ਚ ਉਤਾਰਨੀ
ਤੇਰੇ 'ਚ ਗੁਆ ਕੇ ਆਪਾ
ਤੇਰੇ 'ਚੋਂ ਭਾਲਣਾ
ਤੈਨੂੰ ਪਰਤ ਦਰ ਪਰਤ ਉਧੇੜਨਾ
ਨਕਸ਼ਾਂ ਤੇ ਅੰਗਾਂ ਨੂੰ ਫਰੋਲਣਾ
ਤੇਰੀ ਸਿਰਜਣਾ 'ਚੋਂ
ਆਪਣਾ ਸੱਚ ਟੋਲ੍ਹਣਾ
ਤੇਰੀ ਮਿੱਟੀ 'ਚੋਂ ਗੁਜ਼ਰਨਾ
ਤੇਰੇ 'ਚੋਂ ਬੋਲਣਾ
ਆਪਣੇ ਆਪ 'ਤੇ ਮੋਹਿਤ
ਹੋਣਾ ਲਗਦਾ ਹੈ
ਬੜਾ ਸੋਹਣਾ ਲਗਦਾ ਹੈ

-0-

ਤੇਰੇ 'ਚ ਵਿਚਰਨਾ
ਤੇਰੀਆਂ ਸ਼ੋਖੀਆਂ ਨੂੰ
ਪੂਜਣਾ ਤੇ ਸਿਮਰਨਾ
ਤੈਨੂੰ ਆਪਣੇ 'ਚੋਂ ਵੇਖਣਾ
ਆਪਣੀ ਦੇਹ 'ਚੋਂ
ਤੇਰਾ ਨਿੱਘ ਸੇਕਣਾ
ਆਪਣੇ ਆਲ੍ਹੇ 'ਚ
ਤੇਰਾ ਚਿਰਾਗ ਬਾਲਣਾ
ਜਿਉਂਦੇ ਜੀਅ
ਸੱਚ ਜਿਉਣਾ ਹੈ

ਪੱਥਰ 'ਚੋਂ
ਫੁੱਲ ਦਾ ਦੀਦਾਰ ਪਾਉਣਾ ਹੈ
ਮਹਿਕ ਹੰਢਾਉਣਾ ਹੈ

-0-

ਤੇਰੀਆਂ ਅੱਖਾਂ 'ਚ ਉਤਰਨਾ
ਰਗਾ 'ਚ ਦੌੜਨਾ
ਸਾਹਾਂ 'ਚ ਘੁਲਣਾ
ਲਹੂ 'ਚ ਟੁਰਨਾ
ਤੇਰੇ 'ਚ ਗੁਆਚ ਜਾਣਾ
ਆਪਣੇ ਤੇ ਮੋਹਿਤ ਹੋਣਾ ਲਗਦਾ ਹੈ
ਬੜਾ ਸੋਹਣਾ ਲਗਦਾ ਹੈ!

-0-

# ਨਿਆਏ

ਚੌਰਾਹੇ 'ਚ
ਰਾਹ ਭਾਲ਼ਦਾ ਗੁਆਚਾ ਸਮਾਂ
ਦਿਸ਼ਾਵਾਂ ਨੇ ਕਤਲ ਕਰ ਦਿੱਤਾ
ਚੌਰਾਹੇ ਦਾ ਚਿਹਰਾ
ਤੇ ਆਪਣਾ ਆਪਾ ਲਹੂ ਨਾਲ ਰੰਗ ਦਿੱਤਾ
-0-
ਸਮੇਂ ਦਾ ਕਾਤਲ
ਚੌਰਾਹੇ ਦੇ ਰੁੱਖਾਂ ਨੇ ਵੇਖਿਆ
ਜ਼ੁਬਾਨ ਨਹੀਂ ਸੀ
ਬੋਲਣ ਤੋਂ ਅਸਮਰਥ ਸਨ
ਲਹੂ 'ਚ ਉਬਲਦੇ ਬੋਲ ਅਕੱਥ ਸਨ
ਇਸ ਵੇਲੇ ਸੂਰਜ
ਧਰਤੀ ਦੇ ਕਰੀਬ ਸੀ
ਧਰਤੀ ਸੂਰਜ ਦੀ
ਸੂਰਜ ਧਰਤੀ ਦਾ ਹਬੀਬ ਸੀ
ਦੋਵੇਂ ਕਤਲ ਦੇ ਗਵਾਹ ਸਨ
ਨਿਆਏ ਦੇ ਖ਼ੈਰਖਾਹ ਸਨ
-0-
ਸੁਬਾਹ ਹੋਈ
ਸੂਰਜ ਨੇ ਕਿਰਨਾਂ ਦਾ ਵੇਖਿਆ
ਚੌਰਾਹੇ ਦੇ ਰੁੱਖਾਂ ਦੇ ਹਵਾਲੇ ਕਰ ਦਿੱਤਾ
ਧਰਤੀ ਨੇ ਹੁੰਗਾਰਾ ਭਰ ਦਿੱਤਾ
ਹਵਾ ਨੇ ਕਿਰਨਾਂ ਦਾ ਸੱਚ
ਪ੍ਰਕਿਰਤੀ ਦੀ ਤਲ਼ੀ 'ਤੇ ਧਰ ਦਿੱਤਾ
ਪ੍ਰਕਿਰਤੀ ਦਾ ਕੰਠ
ਫੁੱਲਿਆ ਤੇ ਬੋਲਿਆ
ਸਮੇਂ ਦੀਆਂ ਕਾਤਲ ਦਿਸ਼ਾਵਾਂ ਹਨ
ਜਿਸ ਦੀ ਗਵਾਹੀ ਭਰਦੀਆਂ
ਰੁੱਖਾਂ ਦੀਆਂ ਨਿਗਾਹਾਂ ਹਨ

ਨਾ ਚੌਰਾਹੇ ਨੇ
ਨਾ ਦਿਸ਼ਾਵਾਂ ਨੇ ਕਤਲ ਦੀ ਹਾਮੀ ਭਰੀ
ਕਲਪਦੀ ਕੁਦਰਤ ਰਹੀ!

-0-

# ਸਿਰਜਕ ਸ਼ੂਨਯ

ਜੇ
ਤੂੰ ਆਵਾਜ਼ ਮਾਰੇਂਗਾ
ਮੈਂ
ਕਬਰ 'ਚੋਂ ਵੀ ਉੱਠ ਆਵਾਂਗਾ
ਤੂੰ
ਜ਼ਿੰਦਗੀ ਦਾ ਭਰਮ ਜਿਉਂਦਾ ਏ
ਮੈਂ
ਜ਼ਿੰਦਗੀ ਦਾ ਸੱਚ ਜਿਉਂਦਾ ਹਾਂ
ਤੇਰਾ ਸੱਚ ਭਰਮ ਹੈ
ਮੇਰਾ ਸੱਚ ਕਰਮ ਹੈ
ਤੂੰ ਜਿਉਂਦਾ ਵੀ ਮੁਰਦਾ ਹੈ
ਮੈਂ ਮੁਰਦਾ ਵੀ ਜਿਉਂਦਾ ਹਾਂ
ਤੂੰ ਫੁੱਲ ਵੀ ਪੱਥਰ ਹੈਂ
ਮੈਂ ਪੱਥਰ ਵੀ ਮਹਿਕਾਉਂਦਾ ਹਾਂ!

–0–

ਤੂੰ ਸਿਰਫ
ਆਪਣਾ ਚਿਹਰਾ ਤੱਕਦਾ ਹੈਂ
ਚਿਹਰੇ ਦਾ ਸੱਚ ਨਹੀਂ ਤੱਕਦਾ
ਚਿਹਰੇ ਦਾ ਸੱਚ
ਚਿਹਰਿਆਂ 'ਚ ਵਿਚਰਦਾ ਵੀ
ਚਲਾਇਮਾਨ ਨਹੀਂ ਹੁੰਦਾ
ਸਦਾ ਸਥਿਰ ਰਹਿੰਦਾ ਹੈ
ਚਿਹਰਾ ਬਿੰਨਸਦਾ ਹੈ
ਸੱਚ ਅਫੁਰ ਰਹਿੰਦਾ ਹੈ

–0–

ਤੇਰੀ ਜ਼ਿੰਦਗੀ 'ਚ
ਅੰਤਿਮ ਸੱਚ ਮੌਤ ਹੈ
ਮੇਰੀ ਜ਼ਿੰਦਗੀ 'ਚ
ਮੌਤ ਤੋਂ ਅਗੇਰੇ ਵੀ

ਜ਼ਿੰਦਗੀ ਦਾ ਸਫ਼ਰ ਹੈ
ਜਿਸ ਸਫ਼ਰ ਦੀ ਮੰਜ਼ਿਲ
ਜ਼ਿੰਦਗੀ ਦੀ ਪੈਂਤੀ ਅੱਖ਼ਰੀ ਦਾ
ਪਹਿਲਾ ਤੇ ਅੰਤਿਮ ਹਰਫ਼ ਹੈ
ਮੌਤ ਤੋਂ ਪਹਿਲਾਂ
ਜ਼ਿੰਦਗੀ ਦਾ ਭਰਮ ਹੈ
ਮੌਤ ਤੋਂ ਪਿੱਛਲੇਰਾ ਸੱਚ
ਜ਼ਿੰਦਗੀ ਦਾ ਅਰਥ ਹੈ

–0–

ਮੌਤ ਇੱਕ ਪੜਾਅ ਹੈ
ਜਿੱਥੇ ਜ਼ਿੰਦਗੀ ਦਾ ਸੱਚ
ਆਪਣੇ ਤੋਂ ਦੇਹ ਦੇ ਬਸਤਰ ਉਤਾਰਦਾ ਹੈ
ਸ਼ਾਸਤਰ ਇਸ ਨੂੰ
ਆਤਮਾ ਦਾ ਝੋਲਾ ਬਦਲਣਾ ਉਚਾਰਦਾ ਹੈ
ਦੇਹ ਆਤਮ ਨਹੀਂ
ਆਤਮਾ ਦਾ ਖੋਲ ਹੈ
ਖੋਲ ਵਿਚਲਾ ਪੰਛੀ
ਦੇਹ ਦੀ ਸਰਦਲ ’ਤੇ
ਮੌਤ ਦੇ ਪੈਰ ਧਰਦਿਆਂ ਹੀ
ਉੱਡਾਰੀ ਮਾਰ ਜਾਂਦਾ ਹੈ
ਦੇਹ ਦਾ ਖੋਲ
ਮੌਤ ਲਈ ਉਤਾਰ ਜਾਂਦਾ ਹੈ

–0–

ਜੇ
ਤੂੰ ਆਵਾਜ਼ ਮਾਰੇਂਗਾ
ਮੈਂ
ਕਬਰ ’ਚੋਂ ਵੀ ਉੱਠ ਆਵਾਂਗਾ
ਤੂੰ ਜ਼ਿੰਦਗੀ ਦਾ ਭਰਮ ਜਿਉਂਦਾ ਏ
ਮੈਂ ਜ਼ਿੰਦਗੀ ਦਾ ਸੱਚ ਜਿਉਂਦਾ ਹਾਂ !

–0–

# ਬੁੱਕ ਸ਼ੈਲਫ

ਮੈਂ ਜ਼ਿੰਦਗੀ ਹਾਂ
ਤੇਰੀ ਬੁੱਕ ਸ਼ੈਲਫ 'ਚ
ਪਈ ਪੁਸਤਕ ਨਹੀਂ
ਕੋਈ ਗੁਰੂ ਮਦਰਸਾ ਨਹੀਂ ਮੇਰਾ
ਮੈਂ ਸਿਖਸ਼ਾ ਵੀ ਆਪ ਹਾਂ
ਸਿਖਸ਼ਿਤ ਵੀ ਆਪ ਹਾਂ

–0–

ਮੈਂ ਵਿਚਰਦੀ ਹਾਂ
ਮੇਰੇ ਵਿਚਰਨ 'ਚੋਂ
ਸ਼ਬਦ ਅਰਥ
ਸਿਖਸ਼ਾ ਸਿਖਸ਼ਤ
ਤੇ ਗੁਰੂ ਜਨਮਦਾ ਹੈ
ਇਹ ਸੱਚ
ਮੇਰੇ ਵਿਚਰਨ ਧਰਾਤਲ ਦੇ
ਕਾਰਜ ਕਰਨ ਦਾ ਹੈ

–0–

ਮੈਂ ਕਿਸੇ ਪੈਂਤੀ ਅੱਖ਼ਰੀ ਦੀ
ਮੁਥਾਜ ਨਹੀਂ
ਕਿਸੇ ਪੱਥਰ
ਜਾਂ ਫੁੱਲ ਦਾ ਅਹਿਸਾਸ ਨਹੀਂ
ਮੈਂ ਆਪ ਮੁਹਾਰੇ
ਕਦੀ ਤੇਰੇ ਵਿਹੜੇ
ਕਦੀ ਤੇਰੀ ਛੱਤੇ ਉੱਗ ਆਉਂਦੀ ਹਾਂ
ਕਦੀ ਤੇਰੀ ਪਿੱਠ ਤੋਂ ਮਿੱਟ ਜਾਂਦੀ ਹਾਂ
ਕਦੀ ਤੇਰੇ ਚਿਹਰੇ 'ਤੇ ਲਿਖੀ ਜਾਂਦੀ ਹਾਂ

–0–

ਮੇਰਾ ਆਗਮਨ
ਕਿਸੇ ਕਾਗਜ਼ 'ਤੇ ਨਹੀਂ ਹੁੰਦਾ
ਕੋਈ ਕਲਮ
ਮੈਨੂੰ ਲਿਖ ਨਹੀਂ ਸਕਦੀ

ਮੇਰੀ ਗਤੀ
ਮੇਰਾ ਵਿਸਥਾਰ ਮਿਣ ਨਹੀਂ ਸਕਦੀ
ਮੈਂ ਕਦੀ ਸ਼ੋਰ 'ਚ ਚੁੱਪ
ਕਦੀ ਚੁੱਪ 'ਚ ਸ਼ੋਰ ਹਾਂ
ਮੈਂ ਮੌਤ 'ਚ ਜ਼ਿੰਦਗੀ
ਜ਼ਿੰਦਗੀ 'ਚ ਮੌਤ ਹਾਂ
ਥਲ 'ਚ ਥਲ
ਜਲ ਵਿਚ ਥਲ ਦੀ ਜੋਤ ਹਾਂ
ਕੋਈ ਥਾਂ ਨਹੀਂ
ਜਿੱਥੇ ਮੈਂ ਨਹੀਂ
ਸ਼ੂਨਯ ਵਿਚ ਸਿਰਜਣਾ ਹਾਂ
ਬੋਲ 'ਚ ਸ੍ਰੋਤ ਹਾਂ
-0-
ਦਰਪਣ 'ਚ
ਦਰਪਣ ਦਾ ਦਰਪਣ ਹਾਂ
ਚਿਹਰੇ 'ਚ
ਚਿਹਰੇ ਦਾ ਚਿਹਰਾ ਹਾਂ
ਸੂਰਜ 'ਚ
ਸੂਰਜ ਦਾ ਤੇਜ਼ ਹਾਂ
ਹਨੇਰੇ 'ਚ
ਹਨੇਰੇ ਦੀ ਸਵੇਰ ਹਾਂ
ਸ਼ਬਦ ਅਰਥ
ਅਰਥ ਸ਼ਬਦ ਨਹੀਂ ਹਾਂ ਮੈਂ
ਅੱਖੀਆਂ ਦੀ ਤਾਂਘ
ਜੀਵਨ ਸਫ਼ਰ ਨਹੀਂ ਹਾਂ ਮੈਂ
ਸਵੈ ਲਿੱਖੀ ਇਬਾਰਤ ਹਾਂ ਮੈਂ
ਆਪ ਪੂਜਾ ਆਪ ਸਿਮਰਨ
ਆਪੇ ਆਪਣੀ ਇਬਾਦਤ ਹਾਂ ਮੈਂ
ਮੈਂ ਆਪ ਆਪਣਾ ਆਪ ਹਾਂ
ਮੈਂ ਆਪਣਾ ਖੁਦਾ ਆਪ ਹਾਂ
-0-
ਰੰਗਾਂ ਦੀ ਮਹਿਕ ਸਰਗੋਸ਼ੀ ਵੀ ਮੈਂ

ਮਧਹੋਸ਼ੀ 'ਚ ਚੇਤਨਾ
ਚੇਤਨਾ 'ਚ ਮੱਧਹੋਸ਼ੀ ਵੀ ਮੈਂ
ਪ੍ਰਵਾਨਾ ਵੀ ਮੈਂ
ਸ਼ਮ੍ਹਾ ਵੀ ਮੈਂ
ਮੰਨਫ਼ੀ ਜ਼ਰਬੋਂ ਤਕਸੀਮ ਜਮ੍ਹਾ ਵੀ ਮੈਂ
ਕਾਲ ਜ਼ਿੰਦਗੀ ਸਮਾਂ ਵੀ ਮੈਂ
ਮੇਰੇ 'ਚ ਵਿਚਰਨਾ
ਮੈਨੂੰ ਜਾਣਨਾ ਹੈ
ਮੇਰਾ ਰੰਗ ਰੂਪ ਪਹਿਚਾਨਣਾ ਹੈ
ਮੇਰੀ ਤਾਸੀਰ
ਮੇਰੀ ਜ਼ਮੀਰ ਪਰਖਣਾ ਹੈ
ਮੇਰੀ ਸੂਰਤ
ਮੇਰੀ ਸੀਰਤ ਸਿਆਨਣਾ ਹੈ

-0-

ਨਾ ਫੱਟੀਆਂ 'ਤੇ
ਪਾਇਆ ਪੂਰਨਾ ਹਾਂ
ਨਾ ਮੁਹਾਰਨੀ ਵਾਂਗ
ਦੁਹਰਾਈ ਜਾਂਦੀ ਹਾਂ
ਨਾ ਵਿਸ਼ਵ ਵਿਦਿਆਲਿਆ 'ਚ
ਨਾ ਪ੍ਰਯੋਗਸ਼ਾਲਾ 'ਚ ਪਾਈ ਜਾਂਦੀ ਹਾਂ
ਨਾ ਬੀਜੀ
ਨਾ ਉੱਗਾਈ ਜਾਂਦੀ ਹਾਂ
ਮੈਂ ਸਿਰਫ ਜੀਵੀ
ਤੇ ਹੰਢਾਈ ਜਾਂਦੀ ਹਾਂ।

-0-

ਮੈਂ ਜ਼ਿੰਦਗੀ ਹਾਂ
ਤੇਰੀ ਬੁੱਕ ਸ਼ੈਲਫ 'ਚ
ਪਈ ਪੁਸਤਕ ਨਹੀਂ
ਮੇਰਾ ਕੋਈ ਗੁਰੂ ਨਹੀਂ ਮਦਰਸਾ ਨਹੀਂ
ਮੈਂ ਸਿਖਸ਼ਾ ਵੀ ਆਪ ਹਾਂ
ਸਿਖਸ਼ਿਤ ਵੀ ਆਪ ਹਾਂ।

-0-

## ਹਵਾ ਦੀ ਗਤੀ

ਜ਼ਿੰਦਗੀ ਗਤੀ ਹੈ
ਗਤੀ ਹਵਾ ਦਾ ਸੱਚ ਹੈ
ਗਤੀ ਨਹੀਂ ਤਾਂ ਹਵਾ ਨਹੀਂ
ਰੁੱਖ ਲਈ ਜੰਗਲ ਨਹੀਂ
ਸਵੈ ਲਈ ਖੁਦਾ ਨਹੀਂ

-0-

ਜ਼ਿੰਦਗੀ
ਜੀਵਨ ਸਾਗਰ ਕਿਨਾਰੇ
ਰੇਤ ਦੀ ਲੀਕ ਨਹੀਂ
ਲਹਿਰ ਆਈ ਮਿਟ ਗਈ
ਹਵਾ ਆਈ ਨਾਲ ਆਪਣੇ ਲੈ ਗਈ
ਜ਼ਿੰਦਗੀ
ਜੀਵਨ ਸਾਗਰ ਦਾ ਜਲ ਹੈ
ਜਲ ਬਿਨਾਂ ਸਾਗਰ ਥਲ ਹੈ
ਥਲ ਵੀ ਜ਼ਿੰਦਗੀ ਦਾ ਰੂਪ ਹੈ
ਜ਼ਿੰਦਗੀ ਜਿਸ ਦਾ ਸਰੂਪ ਹੈ

-0-

ਜ਼ਿੰਦਗੀ
ਮਾਨਵ 'ਚ ਜਗਦੀ ਜੋਤ ਹੈ
ਸੱਸੀ ਜਿਸ ਦਾ ਨਾਮ ਹੈ
ਸੱਚ ਜਿਸਦਾ ਹੋਤ ਹੈ
ਸੱਚ ਦੇ ਸੱਚ ਦਾ
ਜ਼ਿੰਦਗੀ ਵਿਸਥਾਰ ਹੈ
ਪਤਝੜ 'ਚੋਂ ਪੁੰਗਰੀ
ਜ਼ਿੰਦਗੀ ਬਹਾਰ ਹੈ
ਪਤਝੜ ਹੀ ਆਦਿ ਸੱਚ ਜੁਗਾਦਿ ਸੱਚ
ਆਦਿ ਅੰਤ ਹੈ ਬੇਅੰਤ ਹੈ

-0-

ਮੁਰਦੇ ਨੂੰ ਪੁੱਛਿਆ

ਜਿਉਂਦੇ ਮੁਰਦਿਆਂ
ਤੇਰੀ ਹਯਾਤੀ
ਬਸਰ ਹੋਈ ਕਿਸ ਤਰ੍ਹਾਂ
ਬੋਲਿਆ–
ਸ਼ੋਰ 'ਚ ਚੁੱਪ
ਜੀਵਨ 'ਚ ਮੌਤ ਧਰਦਿਆਂ
ਸ਼ੋਰ ਤੇ ਜੀਵਨ ਸਮਝੇ ਨਹੀਂ
ਲੀਕ ਪਿੱਟਦੇ ਰਹਿ ਗਏ
ਜ਼ਿੰਦਗੀ ਦਾ ਅਰਥ ਸਮਝਾਉਂਦੇ
ਚਿਰਾਗ
ਜੂਨੀ ਹਨੇਰਿਆਂ ਦੀ ਪੈ ਗਏ!

–0–

ਜ਼ਿੰਦਗੀ ਤੇ ਮੌਤ ਨੂੰ
ਹੰਢਾਉਣ ਪਿੱਛੋਂ ਜਾਣਿਆ
ਨਾ ਜ਼ਿੰਦਗੀ ਦਾ ਆਦਿ ਹੈ
ਨਾ ਮੌਤ ਜ਼ਿੰਦਗੀ ਦਾ ਅੰਤ ਹੈ
ਜ਼ਿੰਦਗੀ ਦਾ ਸੱਚ
ਨਿਰੰਤਰ ਸਫ਼ਰ ਹੈ
ਜਿਸ ਦਾ ਖ਼ਾਸ ਪ੍ਰਯੋਜਨ
ਵਿਸ਼ੇਸ਼ ਅਰਥ ਹੈ
ਜਿਸ ਨੂੰ ਜਾਣਨ ਲਈ
ਬੁਝੇ ਚਿਰਾਗ ਦਾ ਜਗਣਾ ਸ਼ਰਤ ਹੈ
ਜੋ ਜੋਤ
ਜੀਵਤ ਦੇਹ 'ਚ ਜਗਦੀ ਹੈ
ਮੁਰਦੇ 'ਚ ਉਹ ਨਹੀਂ ਹੁੰਦੀ
ਜ਼ਿੰਦਗੀ ਦਾ ਸੱਚ ਵੇਖਣ ਲਈ
ਮੁਰਦਾ ਦੇਹੀ ਵਿਚ ਲੋਅ ਨਹੀਂ ਹੁੰਦੀ
ਜ਼ਿੰਦਗੀ
ਆਦਿ ਅੰਤ ਰਹਿਤ
ਜਗਦਾ ਚਿਰਾਗ ਹੈ
ਜਿਉਂਦਾ ਜਾਗਦਾ ਮਨੁੱਖ ਹੀ

ਇਸ ਵਲ ਖੁੱਲ੍ਹਦਾ ਦੁਆਰ ਹੈ

-0-

ਜ਼ਿੰਦਗੀ ਗਤੀ ਹੈ
ਗਤੀ ਹਵਾ ਦਾ ਸੱਚ ਹੈ
ਗਤੀ ਨਹੀਂ ਤਾਂ ਹਵਾ ਨਹੀਂ
ਰੁੱਖ ਲਈ ਜੰਗਲ ਨਹੀਂ
ਸਵੈ ਲਈ ਖੁਦਾ ਨਹੀਂ !

-0-

# ਮੈਂ ਤੋਂ ਤੂੰ

ਮੈਂ ਤੂੰ ਦੀ
ਤੂੰ ਮੈਂ ਦੀ ਤਲਾਸ਼ 'ਚ ਨਿਕਲੀ
ਇਕ ਦੂਜੀ 'ਚ
ਪਲ ਭਰ ਬਹਿਣ ਲਈ
ਕੁੱਝ ਸੁਣਨ ਲਈ
ਕੁੱਝ ਕਹਿਣ ਲਈ

-0-

ਮੈਂ
ਜਦ ਤੂੰ 'ਚ ਉਤਰੀ
ਮੈਂ ਨੂੰ ਤੂੰ ਦੇ ਚਿਹਰੇ 'ਚੋਂ
ਆਪਣੀ ਪਿੱਠ ਨਜ਼ਰ ਆਈ
ਮੈਂ ਨੇ ਸੋਚਿਆ
ਤੂੰ 'ਚ ਜੋ ਕੁੱਝ ਵੀ ਹੈ ਤੂੰ ਦਾ ਨਹੀਂ
ਨਾ ਕੁੱਝ ਪਾਉਣ ਦੀ ਇੱਛਾ
ਨਾ ਕੁੱਝ ਖੋਹਣ ਦਾ ਡਰ
ਤੂੰ ਲਈ ਛੱਤ ਅੰਬਰ
ਧਰਤੀ ਵਿਛਾਉਣਾ ਸੀ
ਤੂੰ ਦਾ ਜੀਵਨ ਪਲ ਦਾ ਪ੍ਰਹਾਉਣਾ ਸੀ

-0-

ਮੈਂ
ਤੂੰ ਨੂੰ ਕੁਰੇਦਦੀ
ਉਸ ਨੂੰ ਪਰਤ-ਦਰ-ਪਰਤ ਉਧੇੜਦੀ
ਤੂੰ ਨਾ ਆਪਣੇ ਆਪ ਦੀ
ਨਾ ਆਪਣੀ ਦੇਹ ਦੀ ਸੀ
ਤੂੰ ਨੂੰ
ਤਾਂ ਆਪਣੇ ਆਪ ਦਾ ਵੀ
ਅਹਿਸਾਸ ਨਹੀਂ ਸੀ
ਤਿਆਗ ਤੇ ਕਲਿਆਣ ਦੇ ਸਿਵਾ
ਕੁੱਝ ਵੀ ਤੂੰ ਦੇ ਪਾਸ ਨਹੀਂ ਸੀ

ਪਤਾ ਨਹੀਂ
ਤੂੰ ਕਿਹੜੀ ਤੂੰ ਨੂੰ ਜੱਪ ਰਹੀ ਸੀ
ਹਰਦਮ ਤੂੰ ਹੀ ਤੂੰ ਕਰ ਰਹੀ ਸੀ

−0−

ਤੂੰ
ਜਦ ਮੈਂ 'ਚ ਉਤਰੀ
ਉਸ ਨੂੰ ਅਹਿਸਾਸ ਹੋਇਆ
ਤੂੰ ਮੈਂ ਦੀ ਹੈ
ਮੈਂ 'ਚੋਂ ਜਨਮੀ
ਮੈਂ 'ਚ ਵਿਕਸਤ ਹੋਈ
ਮੈਂ ਸਦਕਾ ਜਿਉਂਦੀ ਹੈ
ਨਹੀਂ ਤਾਂ ਹੈ ਮੋਈ

−0−

ਮੈਂ ਮੈਂ ਦੀ ਸੀ
ਮੈਂ ਨੂੰ ਮੈਂ ਦਾ ਹੰਕਾਰ ਸੀ
ਮੈਂ ਲਈ ਤੂੰ
ਮੈਂ ਦੀ ਜਾਇਦਾਦ ਸੀ

−0−

ਜਦ ਮੈਂ ਤੂੰ 'ਚੋਂ ਨਿਕਲੀ
ਬੋਲੀ ਤੂੰ
ਤੂੰ ਤਾਂ ਮੇਰੇ ਵਿਪਰੀਤ ਹੈਂ
ਮੈਂ ਸਿਰ ਤੂੰ ਤਲਵਾਰ ਹੈ
ਮੈਂ ਸਿਰ ਦਾ ਅਰਘਾ
ਤੈਨੂੰ ਚੜ੍ਹਾਵਾਂ ਕਿਸ ਤਰ੍ਹਾਂ ?
ਆਪਾ ਤਿਆਗ
ਤੇਰੀ ਹੋ ਜਾਵਾਂ ਕਿਸ ਤਰ੍ਹਾਂ ?
ਮੇਰੀ ਮੈਂ ਹੀ ਮੇਰਾ ਸੱਚ ਹੈ
ਤੂੰ ਹੋਂਦ ਰਹਿਤ ਭਰਮ ਹੈ ਕੱਚ ਹੈਂ

−0−

ਤੂੰ ਜਦ ਮੈਂ 'ਚੋਂ ਨਿਕਲੀ
ਬੋਲੀ ਮੈਂ

ਜੇ ਤੂੰ ਮੇਰੇ 'ਚ ਰਹਿ ਨਹੀਂ ਸਕਦੀ
ਤਾਂ ਕੀ ਹੋਇਆ
ਮੈਂ ਤੇਰੇ 'ਚ ਰਹਿ ਸਕਦੀ ਹਾਂ
ਉਨ੍ਹਾ ਚਿਰ
ਜਿੰਨ੍ਹਾ ਚਿਰ
ਤੂੰ ਆਪਣਾ ਦਰ ਖੁੱਲ੍ਹਾ ਰੱਖੇਂਗੀ
ਮੈਂ ਰਹਾਂਗੀ
ਤੇਰੇ ਸੰਗ ਉਮਰ ਭਰ
ਕਬਜੇ ਦੀ ਥਾਂ ਪਹਿਚਾਣ ਦੀ
ਜੇ ਤੂੰ ਮੇਰੇ 'ਤੇ ਨਜ਼ਰ ਰਖੇਗੀ!

-0-

ਮੈਂ ਤੂੰ ਦੀ
ਤੂੰ ਮੈਂ ਦੀ ਤਲਾਸ਼ 'ਚ ਨਿਕਲੀ
ਇਕ ਦੂਜੀ 'ਚ
ਪਲ ਭਰ ਬਹਿਣ ਲਈ
ਕੁੱਝ ਸੁਣਨ ਲਈ
ਕੁੱਝ ਕਹਿਣ ਲਈ

-0-

# ਅਸੰਭਵ ਨਹੀਂ

ਖੰਭਹੀਣ ਪੰਛੀ ਸੀ
ਲੰਬੀ ਉੱਡਾਰੀ ਪਾਟੇ ਰਾਹ
ਮੰਜ਼ਿਲ ਧੁੰਧਲੀ ਸੀ
−0−
ਨਾ ਅੰਬਰ ਤੇ ਜੰਗਲ
ਨਾ ਕੋਈ ਜਲਧਾਰਾ
ਨਾ ਚੁਗਣ ਲਈ ਦਾਣਾ
ਨਾ ਕੋਈ ਰਾਤ ਕੱਟਣ ਦਾ ਸਹਾਰਾ
−0−
ਪੰਛੀ ਵਿਚਲਾ ਪੰਛੀ ਬੋਲਿਆ
ਤੂੰ ਪੈਰਾਂ ਦੀ ਥਾਂ
ਖੰਭਾਂ ਨਾਲ ਕਿਉਂ ਨਹੀਂ ਟੁਰਦਾ
ਖੰਭਾਂ ਦੀ ਥਾਂ
ਪੈਰਾਂ ਨਾਲ ਕਿਉਂ ਨਹੀਂ ਉੱਡਦਾ
ਧਰਤੀ ਨੂੰ ਅੰਬਰ
ਅੰਬਰ ਨੂੰ ਧਰਤੀ
ਕਿਉਂ ਨਹੀਂ ਸਮਝਦਾ
−0−
ਪੰਛੀ
ਅੰਦਰਲੇ ਪੰਛੀ ਨੂੰ ਬੋਲਿਆ
ਸਭ ਤੋਂ ਪਹਿਲਾਂ
ਮੈਂ ਆਪਣਾ ਆਲ੍ਹਣਾ
ਰੁੱਖ ਦੀ ਥਾਂ ਧਰਤੀ ’ਤੇ ਪਾਉਂਦਾ ਹਾਂ
ਅੰਬਰ ’ਤੇ ਉੱਡਣ ਦਾ
ਚੇਤਾ ਭੁਲਾਉਂਦਾ ਹਾਂ
−0−
ਅੰਦਰਲਾ ਪੰਛੀ ਬੋਲਿਆ
ਇਸ ਤਰ੍ਹਾਂ
ਤੂੰ ਧਰਤੀ ’ਤੇ ਉੱਡਣ ਦਾ

ਆਦੀ ਹੋ ਜਾਏਗਾ
ਅੰਬਰੀਂ ਉੱਡਾਰੀ ਭੁਲੇਗਾ
ਸਿਰਜਕ ਜ਼ਿੰਦਗੀ ਹੰਢਾਏਗਾ
ਅੰਬਰ ਦੀ ਥਾਂ
ਧਰਤ ਦਾ ਪੰਛੀ ਕਹਾਏਗਾ

–0–

ਪੰਛੀ ਬੋਲਿਆ–
ਮੈਂ ਜਨਮ ਤੋਂ ਹੁਣ ਤਕ
ਖੰਭਾਂ ਦਾ ਆਦੀ ਹਾਂ
ਦੇਹ ਦੀ ਗੁਲਾਮੀ ਹਾਂ
ਖੰਭਾਂ ਦੀ ਆਜ਼ਾਦੀ ਹਾਂ
ਹੁਣ ਮੈਂ ਪੈਰਾਂ ਨੂੰ
ਖੰਭਾਂ ਦੀ ਆਦਤ ਪਾਉਣੀ ਹੈ
ਅੰਬਰ ਦੀ ਥਾਂ
ਧਰਤ ਧਿਆਉਣੀ ਹੈ

–0–

ਪੰਛੀ ਨੇ
ਆਪਣੇ ਪੁੰਗਰਦੇ ਪਰ ਕੁਤਰੇ
ਤੇ ਅੰਦਰਲੇ ਪੰਛੀ ਦੇ ਹਵਾਲੇ ਕਰ ਦਿੱਤੇ
ਖੰਭਾਂ ’ਚੋਂ ਉਗਾਏ ਪੈਰਾਂ ਸੰਗ
ਅੰਬਰ ’ਚ ਉੱਡਣ ਲੱਗਾ
ਪੈਰਾਂ ’ਚੋਂ ਉੱਗੇ ਖੰਭਾਂ ਸੰਗ
ਧਰਤੀ ’ਤੇ ਟੁਰਨ ਲੱਗਾ

–0–

ਪੰਛੀ ਹੁਣ
ਧਰਤੀ ’ਤੇ ਪਾਏ ਆਲ੍ਹਣੇ ’ਚ ਰਹਿੰਦਾ
ਧਰਤੀ ਦਾ ਜਲ ਪੀਂਦਾ ਚੋਗਾ ਚੁਗਦਾ
ਆਪਣੇ ਅੰਦਰਲੇ ਨੂੰ ਸਿਮਰਦਾ
ਜਿਸ ਉਸਨੂੰ
ਅੰਬਰ ਤੋਂ ਧਰਤੀ
ਧਰਤੀ ’ਚੋਂ ਅੰਬਰ ਦਿਖਾਇਆ ਸੀ.

ਖੰਭਾਂ ਦਾ ਫ਼ਿਕਰ
ਲੰਬੀ ਉੱਡਾਰੀ ਪਾਟੇ ਰਾਹ
ਤੇ ਧੁੰਧਲੀ ਮੰਜ਼ਿਲ ਦਾ ਭਾਰ
ਦਿਲ ਦਿਮਾਗ ਤੋਂ ਲਾਹਿਆ ਸੀ
ਮਨ ਤੂੰ ਜੋਤ ਸਰੂਪ ਹੈਂ
ਦਾ ਦੀਵਾ
ਮਸਤਕ 'ਚ ਜਗਾਇਆ ਸੀ

−0−

ਪੰਖਹੀਣ ਪੰਛੀ ਸੀ
ਲੰਬੀ ਉੱਡਾਰੀ ਪਾਟੇ ਰਾਹ
ਮੰਜ਼ਿਲ ਧੁੰਧਲੀ ਸੀ

−0−

# ਬੰਦ ਦਰਵਾਜ਼ਾ

ਖੁੱਲ੍ਹੀ ਹਵਾ ਖਾ ਕੇ
ਘਰ ਮੁੜਿਆ ਹਾਂ
ਦਰਵਾਜ਼ਾ
ਅਜਨਬੀਆਂ ਵਾਂਗ ਝਾਕਦਾ ਹੈ
ਕੁੱਝ ਸੁਣਦਾ ਨਾ ਆਖਦਾ ਹੈ
ਸੋਚਦਾ ਹਾਂ
ਅਰਧਾਂਗਣੀ ਤਾਂ ਘਰ ਸੀ
ਘਰ ਦਾ ਖੁੱਲ੍ਹਾ ਦਰ ਸੀ
ਨਾ ਚਾਬੀ ਹੀ ਮੇਰੇ ਕੋਲ ਹੈ
ਦਸਤਕ ਦੇ ਇਵਜ਼ 'ਚ
ਸੁਣਦਾ ਨਾ ਕੋਈ ਬੋਲ ਹੈ

–0–

ਗੁਆਂਢਣ ਖਿੜਕੀ 'ਚੋਂ
ਇਸ਼ਾਰੇ ਨਾਲ ਬੁਲਾਉਂਦੀ ਹੈ
ਇਕ ਕਾਗਜ਼ ਦਾ ਟੁਕੜਾ
ਤੇ ਚਾਬੀਆਂ ਮੈਨੂੰ ਫੜਾਉਂਦੀ ਹੈ
"ਮੈਂ ਜਾ ਰਹੀ ਹਾਂ
ਖੁੱਲ੍ਹੀ  ਹਵਾ ਦੀ ਤਲਾਸ਼ 'ਚ"
ਮੇਰੀ ਅਰਧਾਂਗਣੀ
ਮੈਨੂੰ ਅਲਵਿਦਾ ਕਹਿ ਗਈ
ਮੇਰੇ ਪੈਰਾਂ 'ਚੋਂ ਧਰਤ ਖਿਸਕੀ
ਸਿਰ 'ਤੇ
ਅੰਬਰ ਦੀ ਛੱਤ ਢਹਿ ਪਈ

–0–

ਕੌਣ ਦੋਸ਼ੀ ਹੈ
ਇਹ ਜਾਨਣਾ ਜ਼ਰੂਰੀ ਨਹੀਂ
ਜ਼ਰੂਰੀ ਹੈ
ਹਰ ਸ਼ਖਸ ਲਈ ਖੁੱਲ੍ਹੀ ਹਵਾ
ਆਪਣੀ ਪੂਜਾ ਆਪਣਾ ਖੁਦਾ

ਖੁੱਲ੍ਹੀ ਹਵਾ ਦੀ ਚੁੱਪ ਹੀ
ਅੰਦਰ ਦਾ ਸ਼ੋਰ ਸੀ
ਸ਼ੋਰ 'ਚ ਚੁੱਪ ਹੋ ਗਿਆ
ਘਰ ਦੀਆਂ ਖੁਸ਼ੀਆਂ ਦਾ
ਨੱਚਦਾ ਮੋਰ ਸੀ

-0-

ਅਰਧਾਂਗਣੀ ਪ੍ਰਾਣ ਸੀ
ਪ੍ਰਾਣ ਦਾ ਕੀ ਆਵੇ ਨਾ ਆਵੇ
ਆਏ ਦਾ ਅਹਿਸਾਸ ਹੈ
ਗਏ ਦੀ ਖ਼ਬਰ ਨਹੀਂ
ਇਸ ਬੇਖ਼ਬਰੀ 'ਚ ਜਿਉਂਦੇ
ਹਯਾਤੀ ਗੁਜ਼ਰ ਗਈ
ਅਹਿਸਾਸ ਪਿੱਛੇ ਰਹਿ ਗਿਆ
ਜ਼ਿੰਦਗੀ ਅੱਗੇ ਨਿਕਲ ਗਈ

-0-

ਬਾਹਰ ਖੜ੍ਹਾ
ਘਰ ਦੀਆਂ ਕੰਧਾਂ 'ਚੋਂ
ਇਕ ਕੰਧ ਹਾਂ ਮੈਂ
ਛੱਤ ਵਿਹੂਣੇ ਘਰ ਦਾ
ਬੂਹਾ ਬੰਦ ਹਾਂ ਮੈਂ
ਹਵਾ
ਘਰ ਦੀ ਛੱਤ ਉੱਡਾ ਕੇ ਲੈ ਗਈ
ਕਮਰਿਆਂ ਦੀ ਚੁੱਪ
ਕੰਧਾਂ ਦੀ ਉਦਾਸੀ
ਅੰਬਰੀਂ ਜਾ ਬਹਿ ਗਈ
ਘਰ ਦਾ ਵਿਹੜਾ ਰੌਸ਼ਨੀ ਲਈ
ਘਰ ਦੀ ਵਲਗਣ ਟੱਪ ਗਿਆ
ਦੂਰ ਕਿਧਰੇ ਵਸ ਗਿਆ
ਜਿੱਥੇ ਮਰਜ਼ੀ ਦੀ ਖੁੱਲ੍ਹੀ ਹਵਾ ਹੈ
ਨਾ ਨਜ਼ਰ 'ਚ ਕੰਧਾਂ
ਨਾ ਕਮਰਿਆਂ ਦੀ

ਤੰਗਦਿਲੀ ਦਾ ਅਹਿਸਾਸ
ਜ਼ਿੰਦਗੀ ਦਾ ਸਭ ਕੁੱਝ ਹੈ
ਜ਼ਿੰਦਗੀ ਦੇ ਪਾਸ

–0–

ਸਾਇਆ
ਜੋ ਕਹਿ ਗਿਆ ਸੀ ਅਲਵਿਦਾ
ਸੁਣਿਆ ਉਦਾਸ ਹੈ
ਇਹ ਦੇਹ ਤੋਂ ਦੇਹ ਤਕ ਦਾ ਸਫ਼ਰ ਨਹੀਂ
ਇੱਛਾਵਾਂ ਤੋਂ
ਇੱਛਾਵਾਂ ਤਕ ਦਾ ਵਿਸਥਾਰ ਹੈ
ਨਾ ਸਕੂਨ ਇਸ ਦਾ ਹਸ਼ਰ ਹੈ
ਨਾ ਸੱਚ ਇਸ ਦਾ ਆਗਾਜ਼ ਹੈ

–0–

ਖੁੱਲ੍ਹੀ ਹਵਾ ਖਾ ਕੇ
ਘਰ ਮੁੜਿਆ ਹਾਂ
ਦਰਵਾਜ਼ਾ
ਅਜਨਬੀਆਂ ਵਾਂਗ ਝਾਕਦਾ ਹੈ
ਕੁੱਝ ਸੁਣਦਾ ਨਾ ਆਖਦਾ ਹੈ

–0–

# ਰੁੱਖ ਸਿਰਜਕ ਤੇ ਸਿਰਜਣਾ

ਉਹ ਸਾਰੀ ਉਮਰ
ਆਪਣੇ ਅੰਗ ਨਕਸ਼
ਤੇ ਚਿਹਰਾ ਘੜਦਾ ਰਿਹਾ
ਆਪਣੇ ਜਿਹੇ
ਕਈ ਪੁਤਲੇ ਬਣਾ ਕੇ
ਪੁਸਤਕਾਂ ਵਾਂਗ
ਆਪਣੀ ਬੁੱਕ ਸੈਲਫ਼ 'ਚ ਧਰਦਾ ਰਿਹਾ

-0-

ਈਦ ਆਈ
ਪੁਤਲਿਆਂ ਨੂੰ ਮਿਲਣ ਤੋਂ ਪਹਿਲਾਂ
ਉਹ ਆਪਣੇ ਆਪ ਨੂੰ ਮਿਲਿਆ
ਉਸ ਆਪਣਾ ਚਿਹਰਾ
ਆਪਣੇ ਦਰਪਣ 'ਚੋਂ ਤੱਕਿਆ
ਉਹ ਆਪਣੇ ਆਪ ਨੂੰ ਓਪਰਾ ਲਗਿਆ
ਉਸ ਵੇਖਿਆ
ਉਸ ਦੀ ਸਿਰਜਣਾ
ਉਸ ਦੀ ਸ਼ਨਾਖਤ ਹੈ
ਮੂਲ ਹੈ ਸਿਰਜਣਾ
ਉਹ ਤਾਂ ਅਕਾਰਥ ਹੈ
ਉਸ ਦਾ ਆਪਣਾ ਸੱਚ ਕੋਈ ਨਹੀਂ
ਉਸ ਦੀ ਸਿਰਜਣਾ ਹੀ
ਉਸ ਦੀ ਹੋਂਦ ਹੈ
ਉਸ ਦੀ ਆਪਣੀ ਜੜ੍ਹ ਕੋਈ ਨਹੀਂ
ਉਹ ਟਹਿਣੀ 'ਤੇ ਲੱਗੀ ਪਿਉਂਦ ਹੈ
ਉਹ ਪੁਤਲਿਆਂ ਨੂੰ ਮਿਲਣ ਤੋਂ ਬਿਨਾਂ ਹੀ
ਘਰ ਪਰਤਿਆ
ਸ਼ਨਾਖਤ ਖੁਸਣ ਦੇ ਡਰ ਨੇ
ਉਸ ਦੀ ਦੇਹ ਨੂੰ ਜਕੜਿਆ
ਉਸ ਸੋਚਿਆ ਵੇਖਦੇ ਹਾਂ

ਘਰ ਦਾ ਦਰ ਪਹਿਚਾਣਦਾ ਹੈ ਕਿ ਨਹੀਂ
ਉਹ ਦਰ ਦੇ ਜਦ ਰੂ-ਬ-ਰੂ ਹੋਇਆ
ਦਰ ਉਸ ਦੇ ਗਲ਼ ਲਗ ਕੇ
ਬੜਾ ਹੀ ਰੋਇਆ
ਬੋਲਿਆ
ਪੁਤਲਿਆਂ ਨੂੰ ਮਿਲਣ ਬਿਨਾਂ ਹੀ
ਪਰਤ ਆਇਆ ਹੈ
ਕਿ ਸਿਰਜਕ ਤੋਂ ਪੁਤਲਾ ਕਹਾਏਗਾ
ਆਪਣੇ ਆਪ 'ਚ
ਕਦੀ ਨਾ ਪਰਤ ਪਾਏਂਗਾ
ਦਰ ਦੀਆਂ ਅੱਖਾਂ 'ਚ ਅੱਥਰੂ ਵੇਖ ਕੇ
ਉਹ ਬੜਾ ਹੀ ਪਛਤਾਇਆ
ਖ਼ੜ੍ਹੇ ਪੈਰੀਂ
ਉਹ ਬੁੱਕ ਸ਼ੈਲਫ਼ ਤੱਕਣ ਲਈ ਪਰਤ ਆਇਆ
ਪੁਤਲੇ ਉਸ ਦਾ
ਉਹ ਪੁਤਲਿਆਂ ਦਾ ਸੱਚ ਨਜ਼ਰ ਆਇਆ!
ਪੁਤਲੇ
ਉਸ ਨੂੰ ਆਹਟ ਤੋਂ ਪਹਿਚਾਣਦੇ ਸਨ
ਉਸ ਦੀ ਮਹਿਕ ਤੋਂ ਸਿਆਣਦੇ ਸਨ
ਉਹ ਕੌਣ ਹੈ ਕੀ ਹੈ
ਉਸਨੂੰ ਉਸ ਤੋਂ ਵੱਧ ਜਾਣਦੇ ਸਨ!

-0-

## ਸਮੁੰਦਰ ਤੇ ਨਦੀ

ਸਮੁੰਦਰ ਸੜਦਾ ਤੱਕਦਾ ਹਾਂ
ਭਾਂਬੜ ਵਾਂਗ ਮਚਦਾ ਹਾਂ
ਪਿੰਡ ਦੀ ਨਦੀ 'ਚ ਆਪਾ ਉਤਾਰਦਾ ਹਾਂ
ਤਪਦਾ ਅੰਦਰ ਠਾਰਦਾ ਹਾਂ
–0–
ਬੇਸ਼ਕ ਸਮੁੰਦਰ ਚਿਹਰਾ
ਨਦੀ ਪਿੱਠ ਹੈ ਮੇਰੀ
ਡਰ ਹੈ ਸਮੁੰਦਰ ਵਿਚਲੀ ਹਨੇਰੀ
ਨਦੀ ਦੇ ਪਿੰਡੇ ਨੂੰ ਝੁਲਸ ਨਾ ਜਾਏ
ਪਾਣੀ ਨੂੰ ਅੱਗ ਲਗ ਨਾ ਜਾਏ
ਡੱਡੀਆਂ ਮੱਛੀਆਂ ਸੜ ਨਾ ਜਾਵਣ
ਖੇਤਾਂ 'ਚ ਫ਼ਸਲਾਂ
ਨਦੀ ਕਿਨਾਰੇ ਰੁੱਖ ਪਲੇਠੇ ਬਲ਼ ਨਾ ਜਾਵਣ
–0–
ਸ਼ਾਲਾ ਨਦੀ ਉਵੇਂ ਦੀ ਉਵੇਂ ਹੋਵੇ
ਜਿਹੋ ਜਿਹੀ ਬਚਪਣ 'ਚ ਸੀ
ਕਦੀ ਖੇਡਦੀ ਖੇਡਦੀ
ਕੰਢਿਉਂ ਬਾਹਰ ਵਗਦੀ ਸੀ
ਕਦੀ ਬਾਪੂ ਦੀ ਝਿੜਕ 'ਤੇ
ਸੁੰਗੜੀ-ਸੁੰਗੜੀ ਲਗਦੀ ਸੀ
–0–
ਤ੍ਰਿਕਾਲੀਂ ਪਿੰਡ ਦੇ ਵਡੇਰੇ
ਨਦੀਂ ਕਿਨਾਰੇ ਟਹਿਲਦੇ
ਪੰਛੀ ਦਾਤੇ ਦਾ ਸ਼ੁਕਰ ਮਨਾਂਦੇ
ਪਸ਼ੂ ਧਾਰਾਂ ਲਈ ਅੜਿੰਗਦੇ
ਮੇਰਾ ਪਿੰਡ ਹੱਸਦਾ ਵਸਦਾ
ਖੰਡ ਦਾ ਖਿਡਾਉਣਾ ਜਾਪਦਾ
ਗਲ਼ੀਆਂ 'ਚੋਂ ਜੁਆਕਾਂ ਦਾ ਸ਼ੋਰ
ਚੁੱਲ੍ਹਿਆਂ ਚੋਂ ਧੂੰਆਂ ਉੱਠਦਾ

ਚਾਂਦਨੀ ਦੇ ਨੂਰ ਦੀ ਚਾਦਰ
ਪਿੰਡ ਦੀ ਜਵਾਨੀ ਉੜਦੀ
ਕੁਦਰਤ 'ਚੋਂ ਕਾਦਰ
ਕਾਦਰ 'ਚੋਂ ਕੁਦਰਤ ਬੋਲਦੀ !

−0−

ਨਦੀ ਕਿਨਾਰੇ ਪਿੰਡ ਦੀਆਂ ਤ੍ਰੀਮਤਾਂ
ਕੱਪੜਿਆਂ ਸੰਗ
ਮਨ ਦੀਆਂ ਮੈਲਾਂ ਧੋਂਦੀਆਂ
ਗੋਕਾ ਮਾਝਾ ਪੀ ਕੇ
ਪਿੰਡ ਦੇ ਮੌਸਮ ਰੁੱਤਾਂ
ਢੋਲਾ ਮਹੀਆ ਗਾਉਂਦੀਆਂ
ਅੰਬਾਂ ਦੇ ਬੂਟੇ ਬੂਰ ਸੰਗ ਲੱਦੇ
ਕੋਇਲਾਂ ਦੇ ਦਿਲ ਭਰਮਾਉਂਦੇ
ਬਹਾਰਾਂ ਵਸਲਾਂ ਉੱਡੀਕਦੀਆਂ
ਮੌਸਮ ਅੱਖਾਂ ਮਟਕਾਉਂਦੇ
ਬੱਦਲ ਗੜ੍ਹਕਣ
ਬਿਜਲੀ ਚਮਕੇ ਪੌਣ ਮਚਾਏ ਸ਼ੋਰ
ਅੰਬਰੀਂ ਪੀਂਘ ਪਏ ਸਤਰੰਗੀ
ਬਾਗੀ ਨੱਚਣ ਮੋਰ!

−0−

ਮੇਰੇ ਪਿੰਡ ਨੂੰ
ਤੱਤੀ 'ਵਾ ਨਾ ਲਗੇ
ਸੁੱਖ ਸ਼ਾਂਤੀ ਪੂਰਾ ਅਮਨ ਦਾ
ਹਰ ਜੂਐ ਵਗੇ
ਪੀਰਾਂ ਫਕੀਰਾਂ ਦੀ ਧਰਤੀ ਹੈ
ਰੱਬ ਦਾ ਜਿਸ 'ਤੇ ਡੇਰਾ
ਰਾਂਝੇ ਮਿਰਜ਼ੇ
ਸੋਹਣੀਆਂ ਸੱਸੀਆਂ ਖੇਡੀਆਂ ਜਿੱਥੇ
ਉਹ ਪਿੰਡ ਸੱਜਣਾ ਮੇਰਾ
ਮੈਂ ਚਾਹੁੰਦਾ ਹਾਂ
ਪਿੰਡ ਦੀ ਨਦੀ ਦਾ ਜਲ ਹੋ ਜਾਵਾਂ

ਲੋਕਾਂ ਦਾ ਭੂਤ ਭਵਿੱਖ ਅੱਜ ਹੋ ਜਾਵਾਂ
ਪਿੰਡ ਦੇ ਹਰ ਰੁੱਖ ਦਾ ਪੱਤਾ
ਮੇਰੇ 'ਚੋਂ ਪੁੰਗਰੇ ਮੇਰੇ 'ਚ ਸਮਾਏ
ਮੈਂ ਪਿੰਡ 'ਚੋਂ
ਪਿੰਡ ਮੇਰੇ 'ਚੋਂ ਨਜ਼ਰੀਂ ਆਏ !

-0-

ਸਮੁੰਦਰ ਸੜਦਾ ਤੱਕਦਾ ਹਾਂ
ਭਾਂਬੜ ਵਾਂਗ ਮਚਦਾ ਹਾਂ
ਪਿੰਡ ਦੀ ਨਦੀ 'ਚ
ਆਪਾ ਉਤਾਰਦਾ ਹਾਂ
ਤਪਦਾ ਅੰਦਰ ਠਾਰਦਾ ਹਾਂ !

-0-

# ਮੋਹ ਦੇ ਜਾਲ਼

ਮੋਹ ਦੇ ਕਿਲ੍ਹੇ
ਜੋ ਉਸਾਰਦਾ ਹੈ ਆਦਮੀ
ਜਨਮ ਮਰਨ
ਇਸ ਕੈਦ 'ਚ ਗੁਜ਼ਾਰਦਾ ਹੈ ਆਦਮੀ
ਇਹ ਪਿੱਛਾ ਨਹੀਂ ਛੱਡਦੇ
ਇਹ ਗਲ਼ੋਂ ਨਹੀਂ ਲਹਿੰਦੇ
ਜ਼ਹਿਰ ਹਨ
ਪਰ ਸ਼ਹਿਦ ਵਾਂਗ
ਮਨੁੱਖ ਨੂੰ ਚਿਮੜੇ ਰਹਿੰਦੇ

-0-

ਜਿਉਂਦੇ ਲੋਕ
ਮੜ੍ਹੀਆਂ 'ਤੇ ਦੀਵੇ ਜਗਾਉਂਦੇ ਹਨ
ਮੋਹ ਦੀਆਂ ਤੰਦਾਂ
ਲਹੂ ਸੰਗ ਨਿਭਾਉਂਦੇ ਹਨ
ਇਹ ਮਿੱਠੇ ਮੋਹ ਦੇ ਕੀੜੇ
ਜਿਸ ਵੀ ਰੁੱਖ ਨੂੰ ਲਗਦੇ ਹਨ
ਜੜ੍ਹ ਤੋਂ ਪੱਤਿਆਂ ਤਕ
ਉਸ ਦਾ ਲਹੂ ਚੱਟਦੇ ਹਨ
ਇਹ ਕਬਰਾਂ 'ਚ ਵੀ ਜਿਉਂਦੇ ਹਨ
ਮਰ ਕੇ ਵੀ ਨਹੀਂ ਮਰਦੇ
ਇਹ ਨੈਣਾਂ ਦੀ ਗੰਗਾ 'ਚੋਂ
ਘੁੱਟ ਹੰਝੂਆਂ ਦੇ ਹਨ ਭਰਦੇ

-0-

ਇਹ ਪੰਛੀ ਦੀ ਉਡਾਰੀ 'ਚ
ਖੰਭਾਂ ਸੰਗ ਬੱਝੇ ਪੱਥਰ ਹਨ
ਇਹ ਸੀਨੇ 'ਚ ਸੂਲ਼ਾਂ ਹਨ
ਮੱਥੇ 'ਚ ਖੰਜਰ ਹਨ
ਇਹ ਆਪਣੇ ਚਿਹਰੇ ਨੂੰ
ਕਦੀ ਦਰਪਣ ਵਿਖਾਉਂਦੇ ਨਹੀਂ

ਇਹ ਆਪਣੇ ਆਪ ਨੂੰ ਵੀ
ਨਜ਼ਰ ਆਉਂਦੇ ਨਹੀਂ
ਜੀਵਨ ਨਦੀ ਦੇ ਵੇਗ 'ਚ
ਅਟਕੇ ਪਹਾੜ ਹਨ
ਫੁੱਲਾਂ ਦੀ ਅੱਖ 'ਚ ਪੱਥਰ
ਸੀਨੇ 'ਚ ਦਾਗ ਹਨ
-0-
ਇਹ ਕੀੜੇ ਮੋਹ ਦੇ
ਮਨੁੱਖ ਨੂੰ
ਆਪਣੀ ਦਲਦਲ 'ਚ ਉਤਾਰ ਲੈਂਦੇ ਹਨ
ਆਦਮੀ 'ਚੋਂ ਆਦਮੀ
ਖਾਰ ਦਿੰਦੇ ਹਨ
ਇਹ ਸੂਰਜ ਅੰਬਰਾਂ ਦਾ
ਬੁੱਕਲ 'ਚ ਲੈ ਕੇ ਸੀਨਾ ਠਾਰ ਦਿੰਦੇ ਹਨ
ਹਰਿਆਉਲੇ ਰੁੱਖਾਂ ਦੇ ਸੀਨੇ
ਅਗਨ ਉਤਾਰ ਦਿੰਦੇ ਹਨ
-0-
ਇਨ੍ਹਾਂ ਦੇ ਪਿੰਜਰਿਆਂ 'ਚ
ਪ੍ਰਵਾਜ਼ ਲਹੂ ਲੁਹਾਣ ਹੁੰਦਾ ਹੈ
ਪੋਟਾ ਧਰਤੀ ਹੁੰਦੀ ਹੈ
ਚੱਪਾ ਅਸਮਾਨ ਹੁੰਦਾ ਹੈ
ਇਹ ਪ੍ਰਾਣਾਂ ਦੀ ਗਤੀ
ਜਿਸਮ ਦਾ ਲਹੂ ਪੀਂਦੇ ਹਨ
ਇਹ ਅੱਥਰੂ ਸੀਕਦੇ
ਹਾਸੇ ਭੁੰਨ ਦਿੰਦੇ ਹਨ
ਇਹ ਮਾਹੁਰੇ 'ਚ
ਸ਼ਹਿਦ ਗੁੰਨ ਦਿੰਦੇ ਹਨ
ਮਨੁੱਖ ਆਪਾ ਪਹਿਚਾਣ ਨਹੀਂ ਸਕਦਾ
ਆਪਣੀ ਹੋਂਦ
ਆਪਣਾ ਸੱਚ ਜਾਣ ਨਹੀਂ ਸਕਦਾ
ਇਹ ਕੀੜੇ ਮੋਹ ਦੇ

ਆਦਮੀ ਨੂੰ ਖਾ ਜਾਂਦੇ ਹਨ
ਲਹੂ ਮਾਸ 'ਚ
ਕਬਰਾਂ ਉੱਗਾ ਜਾਂਦੇ ਹਨ!

–0–

ਮੋਹ ਦੇ ਕਿਲ੍ਹੇ
ਜੋ ਉਸਾਰਦਾ ਹੈ ਆਦਮੀ
ਜਨਮ ਮਰਨ
ਇਸ ਕੈਦ 'ਚ
ਗੁਜ਼ਾਰਦਾ ਹੈ ਆਦਮੀ!

–0–

# ਭੀੜ

ਉਹ ਜਿਸ ਰਾਹ 'ਤੇ ਟੁਰਿਆ
ਉਸ ਆਪ ਚੁਣਿਆ ਸੀ
ਉਸ ਨੇ ਜੋ ਕੁੱਝ ਵੀ ਓੜਿਆ
ਆਪ ਬੁਣਿਆ ਸੀ
–0–
ਜੀਵਨ ਰਣ–ਭੂਮੀ 'ਚ
ਉਹ ਹਨੇਰਿਆਂ ਨਾਲ ਲੜਨਾ ਚਾਹੁੰਦਾ ਸੀ
ਜੱਗ ਤੋਂ ਵਖਰਾ
ਵਿਚਰਨਾ ਚਾਹੁੰਦਾ ਸੀ
ਆਪਣੇ ਪ੍ਰਯੋਜਨ ਦਾ ਸੱਚ
ਜਾਣਦਾ ਸੀ ਉਹ
ਰਾਹਾਂ ਦੀਆਂ ਮੁਸ਼ਕਲਾਂ
ਪਹਿਚਾਣਦਾ ਸੀ ਉਹ!
–0–
ਉਹ ਸ਼ਹਿਰ 'ਚੋਂ ਲੰਘਿਆ
ਉਸ ਦੁਆਲੇ ਭੀੜ ਸੀ
ਸੁੰਦਰ ਨਕਸ਼ਾਂ ਦੀ
ਦਿਲਕਸ਼ ਤਸਵੀਰ ਸੀ
ਜਿਸ ਦੇ ਰੰਗਾਂ
ਉਸਨੂੰ ਆਪਣੇ 'ਚ ਉਤਾਰਿਆ
ਉਸ ਦੇ ਰੰਗ 'ਤੇ
ਆਪਣਾ ਰੰਗ ਚਾੜ੍ਹਿਆ
ਉਹ ਭੀੜ ਹੋ ਗਿਆ
ਆਪਣੀ ਵਿਲੱਖਣਤਾ ਭੁੱਲ ਗਿਆ
ਭੀੜ ਦਾ ਸ਼ੋਰ ਹੋ ਗਿਆ
–0–
ਹੁਣ
ਨਾ ਉਸ 'ਚੋਂ ਸੂਰਜ ਉੱਗਦਾ
ਨਾ ਸਮਾਂ

ਉਸ ਦੀ ਪਿੱਠ ਥਾਪੜਦਾ
ਨਾ ਉਹ ਭੀੜ ਦਾ ਰਿਹਾ
ਨਾ ਆਪਣੇ ਆਪ ਦਾ
ਵਰ ਤੋਂ ਸਰਾਪ ਹੋ ਗਿਆ ਸੀ ਉਹ
ਸੱਚ ਦਾ ਭਰਮ
ਬੁਝਿਆ ਚਿਰਾਗ ਹੋ ਗਿਆ ਸੀ ਉਹ

–0–

ਉਹ ਐਸਾ ਭੀੜ 'ਚ ਰਲ਼ਿਆ
ਨਾ ਸੂਰਜ ਚੰਨ ਤਾਰਾ ਹੀ ਬਣਿਆ
ਨਾ ਸ਼ਬਦ ਅਰਥ ਹੀ ਰਿਹਾ
ਭੀੜ 'ਚ
ਉਹ ਆਪਣਾ ਬੋਲ ਖੋਹ ਗਿਆ
ਆਪਣਾ ਭਰਮ
ਭੀੜ ਦਾ ਸੱਚ ਹੋ ਗਿਆ।

–0–

ਉਸ ਦੇ ਧੜ ਤੇ ਭੀੜ ਦਾ ਸਿਰ ਸੀ
ਪੈਰਾਂ 'ਚ ਭੀੜ ਦੀਆਂ ਅੱਖਾਂ
ਚਿਹਰੇ 'ਤੇ ਭੀੜ ਦੇ ਨਕਸ਼
ਜਿਸਮ 'ਚ ਭੀੜ ਦੀ ਰੂਹ ਸੀ
ਉਸ ਦੀ ਚੇਤਨਾ ਪੱਥਰਾ ਗਈ ਸੀ
ਜੀਵਨ ਗਤੀ ਬੁੱਸ ਗਈ ਸੀ
ਉਸ 'ਚ
ਜੀਵਨ ਤਲਾਸ਼ ਮੁਕ ਗਈ ਸੀ
ਭੀੜ ਉਸ ਦਾ ਵਜੂਦ ਸੀ
ਭੀੜ 'ਚ ਉਹ ਮੌਜੂਦ ਸੀ

–0–

ਉਸ ਵਿਚਲਾ ਸੂਰਜ ਡੁੱਬ ਗਿਆ
ਹਨੇਰੀਆਂ ਤੂਫਾਨਾਂ ਝੱਖੜਾਂ ਦਾ ਉਤਸ਼ਾਹ
ਹੋ ਪੱਥਰ ਗਿਆ
ਉਹ ਦੁਨੀਆ ਸਿਰਜਣ ਲਈ ਨਹੀਂ
ਦੁਨੀਆ ਲਈ ਲੜਦਾ ਰਿਹਾ

ਆਪਣੇ ਹੀ ਧੜ 'ਤੇ
ਸਿਰ ਭੀੜ ਦਾ ਧਰਦਾ ਰਿਹਾ

–0–

ਉਹ ਚਿੰਰਜੀਵਤਾ ਤੋਂ
ਪਲ ਹੋ ਕੇ ਰਹਿ ਗਿਆ
ਨਿਰੰਤਰਤਾ ਦਾ ਖ਼ੁਆਬ ਸੀ
ਬਿੰਦੂਆਂ 'ਚ ਢਲ਼ ਗਿਆ
ਵਰਤਮਾਨ ਦੀ ਤਲ਼ੀ 'ਤੇ
ਭਵਿੱਖ ਦਾ ਜਗਦਾ ਚਿਰਾਗ ਸੀ
ਹਨੇਰਿਆਂ ਦਾ ਕਰਮ ਬਣ ਕੇ ਰਹਿ ਗਿਆ
ਜੀਵਨ ਯਥਾਰਥ ਭੁੱਲ ਗਿਆ
ਉਸ ਦਾ ਆਪਾ
ਭੀੜ 'ਚ ਪੈਰ ਧਰਦਿਆਂ ਹੀ
ਮਰ ਗਿਆ
ਜ਼ਿੰਦਗੀ ਦੀ ਲਾਸ਼
ਸੂਰਜ ਸਿਰਹਾਣੇ ਧਰ ਗਿਆ!

–0–

ਉਹ ਜਿਸ ਰਾਹ ਤੇ ਟੁਰਿਆ
ਉਸ ਆਪ ਚੁਣਿਆ ਸੀ
ਉਸ ਨੇ ਜੋ ਕੁੱਝ ਵੀ ਓੜ੍ਹਿਆ
ਆਪ ਬੁਣਿਆ ਸੀ!

–0–

## ਪਹਿਚਾਣ ਦਾ ਸਫ਼ਰ

ਰੁੱਖ
ਬੂੰਦ
ਕਣ
ਜ਼ਰਾ ਤੇ ਮਿੱਟੀ
ਆਪਣੀ ਆਪਣੀ
ਸ਼ਨਾਖਤੀ ਭਾਲ 'ਚ ਨਿਕਲੇ
ਰੁੱਖ ਜੰਗਲ 'ਚ
ਬੂੰਦ ਸਾਗਰ 'ਚ
ਕਣ ਪਹਾੜ 'ਚ
ਜ਼ਰਾ ਸਹਿਰਾ 'ਚ
ਮਿੱਟੀ ਧਰਤ 'ਚ ਉਤਰੀ !

-0-

ਜੰਗਲ 'ਚ
ਪੱਤਿਆਂ ਪੰਛੀਆਂ ਤੇ ਹਵਾਵਾਂ ਦਾ ਸ਼ੋਰ ਸੀ
ਪਰ ਜੰਗਲ ਖਾਮੋਸ਼ ਸੀ
ਸਾਗਰ 'ਚ
ਜੀਵ ਜੰਤੂਆਂ ਦੀ ਭੀੜ ਸੀ
ਪਰ ਸਾਗਰ ਸ਼ਾਂਤ ਸ੍ਰੋਤ ਸੀ
ਪਹਾੜਾਂ 'ਚ
ਪਹਾੜੀ ਜੀਵਨ ਦਾ ਚੀਕ ਚਿਹਾੜਾ ਸੀ
ਪਰ ਪਹਾੜ ਅਡੋਲ ਤੇ ਗੰਭੀਰ ਸੀ
ਸ਼ਹਿਰਾਂ 'ਚ ਤਪਸ਼ ਸੀ ਪਿਆਸ ਸੀ
ਪਰ ਸਹਿਰਾ ਜਲ ਦਾ ਅਖੀਰ ਸੀ
ਧਰਤੀ 'ਤੇ ਮਨੁੱਖਤਾ ਦਾ ਭਾਰ ਸੀ
ਪਰ ਧਰਤੀ ਉਤਪਤੀ ਦੀ ਤਾਸੀਰ ਸੀ
ਮਮਤਾ ਦੀ ਜ਼ਮੀਰ ਸੀ

-0-

ਰੁੱਖ ਨੇ

ਜੰਗਲ ਦੀ ਖਾਮੋਸ਼ੀ ਨੂੰ ਵਰ ਲਿਆ
ਬੂੰਦ ਨੇ ਸਾਗਰ ਦਾ ਘੁੱਟ ਭਰ ਰਿਆ
ਕਣ ਨੇ ਪਹਾੜ
ਆਪਣੇ ਪਲਕੀਂ ਬਿਠਾ ਲਿਆ
ਜ਼ਰੇ ਨੇ ਸ਼ਹਿਰਾਂ ਦਾ ਸੱਚ ਪਾ ਲਿਆ
ਮਿੱਟੀ ਨੇ ਧਰਤ ਸੰਗ
ਆਪਾ ਵਟਾਅ ਲਿਆ

–0–

ਰੁੱਖ ਰੁੱਖ ਬੂੰਦ–ਬੂੰਦ
ਕਣ ਕਣ ਜ਼ਰਾ ਜ਼ਰਾ
ਮਿੱਟੀ ਮਿੱਟੀ ਨਾ ਰਹੀ
ਆਪਣੀ ਆਪਣੀ
ਪਹਿਚਾਣ ਲਈ ਨਿਕਲੇ ਸਨ
ਆਪਣਾ ਆਪਣਾ ਵਜੂਦ ਗੁਆ ਲਿਆ
ਵਜੂਦ ਬਦਲੇ ਵਜੂਦ ਦਾ ਸੱਚ ਪਾ ਲਿਆ

–0–

ਰੁੱਖ ਬੂੰਦ ਕਣ ਜ਼ਰੇ ਮਿੱਟੀ ਨੇ ਪ੍ਰਵਚਨਿਆ
ਆਪਣੇ ਤੇ ਪੈਰ ਟਿਕਾਅ ਕੇ ਜੇ ਲੰਘ ਜਾਈਏ
ਤਾਂ ਸੱਚ ਪਾਈਏ
ਜੰਗਲ, ਪਹਾੜ, ਸਾਗਰ, ਸਹਿਰਾ
ਤੇ ਧਰਤੀ ਨੇ ਉਚਾਰਿਆ
ਆਪਣਾ ਆਪਾ ਗਲ਼ ਨਾਲ ਲਾਈਏ
ਆਪਣਾ ਸੱਚ ਆਪ ਕਹਾਈਐ!

–0–

ਰੁੱਖ ਬੂੰਦ ਕਣ
ਜ਼ਰੇ ਤੇ ਮਿੱਟੀ ਦੇ ਸ਼ਬਦ
ਅਰਥ ਵਲ ਟੁਰੇ
ਅਰਥ ਹੋ ਗਏ
ਅਰਥ ਸ਼ਬਦ ਨੂੰ ਮਿਲੇ ਸੱਚ ਹੋ ਗਏ
ਸੱਚ ਅਭਿਆਸ ਵਲ ਟੁਰਿਆ
ਵਿਗਿਆਨ ਹੋ ਗਿਆ

ਸ਼ਬਦ ਅਰਥ ਦਾ
ਅਰਥ ਸ਼ਬਦ ਦਾ ਪ੍ਰਮਾਣ ਹੋ ਗਿਆ
ਗਵਾਉਣ ਤੋਂ ਪਾਉਣ ਦਾ ਸੱਚ
ਮੈਂ ਤੋਂ ਤੂੰ ਵਲ ਟੁਰਿਆ
ਤਿਆਗ ਹੋ ਗਿਆ
ਵਿਭਿੰਨਤਾ ਨੂੰ ਇਕਾਈ ਦਾ
ਇਕਾਈ ਨੂੰ ਵਿਭਿੰਨਤਾ ਦਾ ਅਹਿਸਾਸ ਹੋ ਗਿਆ
ਸ਼ਬਦ 'ਚ ਅਰਥ ਦਾ
ਅਰਥ 'ਚ ਸ਼ਬਦ ਦਾ ਵਾਸ ਹੋ ਗਿਆ
ਰੁੱਖ, ਬੂੰਦ, ਕਣ, ਜ਼ਰੇ ਤੇ ਮਿੱਟੀ ਦਾ
ਜੰਗਲ, ਸਾਗਰ, ਪਹਾੜ, ਸਹਿਰਾ
ਤੇ ਧਰਤ 'ਚ ਵਾਸ ਹੋ ਗਿਆ।

-0-

## ਸ਼ਹਿਵਤ ਦਾ ਜਾਲ਼

ਉਸਨੂੰ ਆਸਰਾ ਸੀ
ਤੇਰੇ ਸਾਹਾਂ ਦਾ
ਪਰ ਤੂੰ ਸਫ਼ਰ ਨਹੀਂ ਸੈਂ
ਉਸ ਦੇ ਰਾਹਾਂ ਦਾ
ਤੇਰਾ ਚਾਨਣ
ਉਸ ਲਈ ਹਨੇਰਾ ਸੀ
ਉਹ ਤੇਰੇ ਲਈ ਸੂਰਜ ਸੀ ਸਵੇਰਾ ਸੀ

–0–

ਉਸਨੂੰ ਜੇ ਪਤਾ ਹੁੰਦਾ
ਤੇਰੇ ਨੈਣ ਹਨੇਰੇ ਦੇ ਦੁਆਰ ਹਨ
ਰੰਗਾਂ ਦੇ ਘੁੰਡ 'ਚ ਛੁੱਪੀ ਉਜਾੜ ਹਨ
ਉਹ ਕਦੀ ਵੀ
ਤੇਰੀ ਦੇਹ ਦੀ ਨਗਰੀ 'ਚ ਪੈਰ ਨਾ ਧਰਦਾ
ਤੇਰੇ ਰੰਗ 'ਚ ਰੰਗਿਆ ਨਾ ਜਾਂਦਾ
ਤੇਰੇ ਨੈਣਾਂ ਦੀ ਸੂਲ਼ੀ ਟੰਗਿਆ ਨਾ ਜਾਂਦਾ
ਨਾ ਤੇਰੀਆਂ ਨਾੜਾਂ 'ਚ ਟੁਰਦਾ ਉਹ
ਨਾ ਤੇਰੇ ਲਹੂ 'ਚ ਘੁਲ਼ਦਾ ਉਹ

–0–

ਉਸ ਜਦ ਪੈਰ
ਤੇਰੇ ਨੈਣਾਂ ਦੀ ਸਰਦਲ 'ਤੇ ਧਰਿਆ
ਉਸ ਦਾ ਆਪਣਾ ਮੁਰਦਾ
ਉਸ ਦੇ ਨੈਣੀਂ ਤਰਿਆ
ਉਹ ਫੁੱਲ ਸੂਲ਼ੀ ਪੱਥਰ ਦੀ ਚੜ੍ਹਿਆ
ਉਹ ਰੁੱਖ ਸੁੱਕ ਗਿਆ ਹਰਿਆ !

–0–

ਉਹ ਅਹਿਸਾਸ ਸੀ
ਮੌਸਮਾਂ ਰੁੱਤਾਂ ਬਹਾਰਾਂ ਦਾ
ਉਹ ਵਿਸ਼ਵਾਸ ਸੀ
ਰੰਗਾ ਖੁਸ਼ਬੂਆਂ ਗੁਲਜ਼ਾਰਾਂ ਦਾ
ਤੇਰੀ ਦਹਿਲੀਜ਼ ਤੋਂ ਬਾਹਰ

ਉਹ ਆਪਣੇ ਪਾਸ ਸੀ
ਤੇਰੀ ਦਹਿਲੀਜ਼ ਦੇ ਅੰਦਰ
ਉਹ ਖੰਭਹੀਣ ਪੰਛੀ ਸੀ
ਸੁਰ ਸੀ ਨਾ ਸਾਜ਼ ਸੀ
ਮੁਰਦਾ ਪ੍ਰਵਾਜ਼ ਸੀ
-0-
ਤੇਰੀ ਆਗੋਸ਼ 'ਚ
ਉਹ ਕੀ ਆਇਆ
ਉਸ ਆਪਣਾ ਬਲ਼ਦਾ ਸਿਵਾ ਪਾਇਆ
ਉਸ ਚੋਂ ਸੂਰਜ ਨੁਚੜ ਗਏ
ਨੈਣਾਂ ਦੀਆਂ ਨਦੀਆਂ ਸੁੱਕ ਗਈਆਂ
ਤਨ ਦੇ ਸਰੋਵਰ ਦੇ ਪਾਣੀ ਉੱਤਰ ਗਏ
ਹਾਸੇ, ਰੌਣਕਾਂ, ਰੰਗੀਨੀਆਂ
ਉਸ ਨੂੰ ਵਿਸਰ ਗਏ
ਉਸ ਨੇ ਮੌਤ ਆਪਣੇ ਅੰਦਰ ਉਤਾਰ ਲਈ
ਆਪਣੀ ਰੂਹ
ਤੱਪਦਿਆਂ ਥਲਾਂ 'ਚ ਠਾਰ ਲਈ
-0-
ਪਾਨ ਵਾਂਗੂ ਖਾਹ ਕੇ
ਜਦ ਤੂੰ ਉਸਨੂੰ ਥੁੱਕਿਆ
ਚੰਨ ਦਾ ਮੁਖੜਾ ਥੁੱਕਦਾਨ ਨੇ ਚੁੰਮਿਆ
ਤੇਰੀ ਵਾਸਨਾ ਦੇ ਕੀੜੇ
ਜਿਸਮ ਉਸ ਦਾ ਖਾ ਗਏ
ਹਵਾ 'ਚ ਜਗਦਾ ਚਿਰਾਗ
ਬੁੱਕਲ 'ਚ ਲੈ ਕੇ ਬੁਝਾ ਗਏ
ਤੂੰ ਮੱਕੜੀ ਸੈਂ ਹਵਸ ਦਾ ਉਬਾਲ ਸੈਂ
ਉਸ ਦੁਆਲੇ ਸ਼ਹਿਵਤ ਦਾ ਜਾਲ ਸੈਂ
ਤੂੰ ਆਪਣੀ ਹਵਸ ਮਿਟਾ ਲਈ
ਸਾਹ ਪੀਤੇ ਉਸਦੇ ਤੇ ਲਾਸ਼ ਖਾ ਲਈ!
-0-

# ਦੂਜਾ ਕਿਨਾਰਾ

ਉਹ ਟੁਰਦਾ
ਉਸ ਨਾਲ ਸਮਾਂ ਟੁਰਦਾ
ਉਹ ਰੁਕਦਾ
ਧਰਤ ਸੰਗ ਅਕਾਸ਼ ਰੁਕਦਾ
ਰੋਜ਼ਗਾਰ ਦੇ ਗ਼ਮਾਂ
ਉਸ ਦਾ ਸਕੂਨ ਖਾ ਲਿਆ
ਵਤਨ ਛੱਡ
ਪ੍ਰਦੇਸੀ ਰੁੱਖ 'ਤੇ
ਆਲ੍ਹਣਾ ਬਣਾ ਲਿਆ
ਆਪਣੀ ਮੁਹੱਬਤ
ਉਡੀਕ ਦੀ ਸੂਲ਼ੀ ਟੰਗ ਗਿਆ
ਲੂਣ ਤੇਲ ਲੱਕੜੀਆਂ ਦੇ
ਸਿੰਗੀ ਚੜ੍ਹ ਗਿਆ
–0–
ਪ੍ਰਦੇਸ 'ਚ
ਉਸ ਦੇ ਪੈਰੀਂ ਤੇ ਬੁਲ੍ਹੀ ਲਗਾ
ਮਹਿਬੂਬ ਗਲ਼ੀਆਂ ਦਾ ਨਿੱਘ
ਉਸ ਨੂੰ ਪੁੱਠੇ ਪੈਰੀਂ ਟੋਰਦਾ
ਰੋਜ਼ਗਾਰ ਦੇ ਥਲਾਂ 'ਚ ਭਟਕਦਾ
ਉਹ ਮਮੋਲੇ ਪਲਕਾਂ ਦੀ ਛਾਂਅ ਟੋਲ੍ਹਦਾ
ਸਮੁੰਦਰ ਦੇ ਦੂਜੇ ਕਿਨਾਰੇ ਬੈਠਾ ਸੀ ਉਹ
ਡੋਬਕੇ ਸਾਰੇ ਸਹਾਰੇ
ਬੇਸਹਾਰੇ ਬੈਠਾ ਸੀ ਉਹ।
–0–
ਉਸ ਦੀ ਮਹਿਬੂਬ ਧਰਤੀ ਦਾ
ਕੋਸਾ ਜਿਹਾ ਸੂਰਜ ਸਰਘੀ ਨੂੰ ਚੜ੍ਹਦਾ
ਜਿਸ ਦੀਆਂ ਕਿਰਨਾਂ
ਉਸ ਦੀ ਆਗੋਸ਼ 'ਚ ਸੁੱਤੀ
ਮਹਿਬੂਬ ਦੇ ਮੁੱਖੜੇ 'ਤੇ ਪੈਂਦੀਆਂ
ਕਿਸੇ ਸੁੰਦਰ ਸੁਫ਼ਨੇ ਦੇ ਟੁੱਟਣ ਦਾ ਸੱਚ

ਮਹਿਬੂਬ ਦੇ ਚਿਹਰੇ 'ਚੋਂ ਝਾਕਦਾ
ਨੀਂਦਰ 'ਚੋਂ ਜਾਗਦੀਆਂ ਅੱਖਾਂ
ਪ੍ਰਦੇਸੀ ਦਿਲ 'ਚੋਂ ਲੰਘਦੀਆਂ
ਸੂਲ਼ੀ ਤੇ ਟੰਗਦੀਆਂ !

-0-

ਉਹ ਆਪਣੇ ਆਪ ਨੂੰ ਪੁੱਛਦਾ
ਮੇਰੇ 'ਚ ਕੌਣ ਟੁਰਦਾ ਹੈ
ਕਿਸ ਦੇ ਪੈਰਾਂ ਦੀ ਆਹਟ
ਦਿਲ ਸੁਣਦਾ ਹੈ
ਕਿਸ ਕਲੀ ਦੀ ਮਹਿਕ
ਦੇਹ 'ਚੋਂ ਆਉਂਦੀ ਹੈ
ਕਿਸ ਬੁੱਤ ਦੀ ਰੂਹ
ਮੱਥੇ 'ਚ ਦੀਵਾ ਜਗਾਉਂਦੀ ਹੈ।

-0-

ਉਸ ਸਾਂਵੇ ਸਮੁੰਦਰ ਦੀ ਹਿੱਕ 'ਤੇ
ਨੂਰ ਦੀ ਚਾਦਰ ਵਿਛ ਜਾਂਦੀ
ਲਹੂ 'ਚ ਸੂਰਜਾਂ ਦਾ ਕਾਫਲਾ
ਸਮੁੰਦਰ 'ਚ ਚੰਨ ਤੈਰਦਾ ਦਿੱਸਦਾ
ਕੋਈ ਬੱਦਲ਼ੀ
ਪ੍ਰਦੇਸੀਂ ਥਲ ਸਿੰਜ ਜਾਂਦੀ
ਅੱਖ 'ਚ ਅਥਰੂ
ਦੇਹ ਨੂਰ ਨਾਲ ਭਿੱਜ ਜਾਂਦੀ
ਉਸ ਨੂੰ ਉਡੀਕਦਾ ਸੀ
ਨੈਣਾਂ ਦੇ ਦੀਵੇ ਬਾਲ਼ ਕੇ ਕੋਈ
ਕਰ ਰਿਹਾ ਸੀ ਯਾਦ
ਹੰਝੂਆਂ 'ਚ ਆਪਾ ਉਬਾਲ਼ ਕੇ ਕੋਈ
ਪ੍ਰਦੇਸ 'ਚ ਬੈਠੇ ਨੂੰ ਸੀ
ਵਤਨ ਦੀ ਖੁਸ਼ਬੂ ਆ ਰਹੀ
ਕੁੱਟ ਕੁੱਟ ਕੇ ਚੂਰੀਆਂ ਕਾਵਾਂ ਨੂੰ
ਸੀ ਸ਼ਬਨਮ ਕੋਈ ਪਾ ਰਹੀ
ਗੋਰੀਆਂ ਬਾਹਾਂ ਸਨ
'ਵਾਜਾਂ ਮਾਰਦੀਆਂ

ਫੇਰਦੀਆਂ ਕੰਘੀਆਂ
ਮੁਖ਼ੜਾ ਸੰਵਾਰ ਦੀਆਂ
ਲੈ ਰਹੀ ਸਨ ਨਿੱਘ
ਇਸ਼ਕ 'ਚ ਖਾਧੀ ਹਾਰ ਦਾ
ਯਾਦਾਂ ਦੀ ਪੂਣੀ ਕੱਤਦੀਆਂ
ਡਾਹ ਚਰਖਾ ਪਿਆਰ ਦਾ
ਉਹ ਨਜ਼ਰਾਂ 'ਚ ਫੈਲੀਆਂ
ਮਹਿਬੂਬ ਗਲ਼ੀਆਂ ਦਾ ਹੋ ਗਿਆ
ਪੁੱਠਿਆਂ ਪੈਰਾਂ ਦੀ ਪ੍ਰਕਰਮਾ 'ਚ ਖੋਹ ਗਿਆ
ਮਹਿਬੂਬ ਦਾ ਮਹਿਬੂਬ ਹੋ ਗਿਆ!

-0-

ਜਦ ਸੂਰਜ ਢਲ਼ਦਾ ਹੈ
ਧਰਤੀ ਮੌਲਦੀ ਹੈ
ਅੰਬਰ ਅੰਗੜਾਈ ਭਰਦਾ ਹੈ
ਚੰਨ ਤਾਰੇ ਰੌਸ਼ਨੀ ਖਿਲਾਰਦੇ ਹਨ
ਤੇ ਸੁੱਤੀ ਚਾਂਦਨੀ ਦੇ ਨੈਣੀਂ
ਫਿਰ ਕੋਈ ਸੁਫ਼ਨਾ ਉਤਾਰਦੇ ਹਨ
ਸੁਫ਼ਨਾ
ਪ੍ਰਦੇਸੀ ਦਿਲ ਦੀਆਂ
ਗਲ਼ੀਆਂ 'ਚੋ ਲੰਘਦਾ ਹੈ
ਸੂਲ਼ੀ 'ਤੇ ਟੰਗਦਾ ਹੈ

-0-

ਉਹ ਟੁਰਦਾ
ਉਸ ਨਾਲ ਸਮਾਂ ਟੁਰਦਾ
ਉਹ ਰੁਕਦਾ
ਧਰਤ ਸੰਗ ਅਕਾਸ਼ ਰੁਕਦਾ
ਰੋਜ਼ਗਾਰ ਦੇ ਗ਼ਮਾਂ
ਉਸ ਦਾ ਸਕੂਨ ਖਾ ਲਿਆ
ਵਤਨ ਛੱਡ ਪ੍ਰਦੇਸੀ ਰੁੱਖ ਤੇ
ਉਸ ਆਲ੍ਹਣਾ ਪਾ ਲਿਆ!

-0-

# ਗੁਲਾਮ

ਉਹ
ਜਦ ਤਲਵਾਰ ਨੂੰ ਹੱਥ ਪਾਉਂਦਾ
ਤਲਵਾਰ ਕੰਧ ਤੋਂ ਉੱਛਲ ਕੇ
ਉਸ ਦੀ ਮੁੱਠ 'ਚ ਆ ਜਾਂਦੀ
ਅੰਬਰ
ਉਸ ਦੇ ਪੈਰਾਂ 'ਚ ਝੁਕਦਾ
ਧਰਤ
ਉਸ ਨੂੰ ਸੀਸ ਨਿਵਾਉਂਦੀ!

-0-

ਉਸ ਦੀ
ਇਕ ਤੱਕਣੀ ਸੰਗ
ਹਵਾ ਗਤੀਹੀਣ ਹੋ ਜਾਂਦੀ
ਅਗਣ 'ਚੋਂ ਤੇਜ਼ ਨੁੱਚੜਦਾ
ਪ੍ਰਕਿਰਤੀ ਮਹਿਕ ਭੁੱਲ ਜਾਂਦੀ
ਜ਼ੁਬਾਨ ਪੱਥਰ ਦੀ ਖੁੱਲ੍ਹ ਜਾਂਦੀ

-0-

ਉਸ ਨੇ ਲੋਕ ਪ੍ਰਲੋਕ ਫਤਹਿ ਕੀਤਾ
ਕਾਲ ਪਾਵੇ ਨਾਲ ਬੰਨ੍ਹਿਆ
ਸਰਿਸ਼ਟੀਆਂ ਦਰਿਸ਼ਟੀਆਂ
ਦਿਸ਼ਾਵਾਂ ਖਲਾਅ
ਉਸ ਦਾ ਪਾਣੀ ਭਰਦੇ
ਉਸ ਦੇ ਇਸ਼ਾਰੇ 'ਤੇ
ਦਿਨ ਰਾਤ ਸੂਰਜ ਚੰਨ
ਸਿਤਾਰੇ ਨਿਕਲਦੇ

-0-

ਇਕ ਦਿਨ
ਉਹ ਆਪਣੀ ਫਤਹਿ ਸਾਂਵੇ
ਖੜ੍ਹਾ ਸੀ
ਉਸ ਨੇ ਵੇਖਿਆ

ਉਹ ਆਪਣੇ ਆਪ ਨੂੰ
ਇੰਦਰਆਵੀ ਇਛਾਵਾਂ ਦਾ
ਗੁਲਾਮ ਨਜ਼ਰ ਆਇਆ
ਉਸ ਨੇ
ਆਪਣਾ ਅੰਗ ਅੰਗ
ਗੁਲਾਮੀ 'ਚ ਖੜ੍ਹਾ ਪਾਇਆ
ਉਸ ਨੂੰ
ਆਪਣਾ ਸੱਚ ਨਜ਼ਰ ਆਇਆ
ਉਹ ਆਪਣੀ ਫਤਹਿ ਦਾ
ਪਰਾਧੀਨ ਨਜ਼ਰ ਆਇਆ!

-0-

ਉਹ
ਜਦ ਤਲਵਾਰ ਨੂੰ ਹੱਥ ਪਾਉਂਦਾ
ਤਲਵਾਰ ਕੰਧ ਤੋਂ ਉੱਛਲਕੇ
ਉਸ ਦੀ ਮੁੱਠ 'ਚ ਆ ਜਾਂਦੀ
ਅੰਬਰ
ਉਸ ਦੇ ਪੈਰਾਂ 'ਚ ਝੁਕਦਾ
ਧਰਤ
ਉਸ ਨੂੰ ਸੀਸ ਨਿਵਾਉਂਦੀ!

# ਤਲਵਾਰ ਤੇ ਬੰਸਰੀ

ਉਹ ਰਾਜਨੀਤਕ
ਰੰਗ-ਮੰਚ 'ਤੇ ਜਨਮਿਆ
ਉਸ ਦੇ ਨਾਲ ਹੀ
ਸੱਤਾ ਹੱਥਿਆਉਣ ਦੀ ਭੁੱਖ ਜਨਮੀ

-0-

ਉਸ ਨੇ
ਆਪਣੀਆਂ ਜੜ੍ਹਾਂ ਦਾ ਕਤਲ ਕੀਤਾ
ਰੁੱਖ ਤੇ ਟਹਿਣੀਆਂ ਨੂੰ ਕੈਦੀ ਬਣਾ ਲਿਆ
ਸੱਤਾ ਨੂੰ ਹੱਥਿਆ ਲਿਆ
ਬਾਦਸ਼ਾਹ ਬਣਾ ਕੇ ਤਖਤ 'ਤੇ ਬੈਠਾ
ਸਿਰ 'ਤੇ ਤਾਜ ਸਜਾ ਲਿਆ!

-0-

ਉਸ ਨੇ ਤਲਵਾਰ ਦੇ ਜ਼ੋਰ ਨਾਲ
ਪਰਜਾ ਦਾ ਮਨ ਜਿੱਤਣਾ ਚਾਹਿਆ
ਗ਼ਰੀਬ ਮਜ਼ਦੂਰਾਂ ਬੇ-ਗੁਨਾਹਾਂ
ਬੱਚਿਆਂ ਔਰਤਾਂ ਮਰਦਾਂ ਨੂੰ ਫਾਂਸੀ ਲਾਇਆ
ਢੰਡੋਰਾ ਫਿਰਵਾ ਦਿਤਾ
ਮੈਨੂੰ ਆਪਣੇ 'ਚ ਉਤਰਨ ਦੀ ਥਾਂ
ਮੇਰੇ 'ਚ ਉਤਰ ਆਉ
ਨਹੀਂ ਤਾਂ ਸੀਸ ਕਟਵਾਉ

-0-

ਲੋਕਾਂ ਦੇ ਕੱਟਿਆ ਸਿਰਾਂ ਸੰਗ
ਉਸ ਖੂਹਾਂ ਦੇ ਖੂਹ ਭਰ ਦਿੱਤੇ
ਤਲਵਾਰਾਂ ਦੀਆਂ ਫਸਲਾਂ
ਖੇਤਾਂ 'ਚ ਉੱਗਾ ਦਿੱਤੀਆਂ
ਪੈਰ-ਪੈਰ 'ਤੇ ਕਾਰਗਾਹਾਂ
ਬਣਵਾ ਦਿੱਤੀਆਂ
ਉਸ ਦੀ ਨਜ਼ਰ ਜਿੱਥੇ ਤਕ ਗਈ
ਕੰਡੇ ਉੱਗਾਂਦੀ ਸੂਲਾਂ ਬੀਜਦੀ

ਪਰਜਾ ਨੂੰ ਖਾਂਦੀ ਗਈ
ਸਵੈ ਅਭਿਮਾਨੀਆਂ ਨੂੰ ਬੰਦੀ ਬਣਾਂਦੀ ਗਈ

−0−

ਇਕ ਦਿਨ
ਉਸ ਆਪਣਾ ਚਿਹਰਾ
ਕੰਧ ਤੇ ਲਟਕਦੀ ਤਲਵਾਰ 'ਚੋਂ ਤੱਕਿਆ
ਉਹ ਆਪਣੇ ਆਪ ਨੂੰ
ਬੜਾ ਜ਼ਾਲਮ ਤੇ ਨਿਰਦਈ ਲੱਗਿਆ
ਉਸ ਦੇ ਕਰਮਾਂ ਨੂੰ
ਉਸ ਦੀ ਰੂਹ ਨੇ ਭੰਡਿਆ
ਮਨੁੱਖਤਾ ਦਾ ਕਤਲ
ਗਰੀਬੀ ਬੀਮਾਰੀ ਦਾ ਇਲਜ਼ਾਮ
ਉਸ ਦੇ ਸਿਰ ਧਰਿਆ
ਉਸ ਦਾ ਆਪਾ ਬੋਲਿਆ
ਦਇਆ ਕਰ
ਪਰਜਾ ਤੇ ਆਪਣੇ ਆਪ 'ਤੇ
ਲੋਕਾਂ ਦੇ ਸਿਰਾਂ 'ਤੇ
ਆਪਣੀ ਤਲਵਾਰ 'ਤੇ

−0−

ਜੇ ਪਹਿਚਾਤਾਪ ਚਾਹੁੰਦਾ ਹੈਂ
ਆਪਣਾ ਪੁਰਜਾ ਪੁਰਜਾ ਕਰ ਕੇ
ਧਰਤੀ 'ਚ ਬੀਜ ਦੇ
ਆਪਣੀ ਹੋਂਦ
ਆਪਣਾ ਸਰਾਪਿਆ ਸੱਚ ਸਮੇਟ ਦੇ
ਆਪਣੇ ਆਪ 'ਚੋਂ ਆਪਾ ਉੱਗਾ
ਮੈਂ ਤੋ ਤੂੰ 'ਚ ਉਤਰ ਜਾਅ
ਇਹ ਆਪਾ ਜਾਨਣ ਦਾ ਅਹਿਸਾਸ ਹੈ
ਵਿਸ਼ਵਾਸ ਦਾ ਸੱਚ
ਸੱਚ ਦਾ ਵਿਸ਼ਵਾਸ ਹੈ

−0−

ਲੋੜ ਹੈ

ਬੁੱਧੀ 'ਤੇ ਪਿਆ ਪਰਦਾ ਹਟਾਉਣ ਦੀ
ਪਰਦਾ ਜੇ ਹਟ ਗਿਆ
ਕ੍ਰੋਧ ਸ਼ਾਂਤੀ 'ਚ
ਜ਼ੁਲਮ ਦਇਆ 'ਚ ਢਲ ਗਿਆ
ਵਰ ਸਰਾਪ 'ਚੋਂ ਪੁੰਗਰੇਗਾ
ਸਕੂਨ ਦਾ ਸੂਰਜ ਚੜ੍ਹੇਗਾ
ਪਿਆਰ ਸਾਂਝੀਵਾਲਤਾ
ਸਰਬੱਤ ਦੇ ਭਲੇ ਦਾ ਮੀਂਹ ਵਰ੍ਹੇਗਾ
ਤਲਵਾਰ
ਬੰਸਰੀ ਦਾ ਰੂਪ ਧਾਰੇਗੀ
ਮੁਹੱਬਤ ਹੀ ਮੁਹੱਬਤ
ਸੁਰ ਉਚਾਰੇ ਗੀ

-0-

ਉਹ ਰਾਜਨੀਤਕ
ਰੰਗ-ਮੰਚ ਤੇ ਜਨਮਿਆ
ਉਸ ਦੇ ਨਾਲ ਹੀ
ਸੱਤਾ ਹਥਿਆਉਣ ਦੀ ਭੁੱਖ ਜਨਮੀ

-0-

# ਆਪਣੇ

ਰੁੱਖ ਨੂੰ ਖਾਧਾ
ਰੁੱਖ ਦੀਆਂ ਛਾਂਵਾ ਨੇ
ਟਹਿਣੀਆਂ ਪੱਤਿਆਂ
ਮੌਸਮਾਂ ਹਵਾਵਾਂ ਨੇ
ਜੋ
ਅੱਖਾਂ ਦੇ ਅੱਥਰੂਆਂ
ਤੇ ਲਹੂ 'ਚ ਤਰਦੇ ਸਨ
ਗ਼ਮਾਂ 'ਚ ਝੁਰਦੇ ਸਨ
ਖੁਸ਼ੀਆਂ 'ਚ ਹੱਸਦੇ ਸਨ
ਫਿਕਰਾਂ 'ਚ ਭੁਰਦੇ ਸਨ
ਉਹ
ਰੁੱਖ ਦੇ ਲੁਟੇਰੇ
ਰੁੱਖ ਦੇ ਆਪਣੇ ਬੋਲ ਸਨ
ਚੁੱਪ ਦੀ ਚੁੱਪ ਦਾ ਸ਼ੋਰ ਸਨ
ਹਰ ਗੱਲ ਦਾ ਹੁੰਗਾਰਾ ਸਨ
ਰੁੱਖ ਦੀ ਸੁਰਕਸ਼ਾ ਤੇ ਸਹਾਰਾ ਸਨ

-0-

ਰੁੱਖ ਕੋਲ
ਪ੍ਰਕਿਰਤਕ ਦੌਲਤਾਂ ਦੇ ਭੰਡਾਰ ਸਨ
ਨਿਹਮਤਾ ਰਹਿਮਤਾਂ ਦੇ ਅੰਬਾਰ ਸਨ
ਇਸ ਲਈ
ਰੁੱਖ ਨੇ ਨਾ ਕਦੀ ਦਰ ਹੀ ਢੋਇਆ
ਨਾ ਤਾਲ਼ਾ ਹੀ ਲਾਇਆ
ਨਾ ਦਿਲ ਦਾ ਜਗਦਾ
ਕਦੀ ਚਿਰਾਗ ਹੀ ਬੁਝਾਇਆ
ਰੁੱਖ ਨੇ ਜੋ ਵੀ ਪਾਇਆ
ਦਿਲ ਖੋਲ੍ਹ ਕੇ ਵਰਤਾਇਆ

-0-

ਉਹ ਰੁੱਖ ਦੀ

ਇਕੱਲਤਾ ਦਾ ਸਾਥ ਸਨ
ਉਦਾਸੀਆਂ ਦੀ ਰੁੱਤ 'ਚ
ਰੁੱਖ ਦਾ ਧਰਵਾਸ ਸਨ
ਬੇ-ਖ਼ੁਦੀ ਦੇ ਆਲਮ 'ਚ
ਜਗਦੇ ਚਿਰਾਗ ਸਨ

-0-

ਆਪਣਿਆਂ ਦੇ ਆਸਰੇ
ਹਰ ਮੁਸ਼ਕਲ 'ਤੇ ਫਤਹਿ
ਪਾ ਸਕਦਾ ਸੀ ਰੁੱਖ
ਵੀਰਾਨੀਆਂ 'ਚੋਂ ਰੌਣਕਾਂ
ਕਬਰਾਂ 'ਚੋਂ
ਜ਼ਿੰਦਗੀ ਉੱਗਾ ਸਕਦਾ ਸੀ ਰੁੱਖ
ਡੀਕ ਸਕਦਾ ਸੀ ਸਮੁੰਦਰ
ਹਵਾ 'ਤੇ ਕਾਠੀ ਪਾ ਸਕਦਾ ਸੀ ਰੁੱਖ
ਖਲਿਆਰ ਸਕਦਾ ਸੀ ਸਮਾਂ
ਤਲ਼ੀ 'ਤੇ ਧਰਤੀ ਟਿਕਾ ਸਕਦਾ ਸੀ ਰੁੱਖ
ਪਰਬਤ 'ਤੇ ਪੈਰ ਧਰਕੇ
ਅੰਬਰ ਨੂੰ ਗਾਹ ਸਕਦਾ ਸੀ ਰੁੱਥ
ਸੂਰਜ ਚੰਨ ਸਿਤਾਰੇ
ਨੈਣਾਂ 'ਚ ਪਾ ਸਕਦਾ ਸੀ ਰੁੱਖ

-0-

ਰੁੱਖਾਂ ਤੋਂ ਜੋ ਵੀ ਉਹ ਲੈਂਦੇ
ਉਨ੍ਹਾਂ ਦਾ ਹੈ ਰੁੱਖ ਦਾ ਨਹੀਂ
ਇਵਜ਼ 'ਚ ਜੋ ਮੋੜਦੇ ਹਨ
ਰੁੱਖ ਦਾ ਹੈ ਉਨ੍ਹਾਂ ਦਾ ਨਹੀਂ !

-0-

ਉਹ ਨਹੀਂ ਤਾਂ
ਰੁੱਖ ਦੁਆਲੇ ਚੁੱਪ ਇਕੱਲਤਾ ਹੈ
ਕਤਰਾ ਕਤਰਾ ਹੋ ਕੇ ਰੁੱਖ
ਜਿਸ 'ਚ ਢਲ਼ਦਾ ਹੈ
ਨਾ ਰੁੱਖ ਦਾ ਤੁਖਮ ਰਹਿੰਦਾ ਹੈ

ਨਾ ਰੁੱਖ ਘਰ ਪਰਤਦਾ ਹੈ
ਇਹ ਹੱਥਾਂ ਦੇ ਹਿਫ਼ਾਜ਼ਤੀ ਕਿਲ੍ਹੇ ਹਨ
ਜੀਵਨ ਨਦੀ ਦੇ ਕਿਨਾਰੇ ਹਨ
ਇਹ ਆਪਣਾ ਖੱਟਿਆ ਖਾਂਦੇ ਹਨ
ਰੁੱਖ ਦੀ ਦੇਹ 'ਚ ਵਸਦੇ ਹਨ
ਰੁੱਖ ਦਾ ਸਾਇਆ ਕਹਾਂਦੇ ਹਨ

-0-

ਰੁੱਖ ਨੂੰ ਖਾਧਾ
ਰੁੱਖ ਦੀਆਂ ਛਾਂਵਾ ਨੇ
ਟਹਿਣੀਆਂ ਪੱਤਿਆਂ
ਮੌਸਮਾਂ ਹਵਾਵਾਂ ਨੇ !

# ਸਿੱਖੀ ਸਿੱਦਕ

ਸਿੱਖੀ ਸਿੱਦਕ
ਜਿਨ੍ਹਾਂ
ਸਵਾਸਾਂ ਸੰਗ ਨਿਭਾਇਆ ਹੈ
ਉਨ੍ਹਾਂ ਦੀ ਥਾਂ
ਚਲਕੇ ਰੱਬ ਆਪ ਆਇਆ ਹੈ
-0-
ਕੌਣ ਹੈ
ਜਿਸ ਤੱਤੀ ਤਵੀ
ਸੜਦੀ ਰੇਤਾਂ ਠਾਰਕੇ
ਦੇਗਾਂ 'ਚ ਆਪਾ ਉਬਾਲ਼ਕੇ
ਉਹ ਸੱਚ ਵਿਖਾਇਆ ਹੈ
ਜੋ ਜੀਵਨ 'ਚ ਪੂਜਿਆ
ਸਿਮਰਿਆ ਤੇ ਹੰਢਾਇਆ ਹੈ
-0-
ਤੇਗ ਨੇ ਸੀਸ ਨੂੰ ਪੁੱਛਿਆ
ਤੂੰ ਕੌਣ ਹੈ ਕੀ ਨਾਮ ਤੇਰਾ
ਬੋਲਿਆ-
ਦੁਨੀਆ ਦੀ ਕਿਸੇ ਵੀ ਤੇਗ 'ਚ
ਮੇਰੇ ਸੀਸ ਕੱਟਣ ਦਾ ਨਹੀਂ ਜ਼ੇਰਾ
ਧਨੀ ਹਾਂ ਤੇਗ ਦਾ
ਤੇਗ ਬਹਾਦਰ ਨਾਮ ਹੈ ਮੇਰਾ
-0-
ਜਲਾਦ ਦੇ ਕੱਚੇ ਸੂਤ ਦਾ ਧਾਗਾ
ਗੁਰਾਂ ਦੀ ਗਰਦਨ 'ਤੇ ਧਰ ਦਿੱਤਾ
ਤੇਗ ਦੇ ਧਨੀ ਹੋਣ ਦਾ ਸੱਚ
ਜਲਾਦ ਸਾਂਵੇ ਆ ਕੇ ਖਲੋ ਗਿਆ
ਧਾਗਾ ਨਹੀਂ ਕੱਟਿਆ ਗਿਆ
ਸਿਰ ਧੜ ਤੋਂ ਅਲੱਗ ਹੋ ਗਿਆ
-0-

ਤੇਗ ਬੋਲੀ ਜਲਾਦ ਨੂੰ
ਗੁਰਾਂ ਦੀ ਗਰਦਨ 'ਤੇ ਧਾਗਾ
ਤੇਰਾ ਗਰੂਰ ਸੀ
ਤੇਰੇ ਸਾਏ 'ਚ ਬੈਠਾ ਰੱਬ ਸੀ
ਤੂੰ ਰੱਬ ਤੋਂ ਦੂਰ ਸੀ
ਮੈਂ ਧਾਗੇ ਤਕ ਵੀ ਅੱਪੜੀ ਨਹੀਂ
ਸੀਸ ਤਕ ਤਾਂ ਅਪੜਨਾ
ਬਹੁਤ ਦੂਰ ਸੀ
ਜਲਾਦ ਦਾ ਸਿਰ
ਆਪਣੇ ਹੰਕਾਰ ਹੱਥੋਂ ਕੱਟਿਆ ਗਿਆ
ਆਪਣੀ ਨਜ਼ਰ 'ਚ ਗਿਰ ਗਿਆ
ਉਮਰ ਨੂੰ ਗੰਢਾਂ ਮਾਰਦਾ
ਸਾਹਾਂ ਦੀ ਬੁੱਕ 'ਚੋਂ ਕਿਰ ਗਿਆ

–0–

ਇਹ ਕੌਣ ਸੀ
ਜਿਸ ਆਪਣਾ ਸਿਰ
ਮਾਨਵਤਾ ਦੀ ਭੇਟ ਚੜ੍ਹਾਇਆ ਸੀ
ਮੈਂ ਦੇਖਿਆ
ਰੱਬ ਬੰਦੇ 'ਚ ਟੁਰਕੇ ਆਪ ਆਇਆ ਸੀ

–0–

ਇਹ ਆਰਾ
ਕਿਸ ਸਿਰ 'ਤੇ ਚਲਦਾ ਹੈ
ਕਿਸ ਦੀ ਖੋਪਰੀ ਲਹਿੰਦੀ ਹੈ
ਇਹ ਕੌਣ ਹੈ
ਜੋ ਅੰਗ ਅੰਗ ਕਟਵਾਉਂਦਾ ਹੈ
ਇਹ ਆਦਮੀ ਨਹੀਂ
ਆਦਮੀ ਲਈ ਸੰਭਵ ਨਾ ਨਜ਼ਰ ਆਉਂਦਾ ਹੈ
ਇਹ ਸੱਚਾ ਸਿੱਦਕ ਹੈ
ਸਿੱਦਕ ਦਾ ਇਹ ਇਸ਼ਕ ਹੈ
ਜੋ ਆਦਮੀ ਨੇ ਕਮਾਇਆ ਹੈ
ਖੋਪਰੀਆਂ ਲਿਹਾਉਣ

ਆਰਿਆਂ ਹੇਠਾ ਚਿਰਵਾਉਣ
ਅੰਗ ਅੰਗ ਕਟਵਾਉਣ
ਬੰਦੇ ਦੀ ਥਾਂ ਸਿਦਕ ਸਦਕਾ
ਰੱਬ ਆਪ ਆਇਆ ਹੈ

-0-

ਸਿੱਖੀ ਸਿੱਦਕ
ਜਿਨ੍ਹਾਂ
ਸਵਾਸਾਂ ਸੰਗ ਨਿਭਾਇਆ ਹੈ
ਉਨ੍ਹਾਂ ਦੀ ਥਾਂ
ਚਲਕੇ ਰੱਬ ਆਪ ਆਇਆ ਹੈ!

-0-

# ਜੀਅ ਕਰਦਾ ਹੈ

ਜੀਅ ਕਰਦਾ ਹੈ
ਤੇਰੇ ਸਾਹੀਂ ਵੱਸਾਂ
ਤੇਰੀ ਰੂਹ ਕਹਾਵਾਂ
ਦੂਰ ਹੋਵਾਂ ਜੇ ਤੇਰੇ ਤੋਂ
ਜਿਉਂਦੇ ਜੀਅ ਮਰ ਜਾਵਾਂ
−0−
ਹੋਵਾਂ ਹੋਂਦ ਤੇਰੀ ਮੈਂ ਸੱਜਣਾਂ
ਨਾ ਆਪਣੀ ਹੋਂਦ ਰਹਾਂ
ਘੁੱਟ ਭਰਾਂ ਮਹਿਕ ਤੇਰੀ ਦੇ
ਪਲਕਾਂ ਹੇਠ ਬਹਾਂ
−0−
ਕੋਲ ਹੋਵੇ ਤਾਂ ਹੋਵਾਂ ਜਲ
ਦੂਰ ਹੋਵੇ ਤਾਂ ਹੋਵਾਂ ਥਲ
ਆਗੋਸ਼ ਤੇਰੀ ਦਾ ਨਿੱਘ ਮਿਲੇ
ਤਾਂ ਮੈਂ ਸੂਰਜ ਹੋਵਾਂ
ਤੇਰੇ ਬਾਝੋਂ
ਦਿਲ ਦੀ ਸ਼ਮ੍ਹਾ ਦਾ ਬੁਝਿਆ ਧੂੰਆਂ ਹੋਵਾਂ
−0−
ਉਡੀਕ ਤੇਰੀ ਵਿੱਚ
ਦਿਲ ਦਾ ਖੁੱਲ੍ਹਾ ਬੂਹਾ ਹੋਵਾਂ
ਕੋਲ ਹੋਵੇ
ਤਾਂ ਆਪਣੇ ਕੋਲ ਨਾ ਹੋਵਾਂ
ਜੀਅ ਕਰਦਾ ਹੈ
ਤੇਰੇ ਸਾਹੀਂ ਵਸਾਂ
ਤੇਰੀ ਰੂਹ ਕਹਾਵਾਂ
ਦੂਰ ਹੋਵਾਂ ਜੇ ਤੇਰੇ ਤੋਂ
ਜਿਉਂਦੇ ਜੀਅ ਮਰ ਜਾਵਾਂ!
−0−
ਦੂਰ ਹੋਵਾਂ ਜੇ ਤੇਰੇ ਤੋਂ

ਨਾ ਆਪੇ ਵਿਚ ਰਹਾਂ
ਅਕਾਸ਼ ਹਵਾ
ਅੱਗਣ ਜਲ ਧਰਤੀ
ਕੱਢ ਆਪੇ 'ਚੋਂ ਬਾਹਰ ਧਰਾਂ
ਤੇਰੇ ਦਾਇਰੇ ਵਿੱਚ ਜੀਉਂਦਾ
ਤੇਰਾ ਬਿੰਦੂ ਹੋਵਾਂ
ਭਾਲ਼ ਤੇਰੀ ਦੀ ਰੂਹ ਪਿਆਸੀ
ਖੂਹ ਪਿਆਸਾ ਤੇਰੇ ਜਲ ਦਾ ਹੋਵਾਂ
ਜਦ ਮੈਂ
ਇਸ ਦੁਨੀਆ ਤੋਂ ਉੱਠਾਂ
ਤੇਰੀ ਦੀਦ ਦੀਆਂ ਤ੍ਰਿਹਾਈਆਂ
ਖੁੱਲ੍ਹੀਆਂ ਹੋਵਣ ਅੱਖੀਆਂ
ਕੌਣ ਜਾਣਦੈ
ਕਦ ਰਹਿਮਤਾਂ ਤੇਰੇ ਮਨ ਵਿਚ ਆਵਣ
ਉਡੀਕਦਿਆਂ ਨੈਣਾਂ ਵਿਹੜੇ
ਕਦ ਫੇਰਾ ਪਾਵਣ

-0-

# ਮਰਜੀਵੜਾ

ਮਨੁੱਖ ਮਰਜੀਵੜਾ ਹੋ ਕੇ ਰਹੇ
ਤਾਂ ਮਾਨਸਿਕ ਸਰੀਰਕ ਮੁਥਾਜੀ ਤੋਂ
ਮੁਕਤੀ ਪਾ ਸਕਦਾ ਹੈ
ਕਿਰਨ ਤੋਂ ਸੂਰਜ
ਬੂੰਦ ਤੋਂ ਸਾਗਰ ਅਖਵਾ ਸਕਦਾ ਹੈ
−0−
ਮਨੁੱਖ
ਜਨਮ ਤੋਂ ਮਰਨ ਤੀਕ
ਮੁਥਾਜੀ ਭੋਗਦਾ ਹੈ
ਅੱਖ ਵੇਖਣ ਦੀ ਜੀਭਾ ਬੋਲਣ ਦੀ
ਕੰਨ ਸੁਣਨ ਤੇ ਪੈਰ
ਟੁਰਨ ਦੇ ਮੁਥਾਜ ਹਨ
ਦਿਮਾਗ ਸੋਚਣ ਦਾ
ਦਿਲ ਧੜਕਣ ਦਾ
ਦੇਹ ਪੰਜਾਂ ਤੱਤਾਂ ਦੀ ਮੁਥਾਜ ਹੈ
ਮੁਥਾਜੀ ਹੀ
ਮਨੁੱਖ ਦੀ ਅਵਸਥਾ ਹੈ
ਜਹਾਨ ਹੈ
−0−
ਮਨੁੱਖ ਗੁਜ਼ਰ ਜਾਂਦਾ ਹੈ
ਮੁਥਾਜੀ ਤੋਂ ਹੋ ਮੁਕਤ ਜਾਂਦਾ ਹੈ
ਪਰ ਗੁਜ਼ਰ ਗਿਆ ਸਰੀਰ
ਮੁਕਤੀ ਦਾ ਅਹਿਸਾਸ
ਅਨੁਭਵ ਨਹੀਂ ਕਰਦਾ
ਮੁਕਤੀ ਦੀ ਸੁਤੰਤਰਤਾ ਮਾਣ ਨਹੀਂ ਸਕਦਾ
ਕਿਉਂਕਿ
ਉਸ 'ਚੋਂ ਅਨੁਭਵ ਕਰਨ ਵਾਲੀ
ਲੋਅ ਦਾ ਦੀਵਾ ਬੁੱਝ ਜਾਂਦਾ ਹੈ
ਜੀਵਨ ਦਾ ਵੇਗ ਰੁੱਕ ਜਾਂਦਾ ਹੈ

-0-

ਜੇ ਜਿਉਂਦਾ ਮਨੁੱਖ ਮਰਜੀਵੜਾ ਹੋ ਕੇ
ਮੌਤ ਦੀ ਪ੍ਰਯੋਗਸ਼ਾਲਾ 'ਚ ਪ੍ਰਯੋਗਿਆ ਜਾਏ
ਮੌਤ ਦਾ ਸੱਚ
ਪ੍ਰਾਣਾਂ 'ਚ ਜੀਏ ਲਹੂ 'ਚ ਹੰਢਾਏ
ਤਾਂ ਉਹ ਮੁਕਤੀ ਪਾਅ ਸਕਦਾ ਹੈ
ਦੇਹ ਤੇ ਪ੍ਰਾਣਾਂ ਦੀ ਮੁਥਾਜੀ ਬਿਨਾਂ
ਸੁਤੰਤਰਤਾ ਦਾ ਆਨੰਦ ਉਠਾ ਸਕਦਾ ਹੈ
ਜੀਵਨ ਪਿੰਜਰੇ ਵਿਚ ਰਹਿ ਕੇ ਵੀ
ਆਪਣਾ ਪ੍ਰਵਾਜ਼ ਭਰ ਸਕਦਾ ਹੈ
ਜਿਉਂਦੇ ਜੀਅ
ਮੁਕੰਮਲ ਸੁਤੰਤਰਤਾ ਅਨੁਭਵ ਕਰ ਸਕਦਾ ਹੈ

-0-

ਮੌਤ ਤੋਂ ਪਿੱਛਲੇਰਾ ਸੱਚ
ਮਨੁੱਖ ਜੀਵਨ ਵਿੱਚ ਪਾ ਸਕਦਾ ਹੈ
ਵੇਖ ਹੰਢਾਅ ਅਤੇ ਖਾਹ ਸਕਦਾ ਹੈ
ਮਨੁੱਖ ਮਰਜੀਵੜਾ ਹੋ ਕੇ ਰਹੇ
ਤਾਂ ਮਾਨਸਿਕ ਸਰੀਰਕ ਮੁਥਾਜੀ ਤੋਂ
ਮੁਕਤੀ ਪਾ ਸਕਦਾ ਹੈ
ਕਿਰਨ ਤੋਂ ਸੂਰਜ
ਬੂੰਦ ਤੋਂ ਸਾਗਰ ਅਖਵਾ ਸਕਦਾ ਹੈ।

-0-

## ਲਟੋਰ ਪੁਣਾ

ਮੋੜ ਸਕਦਾ ਹੈ
ਅਵਾਰਗੀ ਮੇਰੀ
ਤਾਂ ਮੈਨੂੰ ਮੋੜ ਦਏ ਕੋਈ
ਇਸ ਖੰਡਰ ਹੋਈ ਦੇਹ ਨੂੰ
ਰੂਹ ਨਾਲ ਜੋੜ ਦਏ ਕੋਈ

-0-

ਅਵਾਰਗੀ
ਜੋ ਆਪਾ ਸਿਰਜ ਕੇ ਮੇਰਾ
ਮੇਰੇ 'ਚੋ ਅਲੋਪ ਹੋ ਗਈ
ਉਤਾਰਕੇ ਦੁਨੀਆ ਦੇ ਕੰਠ 'ਚ
ਆਪ ਖਾਮੋਸ਼ ਹੋ ਗਈ
ਮੇਰੇ ਉਜੜੇ ਦਿਲ ਨੂੰ
ਰੌਣਕ ਮੋੜ ਦਏ ਕੋਈ

-0-

ਚੰਨ ਅੰਬਰ 'ਚ ਅਵਾਰਾ ਸੀ
ਮੈਂ ਧਰਤ 'ਤੇ ਅਵਾਰਾ ਸਾਂ
ਅਵਾਰਗੀ ਮੇਰੀ
ਮੈਂ ਅਵਾਰਗੀ ਦਾ ਸਹਾਰਾ ਸਾਂ
ਨਾ ਉਸ ਦਾ ਕਿਨਾਰਾ ਸੀ
ਨਾ ਮੇਰਾ ਕਿਨਾਰਾ ਸੀ
ਉਸ ਦੀ ਤੱਕਣੀ ਅਵਾਰਾ ਸੀ
ਮੇਰਾ ਦਿਲ ਅਵਾਰਾ ਸੀ
ਇਸ ਰੁਕੇ ਦਿਲ ਨੂੰ
ਧੜਕਣ ਮੋੜ ਦਏ ਕੋਈ

-0-

ਮੈਂ ਦਰ-ਬ-ਦਰ ਘੁੰਮਿਆ ਹਾਂ
ਉਹਦੀ ਕਿਤੇ ਜੇ ਖੈਰ ਮਿਲ ਜਾਏ
ਇਸ ਨਜ਼ਰ ਦੇ ਵੀਰਾਨੇ ਨੂੰ
ਪਲ ਲਈ ਸ਼ਹਿਰ ਮਿਲ ਜਾਏ

ਮੈਂ ਚਿਣਵਾਂ ਦਿਆਂ ਆਪਾ
ਉਸ ਸ਼ਹਿਰ ਦੀਆਂ ਨੀਂਹਾਂ ’ਚ
ਪਤਾ ਤੇਰਾ ਅਵਾਰਗੀ
ਇਕ ਵਾਰ ਮਿਲ ਜਾਏ
ਇਸ ਜੜ੍ਹ ਤੋਂ ਉਖੜੇ ਰੁੱਖ ਨੂੰ
ਧਰਤ ਨਾਲ ਜੋੜ ਦਏ ਕੋਈ

-0-

ਮੈਂ ਥਲ ਹੋਇਆ ਹਾਂ
ਥਲਾਂ ਵਿਚ ਭਾਲ਼ਦਾ ਹੋਇਆ
ਇਸ ਦੇਹ ਦੇ ਸਹਿਰਾ ’ਚ
ਸਾਗਰ ਉਤਾਰਦਾ ਹੋਇਆ
ਮੈਂ ਭੀੜਾਂ ’ਚੋਂ ਵੀ ਲੱਭਿਆ ਹੈ
ਉਜਾੜਾਂ ’ਚੋਂ ਵੀ ਲੱਭਿਆ ਹੈ
ਮੈਂ ਇੱਕ ਇੱਕ ਪਰਤ
ਦੁਨੀਆ ਦੀ ਫਿਰੋਲੀ ਹੈ
ਚੀਰ ਕੇ ਅੰਬਰ ਦਾ ਸੀਨਾ
ਤੇਰੀ ਤਸਵੀਰ ਟੋਲੀ ਹੈ
ਇਸ ਕਬਰ ਦੀ ਢੇਰੀ ਨੂੰ
ਜ਼ਿੰਦਗੀ ਮੋੜ ਦਏ ਕੋਈ

-0-

ਅਵਾਰਗੀ
ਤੇਰੀ ਸੂਰਤ ਤੇਰੀ ਸੀਰਤ
ਹਰ ਸੂ ਫੈਲ ਜਾਂਦੀ ਹੈ
ਤੇਰੇ ਹੁਲਾਸ ’ਚ
ਜ਼ਿੰਦਗੀ ਦੀ ਗਤੀ ਵੀ
ਠਹਿਰ ਜਾਂਦੀ ਹੈ
ਇਹ ਸੁਤੰਤਰਤਾ ਦੀ ਉਹ ਹੱਦ ਹੈ
ਜਿੱਥੇ ਮਨੁੱਖ
ਦੇਹ ਨਾ ਪ੍ਰਾਣਾਂ ਦਾ ਮੁਥਾਜ ਹੈ
ਪਰਮ ਅਨੰਦ ਹੈ ਅਵਾਰਗੀ
ਨਾ ਇੱਛਾ ਨਾ ਧਰਵਾਸ ਹੈ

ਜੋੜ ਸਕਦਾ ਹੈ
ਤਾਂ ਸੱਚ ਨਾਲ ਜੋੜ ਦਏ ਕੋਈ

−0−

ਅਵਾਰਗੀ
ਉਹ ਤੇਰੀਆਂ ਗਲ਼ੀਆਂ
ਕੂਚੇ ਚੌਂਕ ਚੌਰਾਹੇ
ਮੱਕਾ ਮਦੀਨਾ
ਰੱਬੀ ਦਰਗਾਹ ਲਗਦੇ ਹਨ
ਹਰ ਮੋੜ 'ਤੇ
ਜਿੱਥੇ ਤੇਰੇ ਦੋ ਨੈਣ ਜਗਦੇ ਹਨ
ਤੇਰਾ ਹਾਸਾ ਤੇਰੇ ਬੋਲ
ਜਿੱਥੇ ਪੈਲ ਪਾਉਂਦੇ ਹਨ
ਇਕ ਅਜਨਬੀ ਨੂੰ
ਆਪਣਾ ਚਿਹਰਾ ਵਿਖਾਉਂਦੇ ਹਨ
ਤੇਰੇ ਨੂਰ ਦੀ ਚਾਦਰ
ਮੈਨੂੰ ਓੜ ਲੈਂਦੀ ਹੈ
ਮੇਰੀ ਕਬਰ ਹੋਈ
ਦੇਹ ਦੀ ਚੁੱਪ ਵੀ ਬੋਲ ਪੈਂਦੀ ਹੈ
ਮੇਰੇ ਦਿਲ ਦੇ ਹਨੇਰੇ 'ਚ
ਸੂਰਜ ਟੋਰ ਦਿੰਦੀ ਹੈ

−0−

ਮੈਂ ਇਸ ਉਮਰ 'ਚ
ਫਿਰ ਤੇਰਾ ਹੋ ਜਾਂਦਾ ਹਾਂ
ਤੇਰੀ ਪਹਿਚਾਣ ਹੋ
ਆਪਣੀ ਪਹਿਚਾਣ ਖੋਹ ਜਾਂਦਾ ਹਾਂ
ਅਵਾਰਗੀ
ਅਜੇ ਵੀ ਸੁਰਮੇ ਦੀ ਥਾਂ
ਮੈਨੂੰ ਆਪਣੀ ਅੱਖ 'ਚ ਪਾਉਂਦੀ ਹੈ
ਮੇਰੀ ਮਿੱਟੀ ਦਾ
ਇਕ ਬੁੱਤ ਬਣਾਉਂਦੀ ਹੈ
ਆਪਣੀ ਰੂਹ ਦਾ ਅਰਘਾ

ਉਸ ਬੁੱਤ ਨੂੰ ਚੜ੍ਹਾਉਂਦੀ ਹੈ
ਸਿਰਜ ਕੇ ਰੱਬ ਪੱਥਰ 'ਚੋਂ
ਖੁਦ ਪੱਥਰ ਹੋ ਜਾਂਦੀ ਹੈ
ਉਹਦਾ ਹੋ ਕੇ
ਮਰਨ ਦੇ ਪਲ ਮੋੜ ਦਏ ਕੋਈ
-0-
ਅਵਾਰਗੀ
ਹੁਣ ਵੀ ਮੇਰੇ ਸੰਗ ਜਾਗਦੀ
ਤੇ ਸੌਂਦੀ ਹੈ
ਜਦ ਵੀ ਬਰਸਾਤਾਂ 'ਚ
ਮੇਰੇ ਰੋਜ਼ਗਾਰ ਦੀ ਛੱਤ ਚੋਂਦੀ ਹੈ
ਅਵਾਰਗੀ
ਮੇਰੇ ਘਰ ਦੇ ਵਿਹੜੇ 'ਚ
ਦੁਹੱਥੜੇ ਮਾਰ ਰੋਂਦੀ ਹੈ
ਅਵਾਰਗੀ
ਤੇਰੀ ਨਜ਼ਰ ਦੀ ਬੱਦਲੀ
ਸੜਦੇ ਥਲਾਂ ਵਲ ਮੋੜ ਦਏ ਕੋਈ
-0-
ਮੋੜ ਸਕਦਾ ਹੈ
ਅਵਾਰਗੀ ਮੇਰੀ
ਤਾਂ ਮੈਨੂੰ ਮੋੜ ਦਏ ਕੋਈ
ਇਸ ਖੰਡਰ ਹੋਈ ਦੇਹ ਨੂੰ
ਰੂਹ ਨਾਲ ਜੋੜ ਦਏ ਕੋਈ
-0-

## ਤਰੇਤਾ

ਜਦੋਂ ਮੈਂ ਰਾਮ ਸਾਂ
ਰਾਵਣ ਵੀ ਸੀ ਮੇਰੇ ਅੰਦਰ
ਜੋ ਰੋਜ
ਸੀਤਾ ਹਰਨ ਕਰਦਾ ਸੀ
ਮੇਰੀ ਅਰਧਾਂਗਣੀ ਦਾ
ਨਿੱਘ ਹੰਢਾਉਂਦਾ ਸੀ
ਮੇਰੇ ਲਹੂ ਦੀ ਨਦੀ ਤਰਦਾ ਸੀ
-0-
ਉਹ ਲੰਕਾ ਨਰੇਸ਼
ਮੈਂ ਦਾਤੇ ਦਾ ਦਰਵੇਸ਼
ਉਹ ਤਲਵਾਰ 'ਤੇ
ਨਾਮ ਦੀ ਹਸਤੀ ਨੂੰ ਤੋਲਦਾ
ਹੰਕਾਰ 'ਚ ਆਇਆ
ਰੱਬ ਦੇ ਬੰਦਿਆਂ ਨੂੰ ਮੰਦਾ ਬੋਲਦਾ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ ਬਨ ਆਈ
ਮੈਂ ਧਿਆਉਂਦਾ ਤੇ ਉਚਾਰਦਾ
ਉਸ ਦੇ ਭਾਣੇ ਨੂੰ ਮੰਨਦਾ
ਉਸ ਦੀ ਰਜ਼ਾ 'ਚ ਜੀਵਨ ਗੁਜ਼ਾਰਦਾ
-0-
ਮੈਂ ਆਪਣੇ ਸੱਚ ਤੋਂ
ਜਦ ਆਪਣਾ ਆਪਾ ਉਤਾਰਿਆ
ਮੇਰੀ ਚੁੱਪ ਨੇ
ਲੰਕੇਸ਼ਵਰ ਦੇ ਹੰਕਾਰੀ ਸ਼ੋਰ ਨੂੰ ਲਲਕਾਰਿਆ
ਉਸ ਦਾ ਸਿਰ ਕੱਟਿਆ
ਉਸ ਦੀ ਤਲ਼ੀ 'ਤੇ ਧਰ ਦਿੱਤਾ
ਸਦੀਆਂ ਦੇ ਹੰਕਾਰ ਦਾ ਵਧ ਕਰ ਦਿੱਤਾ
-0-
ਸਮੇਂ ਦੀ ਸੋਚ ਦਾ

ਕਾਇਆ ਕਲਪ ਹੋਇਆ
ਕਬਜ਼ੇ ਦੀ ਭਾਵਨਾ 'ਚੋਂ
ਪਹਿਚਾਣ ਦਾ ਅੰਕੁਰ ਪੁੰਗਰ ਆਇਆ
ਸਮੇਂ ਦੀ ਸੀਤਾ
ਸੁਤੰਤਰ ਹੋ ਗਈ
ਪੂਜਾ ਦਾ ਬੁੱਤ
ਬੁੱਤ ਦੀ ਪੂਜਾ ਹੋ ਗਈ
ਯੁੱਗਾਂ ਦੇ ਰਾਵਣ ਦਾ ਭੋਗ ਪੈ ਗਿਆ
ਪਹਿਲਾਂ ਰਾਮ
ਰਾਮ ਸੀ ਆਪਣੇ ਲਈ
ਅੱਜ ਰਾਮ 'ਚੋਂ ਲੋਕਾਂ ਨੂੰ
ਲੋਕਾਂ ਦਾ ਰਾਮ ਨਜ਼ਰ ਆ ਗਿਆ!

-0-

## ਦੁਆਪਰ

ਦੁਆਪਰ ਯੁੱਗ ਹਾਂ
ਕ੍ਰਿਸ਼ਨ ਨਾਮ ਹੈ ਮੇਰਾ
ਦੁਰਯੋਧਨ
ਮੇਰੀਆਂ ਰਗਾਂ 'ਚ ਰੜਕਦਾ ਹੈ
ਲਹੂ 'ਚ ਉਬਲਦਾ ਹੈ
ਦਰੋਪਤੀ ਦਾ
ਚੀਰ ਹਰਨ ਸਿਰਜਦਾ ਹੈ
ਰੋਜ
ਉਸ ਦੇ ਬਸਤਰ ਉਤਾਰਦਾ ਹੈ
ਆਪਣੀ ਅੱਗਣ ਠਾਰਦਾ ਹੈ
ਮੇਰੇ ਅੰਦਰ ਇਕ ਧਰਿਤਰਾਸ਼ਟਰ
ਰੋਜ ਜਨਮਦਾ ਹੈ
ਇਕ ਪਿਤਾਮਾ
ਰੋਜ਼ ਮਰਦਾ ਹੈ
ਮੇਰਾ ਅੰਦਰ
ਰੋਜ਼ ਖਾਲੀ ਰੋਜ਼ ਭਰਦਾ ਹੈ

-0-

ਮੈਂ ਕੁਰੂਖਸ਼ੇਤਰ 'ਚ
ਜਨਮੀ ਗੀਤਾ ਦਾ ਸੂਤਕ
ਹਸਤਨਾਪੁਰ ਦੇ ਰਾਜ ਦਰਬਾਰ 'ਚ
ਹੰਢਾਇਆ ਹੈ
ਦਰੋਪਤੀ ਦਾ ਚੀਰ ਹਰਨ
ਨੇਤਰਹੀਣ ਵਿਹੜੇ 'ਚੋਂ
ਸੂਰਜ ਬਣ ਉੱਗ ਆਇਆ ਹੈ
ਜਗਤ ਦੀ ਕੁੱਖ ਢੱਕਣ ਲਈ
ਸਮੇਂ ਦਾ ਪਹੀਆ
ਉਂਗਲੀ 'ਤੇ ਚੜ੍ਹਾਇਆ ਹੈ
ਅੰਦਰ ਦਾ ਦੁਰਯੋਧਨ
ਤੇ ਪੁੱਤਰ ਮੋਹ 'ਚ ਅੰਨ੍ਹਾ

ਧਰਿਤਰਾਸ਼ਟਰ ਮੁਕਾਇਆ ਹੈ
-0-
ਮੈਂ ਆਪਾ ਸ਼ੁੱਧ ਕਰਕੇ
ਰਾਧਾ ਦੇ ਪਲਕੀਂ ਸਮਾਧੀ ਗ੍ਰਸਤ
ਸਵੈ ਨੂੰ
ਸਿਮਰਦਾ ਧਿਆਉਂਦਾ ਸਾਂ
ਕਦੀ ਸਵੈ ਮੇਰੇ 'ਚ
ਕਦੀ ਮੈਂ ਸਵੈ 'ਚ
ਪ੍ਰਯੋਗਿਆ ਜਾਂਦਾ ਸਾਂ
ਇਸ ਪ੍ਰਯੋਗਿਕ ਕ੍ਰਿਆ 'ਚ
ਮੈਂ ਸਿਰਜਣਾ ਤੋਂ ਸਿਰਜਕ
ਸਿਰਜਕ ਤੋਂ
ਸਿਰਜਣਾ ਹੋ ਜਾਂਦਾ ਹਾਂ
ਆਤਮ ਤੋਂ ਬ੍ਰਹਮ ਕਹਾਂਦਾ ਸਾਂ।
-0-
ਰਾਧਾ ਦਰੋਪਤੀ ਤੇ ਗੀਤਾ
ਮੇਰਾ ਹੀ ਸਰੂਪ ਹਨ
ਮੈਂ ਇਨ੍ਹਾਂ 'ਚ
ਇਹ ਮੇਰੇ 'ਚ ਮੌਜੂਦ ਹਨ
ਦਰੋਪਤੀ ਦੇ ਚੀਰ ਹਰਨ ਨੇ
ਮਹਾਂਭਾਰਤ ਦਾ ਕ੍ਰਿਸ਼ਨਾ
ਮੇਰੇ 'ਚੋਂ ਜਗਾਇਆ ਹੈ
ਜੋ ਰਾਧਾ ਦੇ ਪਲਕਾਂ ਦੀ
ਛਾਂਅ ਤਿਆਗ
ਕੁਰੂਖਸ਼ੇਤਰ 'ਚ
ਉਤਰ ਆਇਆ ਹੈ
ਗੁਆਲਾ ਆਖਦੇ ਸੀ
ਲੋਕ ਜਿਸ ਨੂੰ ਮਥੁਰਾ ਦਾ
ਸੋਲਾਂ ਕਲਾਂ ਸੰਪੂਰਨ
ਅੱਜ
ਸਾਰਥੀ ਜੱਗ ਦਾ ਕਹਾਇਆ ਹੈ

ਦੁਆਪਰ ਯੁੱਗ ਹਾਂ
ਕੁਰੂਖਸ਼ੇਤਰ ਧਾਮ ਹੈ ਮੇਰਾ
ਮੈਂ ਹੀ ਬ੍ਰਹਮ ਹਾਂ
ਕ੍ਰਿਸ਼ਨ ਨਾਮ ਹੈ ਮੇਰਾ!

-0-

## ਨਾ ਸਾਗਰ ਨਾ ਗਾਗਰ

ਤੂੰ ਬਸ ਲਹਿਰ ਨਾ ਸਾਗਰ
ਮੈਂ ਬਸ ਬੂੰਦ ਨਾ ਗਾਗਰ
–0–
ਆ
ਆਪੇ ਤੋਂ ਆਪਾ ਲਾਈਏ
ਬੂੰਦ ਤੋਂ ਸਾਗਰ
ਲਹਿਰ ਤੋਂ ਸਾਗਰ ਹੋ ਜਾਈਏ
ਫੁੱਲਾਂ ਦੀ ਰੰਗਤ
ਕਲੀਆਂ ਦੀ ਮਹਿਕ ਹੰਢਾਈਏ
ਸੱਚ ਨੂੰ ਸੱਚ ਦਾ ਸੱਚ ਵਿਖਾਈਏ
ਹੋਵੇ ਸਵੈ ਉਜਾਗਰ
ਤੂੰ ਬਸ ਲਹਿਰ ਨਾ ਸਾਗਰ
ਮੈਂ ਬਸ ਬੂੰਦ ਨਾ ਗਾਗਰ
–0–
ਪੌਣ ਵਗੇ ਵਿੱਚ ਰੁੱਖਾਂ ਦੇ
ਪੰਛੀ ਗਾਵਣ ਟਹਿਣੀ ਟਹਿਣੀ
ਬੱਦਲਾਂ ਦੇ ਪ੍ਰਛਾਵੇਂ ਵੱਸਣ
ਔੜਾਂ ਮਾਰੀ ਧਰਤੀ ਨੈਣੀਂ
ਵਰ੍ਹ ਜਾਏ ਕੋਈ ਘਟਾ ਰੂਹ ਦੀ
ਭਿੱਜ ਜਾਈਏ
ਸਿਰ ਤੋਂ ਪੈਰਾਂ ਤਾਣੀ
ਗੂੰਜੇ ਨਾਦ ਕੁਦਰਤ ਦਾ ਅੰਬਰੀ
ਮਾਨਵਤਾ ਹੋਏ ਇਕਾਗਰ
ਤੂੰ ਬਸ ਲਹਿਰ ਨਾ ਸਾਗਰ
ਮੈਂ ਬਸ ਬੂੰਦ ਨਾ ਗਾਗਰ
–0–
ਕੋਈ ਨਾ
ਆਪਣੀ ਅੱਖ ਨਾਲ ਵੇਖੇ
ਨਾ ਜੀਭਾ ਨਾਲ ਬੋਲੇ

ਆਪਣੇ ਸੱਚ ਨੂੰ ਸੂੱਕਣੇ ਪਾ ਕੇ
ਭਰਮ ਦੇ ਗਾਵਣ ਸੋਹਲੇ
ਭਰਮ ਦੇ ਬੱਦਲ
ਭਰਮ ਦਾ ਸਾਵਨ
ਭਰਮ ਦੇ ਬਾਗੀ
ਭਰਮ ਦੀ ਕੋਇਲ ਬੋਲੇ
ਜਲ ਨੂੰ ਜਲ ਦੇ ਕੀੜੇ ਖਾ ਗਏ
ਉੱਡ ਗਏ ਕਬੂਤਰ ਗੋਲੇ
ਜੋ ਅੱਥਰੂ ਅੱਖ ਜਨਮਿਆਂ
ਛੱਡ ਗਿਆ ਰੋਂਦੀ ਆਖਿਰ
ਤੂੰ ਬਸ ਲਹਿਰ ਨਾ ਸਾਗਰ
ਮੈਂ ਬਸ ਬੂੰਦ ਨਾ ਸਾਗਰ

-0-

ਕਿਹੜੇ ਸ਼ਬਦਾਂ ਦੀ ਗਾਥਾ
ਕਿਹੜੇ ਅਰਥਾਂ ਦੀ ਜੀਭਾ
ਸਮੇਂ ਨੂੰ ਤਾਪ ਭਰਮ ਦਾ ਚੜ੍ਹਿਆ
ਚੜ੍ਹਿਆ ਸੱਚ ਸਲੀਬਾਂ
ਦਿਲ ਵੱਟੇ ਪੱਥਰ ਨਹੀਂ ਮਿਲਦਾ
ਦੁਨੀਆਂ ਭਰੀ ਸ਼ਰੀਕਾਂ
ਨਾ ਹੀ ਬਿੰਦੂ ਦਾਇਰੇ ਹੋਏ
ਨਾ ਹੀ ਮਿਟੀਆਂ ਲੀਕਾਂ
ਵੰਡਿਆ ਗਿਆ
ਮਨੁੱਖ ਸਿਫਰਾਂ ਵਿੱਚ
ਏਕਾ ਮੋਇਆ ਵਿੱਚ ਉਡੀਕਾਂ
ਬੱਝੇ ਜਿਲਦ ਕਿਹੜੀ ਵਿੱਚ ਜੀਵਨ
ਪੁਰਜਾ ਪੁਰਜਾ
ਜੀਵਨ ਦਾ ਹਰ ਪਾਤਰ
ਤੂੰ ਬਲ ਲਹਿਰ ਨਾ ਸਾਗਰ
ਮੈਂ ਬਸ ਬੂੰਦ ਨਾ ਗਾਗਰ

-0-

# ਇਹ ਕੌਣ ਹੈ

ਇਹ ਕੌਣ ਹੈ
ਜੋ ਮੇਰੇ ਨਾਲ ਟੁਰਦਾ ਹੈ
ਮੈਂ ਬੁਝਾ ਇਹ ਜਗਦਾ ਹੈ
ਮੈਂ ਧੁੱਖਾਂ ਇਹ ਬਲ਼ਦਾ ਹੈ

–0–

ਇਸ ਲਾਲਚੀ ਦੁਨੀਆ 'ਚ
ਇਸ ਦਾ ਕੋਈ ਨਹੀਂ ਮੇਰੇ ਸਿਵਾ
ਇਸ ਨੂੰ ਮੇਰੇ 'ਚੋਂ ਕੀ ਦਿੱਸਦਾ ਹੈ
ਮੇਰਾ ਇਸਦਾ ਕੀ ਰਿਸ਼ਤਾ ਹੈ
ਇਹ ਮੇਰਾ ਕੀ ਲੱਗਦਾ ਹੈ

–0–

ਇਹ ਕੌਣ ਹੈ
ਜੋ ਮੋਹ ਮਾਇਆ
ਐਸ਼ੋ ਇਸ਼ਰਤ ਰੌਣਕਾਂ ਤਿਆਗ
ਮੇਰਾ ਹੋ ਗਿਆ
ਆਪਣੀ ਸ਼ਨਾਖਤ ਖੋਹ ਗਿਆ
ਹੁਣ ਇਸ ਨੂੰ
ਕੋਈ ਪਹਿਚਾਣਦਾ ਨਹੀਂ
ਇਸ ਦਾ ਘਰ ਦਰੋ ਦੀਵਾਰ ਵੀ
ਇਸ ਨੂੰ ਸਿਆਣ ਦਾ ਨਹੀਂ
ਬੰਦਾ ਖੁਦਾ ਦਾ ਜਾਪਦਾ ਹੈ
ਇਸ ਜਹਾਨ ਦਾ ਜਾਪਦਾ ਨਹੀਂ
ਜੋ ਹੈ ਸਦਾ ਮੇਰਾ
ਆਪਣੇ ਆਪ ਦਾ ਨਹੀਂ

–0–

ਮੈਂ ਪੁੱਛਿਆ
ਤੂੰ ਕੌਣ ਹੈ ਕੀ ਨਾਮ ਹੈ ਤੇਰਾ
ਕਵਨ ਸੁ ਦੇਸ਼ ਪਤਾ ਮਕਾਨ ਹੈ ਤੇਰਾ
ਬੋਲਿਆ–

ਤੇਰੇ ਜਨਮ ਤੋਂ ਪਹਿਲਾਂ ਦਾ
ਤੇਰਾ ਮੇਰਾ ਸਾਥ ਹੈ
ਤੇਰੀ ਦੇਹ ਘਰ ਹੈ ਮੇਰਾ
ਮੇਰਾ ਆਤਮ ਨਾਮ ਹੈ

–0–

ਇਹ ਕੌਣ ਹੈ
ਜੋ ਮੇਰੇ ਨਾਲ ਤੁਰਦਾ ਹੈ
ਮੈਂ ਬੁਝਾ ਇਹ ਜਗਦਾ ਹੈ
ਮੈਂ ਧੁੱਖਾਂ ਇਹ ਬਲ਼ਦਾ ਹੈ

–0–

# ਰੁੱਖ ਪਰਤੇ ਹਨ

ਹੰਝੂ ਅੱਖ 'ਚੋਂ ਜਨਮੇਂ
ਅੱਖ 'ਚ ਵੀ ਵਰ੍ਹ ਗਏ
ਦਿਲ ਦੇ ਰਿਸਦੇ
ਜ਼ਖਮ ਸਨ ਚਿਹਰੇ 'ਤੇ
ਦਰਦ ਦੀ ਬਰਸਾਤ 'ਚ ਭਿੱਜੇ
ਤੇ ਭਰ ਗਏ!

−0−

ਫਿਰ ਦਿਲ ਨੂੰ ਚੜ੍ਹਿਆ ਹੈ
ਇਕੱਠੇ ਕਰ ਕੇ ਤੀਲੇ
ਆਲ੍ਹਣਾ ਪਾਉਣ ਦਾ ਝੱਲ
ਫਿਰ ਪਲਕਾਂ ਦੀਆਂ ਛਾਵਾਂ
ਨੰਗੇ ਪੈਰ ਟੁਰੀਆਂ ਹਨ
ਲੈ ਕੇ ਠਰਦਾ ਸੂਰਜ
ਧੁੱਪੇ ਬਿਠਾਉਣ ਦਾ ਝੱਲ!

−0−

ਫਿਰ
ਸੁੱਕ ਗਏ ਰੁੱਖਾਂ ਦੀ ਦੇਹ 'ਚੋਂ
ਪੱਤ ਪੁੰਗਰੇ ਹਨ
ਇਹ ਉਹ ਰਾਸਤੇ ਹਨ
ਜੋ ਦਿਲ ਤੋਂ ਸ਼ੁਰੂ ਹੋ ਕੇ
ਦਿਲ 'ਤੇ ਹੀ ਮੁਕਦੇ ਹਨ
ਔੜਾਂ 'ਚ ਹਰੇ
ਕਦੀ ਬਰਸਾਤਾਂ 'ਚ ਸੁੱਕਦੇ ਹਨ
ਹਰਿਆਉਲਾਂ ਭਾਲ਼ਦੇ
ਜੋ
ਜਾ ਵੜੇ ਸਨ
ਘਰ ਕਬਰਾਂ ਦੇ
ਤਲ਼ੀਆਂ ਦੇ ਬਾਲ਼ ਕੇ ਦੀਵੇ
ਘਰੀਂ ਉਹ ਰੁੱਖ ਪਰਤੇ ਹਨ

-0-

ਹੰਝੂ ਅੱਖ 'ਚੋਂ ਜਨਮੇਂ
ਅੱਖ 'ਚ ਵੀ ਵਰ੍ਹ ਗਏ
ਦਿਲ ਦੇ ਰਿਸਦੇ
ਜ਼ਖਮ ਸਨ ਚਿਹਰੇ 'ਤੇ
ਦਰਦ ਦੀ ਬਰਸਾਤ 'ਚ ਭਿੱਜੇ
ਤੇ ਭਰ ਗਏ!

-0-

# ਕੌਣ ਹੈ

ਕੌਣ ਹੈ
ਜਿਸ
ਸਰਘੀ ਦੀ ਟਿੱਕੀ ਦਾ
ਦੀਵਾ
ਜਗਾਇਆ ਹੈ
ਅੰਬਰ ਨੂੰ
ਸੂਰਜ
ਸੂਰਜ ਨੂੰ
ਧਰਤ ਬਣਾਇਆ ਹੈ

-0-

ਧਰਤ ਦਾ
ਹਰ ਨਖਸ਼
ਨਜ਼ਰ ਆਉਣਾ
ਸ਼ੁਰੂ ਹੋਇਆ ਹੈ
ਕੌਣ ਹੈ
ਜਿਸ
ਕਾਇਨਾਤ ਤੋਂ
ਪਰਦਾ
ਹਟਾਇਆ ਹੈ

-0-

ਨਿਕਲੀਆਂ
ਕਿਰਨਾਂ
ਸਰਘੀ ਦੀ
ਕੁਟੀਆਂ 'ਚੋਂ
ਭਰਨ ਲਈ
ਜਲ ਦੀ ਗਾਗਰ
ਕੌਣ ਹੈ
ਜਿਸ
ਕਿਰਨਾਂ ਨੂੰ

ਸੂਰਜ
ਨਦੀ ਨੂੰ
ਸਾਗਰ
ਬਣਾਇਆ ਹੈ

−0−

ਇਹ
ਮੈਂ ਹਾਂ
ਜਾਂ
ਹਰ ਪਾਸੇ
ਪਸਰੀ
ਮੈਂ ਦੀ ਤੂੰ ਹੈਂ
ਜਿਸ
ਕਾਦਰ 'ਚੋਂ ਕੁਦਰਤ
ਕੁਦਰਤ 'ਚੋਂ
ਕਾਦਰ ਵਿਖਾਇਆ ਹੈ!

−0−

ਕੌਣ ਹੈ
ਜਿਸ
ਸਰਘੀ ਦੀ ਟਿੱਕੀ ਦਾ
ਦੀਵਾ
ਜਗਾਇਆ ਹੈ
ਅੰਬਰ ਨੂੰ
ਸੂਰਜ
ਸੂਰਜ ਨੂੰ
ਧਰਤ
ਬਣਾਇਆ ਹੈ

−0−

# ਧੁੰਧਲਾ ਸ਼ੀਸ਼ਾ

ਜੋ ਧੁੰਧਲਾ ਹੈ
ਉਸ ਦਾ ਦਰਪਣ ਵਰਤਮਾਨ ਹੈ
ਵਰਤਮਾਨ ਦੀ ਪ੍ਰਯੋਗਸ਼ਾਲਾ 'ਚ
ਧੁੰਧਲੇ ਦਾ ਉਜਾਲਾ ਹੈ
ਜਿਸ ਵਿਚ ਵਿਚਰਦਾ ਮਨੁੱਖ
ਭਵਿੱਖ ਦੇ ਅੰਗ ਤੇ ਨਕਸ਼
ਸੁਆਰ ਸਕਦਾ ਹੈ
ਭੂਤ ਨੂੰ ਵਰਤਮਾਨ 'ਚ
ਉਤਾਰ ਸਕਦਾ ਹੈ

−0−

ਭੂਤ ਦਾ ਚੰਨ
ਭਵਿੱਖ ਦਾ ਸੂਰਜ
ਵਰਤਮਾਨ ਦੀ ਧਰਤੀ 'ਚੋਂ
ਉੱਗਦਾ ਹੈ
ਇਸ ਦਾ ਬੀਜ
ਉਨ੍ਹਾਂ ਰੁੱਖਾਂ 'ਚ ਹੁੰਦਾ ਹੈ
ਜੋ ਤਬਦੀਲੀ ਸਿਮਰਦੇ ਹਨ
ਵੇਗ ਤੇ ਸੁਰਤੀ ਲਾਉਂਦੇ ਹਨ
ਆਪਣਾ ਆਪਾ
ਖਾਲੀ ਕਰਨ ਲਈ ਭਰਦੇ ਹਨ
ਜੀਵਨ ਅੱਗਣ ਦਾ ਦਰਿਆ ਤਰਦੇ ਹਨ
ਜ਼ਿੰਦਗੀ ਦੇ ਬੰਨੇਰੀਂ ਸੂਰਜ ਧਰਦੇ ਹਨ

−0−

ਪ੍ਰਪੰਰਾ ਦੇ ਆਦੀ
ਸੂਰਜ 'ਚ ਹਨ੍ਹੇਰਾ
ਜੀਵਨ 'ਚ ਕਬਰਾਂ
ਜੰਗਲ 'ਚ ਸੁੱਕੇ ਰੁੱਖ ਹੁੰਦੇ ਹਨ

ਜੋ ਸੂਰਜ
ਨਿਕਲਣ 'ਤੇ ਵੀ ਵਿਗਸਦੇ ਨਹੀਂ
ਬਹਾਰਾਂ 'ਚ ਵੀ ਪੁੰਗਰਦੇ ਨਹੀਂ
ਉਹ ਪੈਰਾਂ ਦਾ ਸਫ਼ਰ ਨਹੀਂ ਹੁੰਦੇ
ਪੈਰਾਂ 'ਚ ਗੁੰਮ ਜਾਂਦੇ ਹਨ
ਸਾਗਰ ਦੇ ਕਿਨਾਰੇ ਖੜ੍ਹੇ ਹੀ
ਡੁੱਬ ਜਾਂਦੇ ਹਨ।

-0-

## ਜੰਗਲ ਤੋਂ ਨਿਆਰਾ

ਉਹ ਰੁੱਖ
ਜੰਗਲ ਤੋਂ ਨਿਆਰਾ ਸੀ
ਨਾ ਉਹ
ਆਪਣੇ ਲਹੂ 'ਚ ਜੰਗਲ ਜਿਉਂਦਾ
ਨਾ ਜੰਗਲੀ
ਕਾਰਜ ਪ੍ਰਣਾਲੀ ਅਪਣਾਉਂਦਾ
ਉਹ ਜੰਗਲ ਦਾ
ਭਾਗੀਦਾਰ ਹੁੰਦਾ ਵੀ ਅਲੱਗ ਸੀ
ਜੰਗਲ ਦੇ ਰੁੱਖਾਂ ਤੋਂ ਵੱਖ ਸੀ
-0-
ਉਸ ਆਪਣੀ
ਊਰਜਾ ਦੀ ਵਰਤੋਂ
ਆਪਣੇ ਸੰਕਲਪੇ ਸਿਧਾਂਤ ਦੇ
ਅਧਾਰ 'ਤੇ ਕੀਤੀ
ਲਕਸ਼ ਦਾ ਦੀਵਾ ਬਾਲ਼ ਮੱਥੇ ਵਿੱਚ
ਆਪਣਾ ਸਿਰ
ਤਲ਼ੀ 'ਤੇ ਧਰਿਆ
ਆਪਣੀ ਮਰਜ਼ੀ ਦਾ
ਜੰਗਲ ਸਿਰਜਿਆ!
-0-
ਹੁਣ ਜੰਗਲ 'ਚ
ਹਰ ਰੁੱਖ ਜਾ ਵਸੇਰਾ ਸੀ
ਜੰਗਲ ਹਰ ਰੁੱਖ ਦਾ ਦਰਪਣ ਸੀ
ਦਰਪਣ ਦਾ ਰੁੱਖ ਦਾ ਚਿਹਰਾ ਸੀ
ਰੁੱਖ ਜੰਗਲ ਦੇ ਜੰਗਲ ਰੁੱਖਾਂ ਦਾ ਸੀ
ਰੁੱਖਾਂ ਦਾ ਅੰਬਰ ਰੁੱਖਾਂ ਦੀ ਧਰਤ ਸੀ
ਰੁੱਖਾਂ ਦੀ ਪਰਜਾ
ਰੁੱਖਾਂ ਦਾ ਤਖ਼ਤ ਸੀ
ਹਰ ਰੁੱਖ ਦੀ ਸਮਰਥਾ

ਜੰਗਲ ਦੀ ਸ਼ਕਤੀ ਸੀ
ਹਰ ਰੁੱਖ ਦੀ ਲੋੜ
ਜੰਗਲ ਦੀ ਮਰਜੀ ਸੀ
ਹਰ ਰੁੱਖ ਦੀ ਉਕਾਤ
ਜੰਗਲ ਦਾ ਸਰਮਾਇਆ ਸੀ
ਜੰਗਲ ਰੁੱਖ 'ਚ
ਰੁੱਖ ਜੰਗਲ 'ਚ ਸਮਾਇਆ ਸੀ

—0—

# ਚੰਨ ਕਿੱਥੇ ਹੈ

ਚੰਨ
ਨਕਲੀ ਅੰਬਰ
ਉਪਗ੍ਰੀ ਸਮਗਰੀ 'ਚ ਘਿਰਿਆ
ਚੁੱਪ ਉਦਾਸੀ ਇਕੱਲਤਾ ਤੋਂ
ਉਕਤਾ ਗਿਆ ਹੈ!

-0-

ਅੰਬਰ 'ਚ
ਆਦਮੀ ਦੀ ਫੈਲੀ ਗੰਧ
ਸੁਰਮਈ ਚਾਂਦਨੀ ਦਾ ਬਦਨ
ਤੇ ਸੁਗੰਧੀ ਖਾ ਗਈ
ਤਾਰਿਆਂ ਦੀ ਲੋਅ ਦਾ
ਜਗਦਾ ਅੰਬਰ
ਕਬਰ ਬਣਾ ਗਈ
ਚੰਨ ਦੀ ਸ਼ੀਤਲਤਾ ਬੁੱਸ ਗਈ
ਚੰਨ ਦੇ ਮੱਥੇ ਦੀ ਜੋਤੀ ਬੁੱਝ ਗਈ
ਚੰਨ ਦੇ ਨੈਣੀਂ
ਚੰਨ ਦਾ ਮੁਰਦਾ ਤੈਰਿਆ
ਚੰਨ ਗਗਨ ਨੂੰ ਅਲਵਿਦਾ ਕਹਿ ਗਿਆ

-0-

ਚੰਨ ਕਿੱਥੇ ਹੈ
ਮਨੁੱਖੀ ਮਨ ਨੀਲੇ ਗਗਨ 'ਚ
ਚੰਨ ਨਜ਼ਰ ਨਹੀਂ ਆਉਂਦਾ
ਚੰਨ ਕਾਤਰ ਕਾਤਰ ਹੋ
ਨਜ਼ਰ ਦੇ ਟੋਟਿਆਂ 'ਚ ਵੰਡਿਆ ਗਿਆ ਹੈ
ਅੱਥਰੂ ਅੱਥਰੂ ਹੋ
ਮਨੁੱਖੀ ਮਨ ਦੇ ਨੀਲੇ ਅੰਬਰ ਤੋਂ
ਮਿੱਟ ਗਿਆ ਹੈ
ਆਪਣੀ ਤਲਾਸ਼ 'ਚ
ਪਹਾੜਾਂ ਜੰਗਲਾਂ ਸਾਗਰਾਂ 'ਚ

ਉੱਤਰ ਗਿਆ ਹੈ
ਘਰ ਦਾ ਰਾਹ ਭੁੱਲ ਗਿਆ ਹੈ
ਮਨੁੱਖ 'ਚੋਂ ਚੰਨ
ਚੰਨ 'ਚੋਂ ਮਨੁੱਖ ਨੁਚੜ ਗਿਆ ਹੈ

–0–

# ਲੋਕ

ਜਿਉਂਦੇ ਜਾਗਦੇ
ਕਬਰਾਂ 'ਚੋਂ ਜ਼ਿੰਦਗੀ ਭਾਲ਼ਦੇ ਨੇ ਲੋਕ
ਫੁੱਲਾਂ 'ਤੇ ਪੈਰ ਧਰਕੇ
ਪੱਥਰਾਂ ਦੀ ਉਮਰ ਗੁਜ਼ਾਰਦੇ ਨੇ ਲੋਕ
-0-
ਆਪਣੇ
ਲਾਲਚ, ਹੰਕਾਰ 'ਚ ਰੰਗੇ
ਦੂਜਿਆਂ ਦੇ ਦਿਲਾਂ ਦਾ ਮੈਲਾ
ਉਤਾਰਦੇ ਨੇ ਲੋਕ
ਮਖਮਲੀ ਬਿਸਤਰ 'ਚ ਵੀ
ਨੀਂਦ ਨਾ ਆਵੇ
ਪੱਥਰ ਸਿਰਹਾਣੇ ਰੱਖ
ਘੁਰਾੜੇ ਮਾਰਦੇ ਲੋਕ!
-0-
ਅਜਬ ਤੇਰੇ ਰੰਗ ਨੇ
ਐ ਜ਼ਿੰਦਗੀ !
ਜ਼ਰੋਸੀਮਾਂ ਦੇ ਅਵਾਨਾਂ 'ਚ ਵੀ
ਕੱਟਦੀ ਨਹੀਂ
ਰੁੱਖਾਂ ਦਾ ਸੱਚ ਹੋ ਕੇ
ਜ਼ਿੰਦਗੀ ਗੁਜ਼ਾਰਦੇ ਨੇ ਲੋਕ
ਗੁਨਾਹਗਾਰਾਂ ਦੀ ਨਗਰੀ 'ਚ
ਗੁਨਾਹਗਾਰਾਂ ਨੂੰ
ਗੁਨਾਹਗਾਰ ਪੱਥਰ ਮਾਰਦੇ ਨੇ ਲੋਕ!
-0-
ਆਪਣੇ ਹੀ
ਆਪਣਿਆਂ ਤੋਂ ਮੂੰਹ ਫੇਰ ਗਏ
ਗੈਰਾਂ ਨੂੰ
ਆਪਣੇ ਲਹੂ 'ਚ ਉਤਾਰਦੇ ਨੇ ਲੋਕ
ਲੋਕ ਹਨ

ਲੋਕਾਂ ਲਈ ਸੂਲ਼ੀ ਸਿਰਜਦੇ
ਲੋਕਾਂ ਲਈ
ਆਪਣਾ ਸਿਰ ਵਾਰਦੇ ਨੇ ਲੋਕ!

–0–

ਜਿਉਂਦੇ ਜੀਅ
ਤਾਂ ਲੋਕ ਲੋਕਾਂ ਦੇ ਨਹੀਂ
ਮਰਨ ਪਿੱਛੋਂ
ਮੜ੍ਹੀਆਂ 'ਤੇ ਦੀਵੇ ਬਾਲ਼ਦੇ ਨੇ ਲੋਕ
ਜ਼ਿੰਦਗੀ ਦਾ ਕਰਜ਼
ਸਿਰੋਂ ਉਤਾਰਦੇ ਨੇ ਲੋਕ
ਮਰ ਗਿਆਂ ਸਿਰ
ਹੋਰ ਕਰਜ਼ਾ ਚਾੜ੍ਹਦੇ ਨੇ ਲੋਕ!

–0–

ਜਿਉਂਦੇ ਜਾਗਦੇ
ਕਬਰਾਂ 'ਚੋਂ ਜ਼ਿੰਦਗੀ ਭਾਲ਼ਦੇ ਨੇ ਲੋਕ
ਫੁੱਲਾਂ 'ਤੇ ਪੈਰ ਧਰਕੇ
ਪੱਥਰਾਂ ਦੀ ਉਮਰ ਗੁਜ਼ਾਰਦੇ ਨੇ ਲੋਕ!

–0–

## ਖਾਲੀ ਟਿੰਡਾਂ

ਉਸ ਦੀ ਚੁੱਪ
ਮੇਰੇ ਬੋਲਾਂ
ਸਾਡੀ ਸੋਚ ਦੇ ਪੈਰੀਂ
ਅਜਨਬੀ ਰਾਹ ਉੱਗਾ ਦਿੱਤੇ
ਚਿਹਰੇ ਪਿੱਠਾਂ 'ਚ ਬਦਲ ਗਏ
ਸਫ਼ਰ ਸਿਫਰ ਹੋ ਗਏ
ਰੁੱਖਾਂ 'ਚੋਂ ਛਾਵਾਂ
ਛਾਵਾਂ 'ਚੋਂ ਰੁੱਖ ਨੁਚੜ ਗਏ

-0-

ਰਾਹ ਮੰਜ਼ਿਲਾਂ ਦਿਸ਼ਾਵਾਂ
ਦਿਸਹੱਦੇ ਉਵੇਂ ਦੇ ਉਵੇਂ ਸਨ
ਪਰ ਰਾਹਾਂ 'ਤੇ ਪੈਰ
ਮੰਜ਼ਿਲਾਂ ਤੇ ਮੁਸਾਫ਼ਰ
ਦਿਸ਼ਾਵਾਂ ਤੇ ਨਜ਼ਰਾਂ ਨਹੀਂ ਸਨ

-0-

ਬੱਸ ਵਿਪਰੀਤ ਰਾਹਾਂ 'ਤੇ
ਇਕ ਬੋਲ ਟੁਰ ਰਿਹਾ ਸੀ
ਇਕ ਚੁੱਪ ਟੁਰ ਰਹੀ ਸੀ
ਦੇਹ ਦੇ ਖੂਹ ਗਿੜ ਰਹੇ ਸਨ
ਖਾਲੀ ਟਿੰਡਾਂ ਭਰ ਰਹੇ ਸਨ
ਆਪਾ ਖਾਲੀ ਕਰ ਰਹੇ ਸਨ

-0-

ਭੁਲੇਖਿਆਂ ਦੀ ਫਸਲ
ਉੱਗਦੀ ਆ ਰਹੀ ਸੀ
ਬੋਲ ਚੁੱਪ ਦੇ ਚੁੱਪ ਬੋਲ ਦੇ
ਅੰਬਾਰ ਲਾਂਦੀ ਜਾ ਰਹੀ ਸੀ

-0-

ਪਿੱਠਾਂ 'ਚੋਂ
ਪਿੱਠਾਂ ਜਨਮ ਰਹੀਆਂ ਸਨ

ਚਿਹਰਿਆਂ ’ਚੋਂ
ਚਿਹਰੇ ਆਲੋਪ ਸਨ
ਸਰਘੀਆਂ ਤੋਂ ਸ਼ਾਮਾਂ
ਸ਼ਾਮਾਂ ਤੋਂ ਸਰਘੀਆਂ ਦੂਰ ਸਨ
ਪਿੱਠਾਂ ’ਚੋਂ ਉੱਗੇ
ਚਿਹਰਿਆਂ ਦੇ ਸਿਵੇ ਬਲ਼ ਰਹੇ ਸਨ
ਚਿਹਰਿਆਂ ’ਚੋਂ
ਉੱਗੀਆਂ ਪਿੱਠਾਂ ਦੇ ਸੂਰਜ ਚੜ੍ਹ ਰਹੇ ਸਨ

–0–

ਜ਼ਿੰਦਗੀ ਦੇ ਵਿਹੜੇ ਦੋ ਢੇਰੀਆਂ ਸਨ
ਤੇਰੀਆਂ ਅਤੇ ਮੇਰੀਆਂ ਸਨ
ਢੇਰੀਆਂ ਵਿਚ
ਬੋਲ ਦਾ ਦਰਿਆ ਵਗਦਾ ਸੀ
ਬੋਲ ਦੇ ਜਲ ਵਿਚ
ਚੁੱਪ ਦੀ ਨਦੀ ਵਗਦੀ ਸੀ
ਨਾ ਜਲ ਨਦੀ ਲਗਦਾ ਸੀ
ਨਾ ਨਦੀ ਜਲ ਲਗਦੀ ਸੀ

–0–

## ਓਹਲਾ

ਸ਼ਹਿਰ ਦੀ ਅਬਾਦੀ ਭੀੜ ਹੈ
ਭੀੜ 'ਚ ਭੀੜ ਟੁਰਦੀ ਜਾ ਰਹੀ ਹੈ
ਸ਼ਹਿਰ ਦੀ ਕੁੜਤੀ
ਤੰਗ ਹੁੰਦੀ ਜਾ ਰਹੀ ਹੈ
-0-
ਸ਼ਹਿਰ ਦੀ ਚੁੱਪ ਨੇ
ਸ਼ੋਰ ਦਾ ਰੂਪ ਧਾਰਿਆ
ਸ਼ਹਿਰ ਦੀ ਇਕਾਂਤ ਨੂੰ
ਸ਼ਹਿਰ ਦੀ ਭੀੜ ਨੇ ਚੁਰਾ ਲਿਆ
ਸ਼ਹਿਰ ਦੇ ਵਿਅਕਤੀਗਤ ਸੱਚ ਨੂੰ
ਭੀੜ ਦੀ ਖੁੱਲ੍ਹਤਾ ਚਬਾਅ ਲਿਆ
ਸ਼ਹਿਰ ਦਾ ਕੋਈ ਨਿੱਜੀ ਓਹਲਾ ਨਹੀਂ
ਸ਼ਹਿਰ
ਆਪਣੇ ਆਪ ਨੂੰ ਵੇਖਣ ਤੋਂ
ਅਸਮਰਥ ਹੈ
ਸ਼ਹਿਰ ਦੀ ਅੱਖ ਬਿਨ੍ਹਾਂ
ਸ਼ਹਿਰ ਨੂੰ ਵੇਖਦੀ ਹਰ ਅੱਖ!
-0-
ਸ਼ਹਿਰ
ਨਿੱਜੀ ਤੌਰ 'ਤੇ ਸੋਚ ਨਹੀਂ ਸਕਦਾ
ਆਪਣੇ ਸਾਂਵੇ ਖਲੋ ਨਹੀਂ ਸਕਦਾ
ਆਪੇ ਤੋਂ ਆਪਾ ਲਾਹ ਨਹੀਂ ਸਕਦਾ
ਆਪਣਾ ਨਗਨ
ਆਪਣੇ ਆਪ ਨੂੰ ਵਿਖਾ ਨਹੀਂ ਸਕਦਾ
ਸ਼ਹਿਰ ਨੂੰ ਤਾਂ
ਭੀੜ ਦੀ ਖੁੱਲ੍ਹਤਾ
ਆਪਣੀ
ਅੱਖ 'ਚ ਪਾਇਆ ਹੈ
ਸ਼ਹਿਰ ਦਾ ਅੰਦਰ ਬਾਹਰ

ਆਪਣੀ ਤਲ਼ੀ 'ਤੇ ਟਿਕਾਇਆ ਹੈ
ਸ਼ਹਿਰ ਸਾਰੇ ਦਾ ਸਾਰਾ
ਭੀੜ ਦੇ ਮੂੰਹ 'ਚ ਆਇਆ ਹੈ

-0-

ਸ਼ਹਿਰ ਪੱਥਰਾ ਗਿਆ ਹੈ
ਚੇਤਨਹੀਣ ਹੋ ਗਿਆ ਹੈ
ਸ਼ਹਿਰ ਦਾ ਆਪਾ
ਨਾ ਸ਼ਹਿਰ ਪਾਸ ਹੈ
ਭੀੜ ਦਾ ਸ਼ਹਿਰ 'ਚ
ਸ਼ਹਿਰ ਦਾ ਭੀੜ 'ਚ ਵਾਸ ਹੈ
ਸ਼ਹਿਰ ਓਹਲੇ ਲਈ
ਮਰ ਮਰ ਕੇ ਜੀਂਦਾ ਹੈ
ਜੀਅ ਜੀਅ ਕੇ ਮਰਦਾ ਹੈ
ਓਹਲੇ ਲਈ
ਖੁੱਲ੍ਹਤਾ ਦੀ ਸੂਲ਼ੀ ਰੋਜ਼ ਚੜ੍ਹਦਾ ਹੈ
ਸ਼ਹਿਰ ਆਪਣੇ 'ਚੋਂ
ਖੁੱਲ੍ਹਤਾ ਨਿਚੋੜਨਾ ਚਾਹੁੰਦਾ ਹੈ
ਆਪਣੇ ਆਪ ਨੂੰ
ਆਪਣਾ ਸੱਚ ਮੋੜਨਾ ਚਾਹੁੰਦਾ ਹੈ
ਆਪਣਾ ਸਿਰ
ਓਹਲੇ ਲਈ ਤਲ਼ੀ 'ਤੇ ਧਰਦਾ ਹੈ
ਆਪਣੀ ਹੋਂਦ ਸੱਚ ਸ਼ਨਾਖ਼ਤ
ਤੇ ਪਹਿਚਾਣ ਲਈ
ਰਣਭੂਮੀ 'ਚ ਉਤਰਦਾ ਹੈ
ਤਾਂ ਕਿ
ਉਸ ਦਾ ਆਪਣਾ
ਕੋਈ ਨਿਸ਼ਾਨ ਰਹਿ ਸਕੇ
ਸ਼ਹਿਰ ਆਪਣੇ ਆਪ ਨੂੰ
ਸ਼ਹਿਰ ਕਹਿ ਸਕੇ!

-0-

ਜੇ ਸ਼ਹਿਰ ਕੋਲ

ਆਪਣੀ ਗੁਪਤਤਾ ਨਹੀਂ
ਤਾਂ ਸ਼ਹਿਰ ਦਾ
ਕੋਈ ਵਜੂਦ ਨਹੀਂ
ਸ਼ਹਿਰ ਸ਼ਹਿਰ 'ਚ ਮੌਜੂਦ ਨਹੀਂ
ਸ਼ਹਿਰ ਬੇਹੋਂਦਾ ਹੈ
ਆਪਣੇ ਸੱਚ
ਸ਼ਨਾਖ਼ਤ ਤੋਂ ਨਿਰਹੋਂਦਾ ਹੈ
ਕਿਉਂਕਿ
ਸ਼ਹਿਰ ਨੂੰ ਹਰ ਵਕਤ
ਸ਼ਹਿਰ ਦਾ ਵਿਪਰੀਤ ਝਾਕਦਾ ਹੈ
ਸ਼ਹਿਰ ਦੇ ਓਹਲੇ ਦੀਆਂ
ਪਰਤਾਂ ਉਤਾਰਦਾ ਹੈ

-0-

ਸ਼ਹਿਰ
ਆਪਣੇ ਆਪ ਸੰਗ
ਹੋਣਾ ਚਾਹੁੰਦਾ ਹੈ
ਆਪਣਾ ਬੋਲ
ਸਿਰਜਣਾ ਚਾਹੁੰਦਾ ਹੈ
ਆਪਣਾ ਰੰਗ
ਵਿਖਾਉਣਾ ਚਾਹੁੰਦਾ ਹੈ
ਆਪਣੀ ਚੁੱਪ
ਜਿਉਣਾ ਚਾਹੁੰਦਾ ਹੈ
ਆਪਣੀ ਇਕਾਂਤ
ਹੰਢਾਉਣਾ ਚਾਹੁੰਦਾ ਹੈ
ਆਪਣੇ ਨਾਲ
ਉੱਠਣਾ ਬਹਿਣਾ
ਰਹਿਣਾ ਚਾਹੁੰਦਾ ਹੈ
ਆਪਣਾ ਸੱਚ
ਵਿਖਾਉਣਾ ਚਾਹੁੰਦਾ ਹੈ
ਪਰ ਇਸ ਲਈ
ਸ਼ਹਿਰ ਕੋਲ

ਕੋਈ ਗੋਪੀਅਤਾ ਨਹੀਂ
ਕੋਈ ਓਹਲਾ ਨਹੀਂ
ਜਿੱਥੇ ਸ਼ਹਿਰ ਤੋਂ ਸਿਵਾ
ਕੋਈ ਹੋਰ ਨਾ ਹੋਵੇ
ਸ਼ਹਿਰ ਕੋਲ ਬਸ ਸ਼ਹਿਰ ਹੀ ਹੋਵੇ!

-0-

# ਕੀਰਤੀ ਤੇ ਸਮਾਂ

ਉਸ ਦੁਆਲੇ
ਬੋਲਾਂ ਦੇ ਕਾਫ਼ਲੇ
ਸ਼ਬਦਾਂ ਦੇ ਅੰਬਾਰ
ਅਰਥਾਂ ਜੇ ਹਜੂਮ ਸਨ

-0-

ਉਸ ਦੀ ਸ਼ਖ਼ਸੀਅਤ 'ਚੋਂ
ਰੁੱਤਾਂ ਬਹਾਰਾਂ ਮੌਸਮ ਦੀ
ਮਹਿਕ ਆਉਂਦੀ ਸੀ
ਕਸ਼ਿਸ਼ ਆਪਣੇ ਆਪ ਨੂੰ
ਉਹਦੀ ਸਿਰਜਣਾ ਕਹਾਉਂਦੀ ਸੀ
ਪੈਂਤੀ ਅੱਖ਼ਰੀਆਂ
ਉਸ ਦੇ ਵਿਸਥਾਰ ਵਿਚ
ਸੁੰਗੜ ਗਈਆਂ ਸਨ
ਹਵਾਵਾਂ ਗਾਉਂਦੀਆਂ
ਉਸ ਦੀ ਮਹਿਮਾ ਨੁਚੜ ਗਈਆਂ ਸਨ

-0-

ਉਸ ਦੀ ਸੋਚ ਦਾ
ਮਾਨਵਤਾ ਦਮ ਭਰਦੀ ਸੀ
ਉਸ ਦੀ ਸੋਚ
ਮਾਨਵਤਾ ਨੂੰ ਆਪਣੀ ਲਗਦੀ ਸੀ
ਦਿਸ਼ਾਵਾਂ 'ਤੇ ਦਿਸਹੱਦਿਆਂ ਤੋਂ
ਪਾਰ ਤਕ ਫੈਲਿਆ
ਉਸ ਦੀ ਕੀਰਤੀ ਦਾ ਵਜੂਦ ਸੀ
ਸਾਗਰਾਂ ਲਹਿਰਾਂ
ਪਹਾੜਾਂ ਜ਼ਰਿਆਂ
ਜੰਗਲਾਂ ਪੱਤਿਆਂ
ਧਰਤੀਆਂ ਅੰਬਰਾਂ 'ਚ
ਉਸ ਦੀ ਮਹਿਮਾ ਮੌਜੂਦ ਸੀ
ਉਸ ਦੀ ਬੋਲ ਬਾਣੀ 'ਚ

ਤੂੰ ਦਾ ਹੀ ਵਿਸਥਾਰ ਸੀ
ਉਹ ਮੂਰਤ ਪਿਆਰ ਦੀ
ਸਭ ਦਾ ਗ਼ਮਖਾਰ ਸੀ
ਪੰਛੀਆਂ ਦੇ ਕੰਠ
ਉਸ ਦੇ ਪ੍ਰਵਚਨ ਉਚਾਰਦੇ
ਜੰਗਲਾਂ ਦੇ ਰੁੱਖ
ਉਸ ਦੀ ਆਰਤੀ ਉਤਾਰਦੇ
ਮਾਨਵਤਾ ਦੀ ਅੱਖ 'ਚ
ਉਸ ਦੇ ਦ੍ਰਿਸ਼ਟਾਂਤ ਸਨ
ਲੋਕਾਂ ਦੇ ਚਿਹਰੇ
ਉਸ ਦੀ ਪਹਿਚਾਣ ਸਨ
ਉਸ ਦਾ ਵਿਸਥਾਰ ਬੇਅੰਤ ਸੀ
ਉਸ ਦੀ ਕੀਰਤੀ ਦਾ
ਕੋਈ ਨਾ ਅੰਤ ਸੀ
ਉਸ ਦੇ ਤੇਜ਼ ਦਾ ਸੂਰਜ
ਜਗਤ 'ਚ ਡੁੱਬਦਾ ਨਹੀਂ ਸੀ
ਉਸ ਦੀ ਪ੍ਰਸ਼ੰਸਾ ਦਾ ਸਫ਼ਰ
ਨਿਰੰਤਰ ਸੀ ਰੁਕਦਾ ਨਹੀਂ ਸੀ

-0-

ਉਸਦੀ ਕਾਰਜ ਪ੍ਰਣਾਲੀ
ਕਰਮਕਾਂਡ 'ਚ ਸਰਬਤ ਦਾ ਭਲਾ ਸੀ
ਉਹ ਹਰ ਗਲ਼ੇ ਦਾ ਬੋਲ ਸੀ
ਹਰ ਬੋਲ ਦਾ ਗਲ਼ਾ ਸੀ
ਉਸ ਦੇ ਵਿਚਰਨ ਧਰਾਤਲ 'ਚ
ਵੈਰੀ ਨਾ ਬੇਗਾਨਾ ਸੀ
ਉਹ ਏਕ ਨੂਰ ਤੋਂ ਉਪਜੇ
ਜੱਗ ਦਾ ਦੀਵਾਨਾ ਸੀ

-0-

ਉਸ ਦਾ ਰੂਪ ਪ੍ਰਕਿਰਤੀ ਧਾਰਦੀ
ਉਸਦੀ ਤਾਸੀਰ ਤੇ ਜ਼ਮੀਰ ਦਾ ਸੱਚ
ਧਰਤੀ ਆਪਣੀ ਕੁੱਖ 'ਚ ਉਤਾਰਦੀ

ਅੰਬਰ ਉਸਦੀ ਪ੍ਰੌੜ੍ਹਤਾ ਦਾ ਮੁਦੱਈ ਸੀ
ਗਿਆਨ ਵਿੱਦਿਆ ਤੇ ਰੌਸ਼ਨੀ ਦੀ ਗੁੜ੍ਹਤੀ
ਅੰਬਰ ਨੇ ਉਸ ਤੋਂ ਲਈ ਸੀ

−0−

ਜਗਤ ਦੀ ਕਾਰਜ ਪ੍ਰਣਾਲੀ ਦਾ
ਉਹ ਦਸਤੂਰ ਸੀ
ਮਾਨਵ ਦੀ ਜੋਤ ਸੀ ਮਾਨਵਤਾ ਦਾ ਨੂਰ ਸੀ
ਉਸ ਦੇ ਰੁਤਬੇ ਦਾ ਚਿਰਾਗ
ਜ਼ਿੰਦਗੀ ਦੇ ਆਗਾਜ਼ ਤੋਂ
ਹਸ਼ਰ ਤਕ ਜਗਦਾ ਸੀ
ਉਤਰਿਆ ਧਰਤੀ 'ਤੇ
ਉਹ ਰੱਬੀ ਨੂਰ ਲਗਦਾ ਸੀ

−0−

ਸਮਾਂ
ਕੀਰਤੀ ਦੇ ਨਸ਼ੇ 'ਚ
ਉਹ ਇੰਨਾ ਡੁੱਬ ਗਿਆ
ਚੁੱਪ ਇਕੱਲਤਾ ਉਦਾਸੀ ਦਾ ਜੰਗਲ
ਉਸਦੇ ਚਿਹਰੇ 'ਤੇ ਉੱਗ ਪਿਆ!

−0−

ਉਹ ਜ਼ਿੰਦਗੀ ਤੋਂ ਇੰਨਾ ਉਪਰਾਮ ਹੋ ਗਿਆ
ਆਪਣੀ ਹੀ ਸਿਖ਼ਰ ਦੀ ਸ਼ਾਮ ਹੋ ਗਿਆ
ਕੀਰਤੀ ਯਸ਼ ਤੇ ਮਹਿਮਾ ਨੇ
ਉਸ ਤੋਂ ਮੂੰਹ ਮੋੜਿਆ
ਨੁੱਚੜ ਕੇ ਉਸ ਚੋਂ ਆਪੇ ਚੋਂ ਉਸਨੂੰ ਨਿਚੋੜਿਆ
ਫੋਕ ਉਸਦੇ ਸੱਚ ਦਾ ਚੌਰਾਹੇ 'ਚ ਧਰ ਦਿੱਤਾ
ਸਮੇਂ ਦੇ ਚੱਕਰ ਨੇ ਉਸ ਦਾ ਅੰਤ ਕਰ ਦਿੱਤਾ

−0−

ਹੁਣ ਉਸ ਦੁਆਲੇ
ਸ਼ਬਦ ਅਰਥ ਨਾ ਬੋਲ ਸੀ
ਪੈਂਤੀ ਅੱਖ਼ਰੀਆਂ ਦਿਸ਼ਾਵਾਂ ਹਵਾਵਾਂ ਦਾ
ਜੰਗਲਾਂ ਸਾਗਰਾਂ ਪਹਾੜਾਂ ਦਾ

ਖੰਡਰ ਖੋਲ ਸੀ
ਕਦੀ ਸਿਖ਼ਰ ਸੀ ਆਪਣੇ ਆਪ ਦੀ
ਅੱਜ ਕਬਰਾਂ ਦੀ ਚੁੱਪ
ਲੱਕੜ ਹੋਇਆ ਰੁੱਖ ਸੀ
ਰੁੱਖ ਦੀ ਛਾਂ ਹੀ
ਰੁੱਖ ਨੂੰ ਖਾ ਗਈ
ਜੜ੍ਹ ਤੋਂ ਪੱਤੇ ਤਕ
ਰੁੱਖ ਤੁਖਮ ਮੁਕਾ ਗਈ!

-0-

# ਮਹਿਮਾ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਕਾਵਿ-ਸ਼ਾਸਤਰ

# ਤਤਕਰਾ


1 ਕੁਦਰਤ ਉਦਾਸ ਹੈ
2 ਉਦਾਸੀ
3 ਸੂਰਜ ਪੂਜਾ
4 ਘੋਸ਼ਣਾ
5 ਖੁਸ਼ਬੂ
6 ਖਾਲੀ ਘਰ
7 ਸੂਰਜ ਤੇ ਹਨੇਰਾ
8 ਰੂ-ਬ-ਰੂ
9 ਅੰਦਰਲੇ ਦੀ ਮੌਤ
10 ਕੁੱਝ ਤਾਂ ਰਹੇ
11 ਮੁਸਾਫਿਰ
12 ਕਿੱਥੇ ਆ ਗਿਆ ਹਾਂ ਮੈਂ
13 ਪ੍ਰਵਾਜ਼
14 ਚੁੱਪ ਤੇ ਸ਼ੋਰ
15 ਉਡੀਕ
16 ਲੰਙੜੀ ਪੈਂਤੀ ਅੱਖ਼ਰੀ
17 ਨੰਗੀ ਤਲਵਾਰ
18 ਬਲਤਕਾਰ
19 ਵਿਖੰਡਤਾ
20 ਸਿਰਜਣਾ
21 ਮਾਂ ਗਾਂ
22 ਆਦਿ ਅੰਤ
23 ਜ਼ਮੀਰ
24 ਚਕਲਾ
25 ਮਸ਼ਕੂਰ
26 ਆਮ ਖ਼ਾਸ
27 ਬੰਦਾ
28 ਤਲਾਸ਼
29 ਪੱਤ ਵਿਹੁਣਾ ਰੁੱਖ
30 ਖੰਭ ਤੇ ਪਿੰਜਰੇ
31 ਜ਼ਿੰਦਗੀ ਦੀ ਨਦੀ
32 ਜਨਮ ਮਰਨ ਦਾ ਸਫ਼ਰ
33 ਤੇਜ਼ ਰਫ਼ਤਾਰ
34 ਸਵੈ ਬ੍ਰਹਮ

# ਕੁਦਰਤ ਉਦਾਸ ਹੈ

ਜੰਗਲ 'ਚ
ਵਿਚਰਦੀਆਂ ਰੁੱਤਾਂ ਉਦਾਸ ਹਨ
ਫੁੱਲ ਕਲੀਆਂ 'ਚ ਵਸਦੀਆਂ
ਮਹਿਕਾਂ ਉਦਾਸ ਹਨ
ਬੁਝਿਆ ਬੁਝਿਆ ਸੂਰਜ
ਅੰਬਰ ਦੇ ਪਾਸ ਹੈ
ਚੁੱਪ ਹਵਾ ਹੈ ਵਗ ਰਹੀ
ਹੈ ਦੇਹ ਅਗਨ ਦੀ ਠਰ ਰਹੀ

-0-

ਇੱਕ ਬੱਦਲੀ
ਸਾਗਰ ਦੀ ਅੱਖ 'ਚ ਹੈ ਵੜ੍ਹ ਗਈ
ਸਾਗਰ ਦੀ ਦੇਹ 'ਚ
ਦਗਦੇ ਅੰਗਿਆਰ ਧਰ ਗਈ
ਡੀਕ ਗਈ ਸਾਗਰ
ਜਲ ਦਾ ਥਲ ਕਰ ਗਈ
ਬੱਦਲੀ ਦਾ ਤੇਜ਼
ਸਾਗਰ ਦੇ ਵਸੋਂ ਬਾਹਰ ਸੀ
ਸਾਗਰ ਅਥਾਹ ਭਰਮ ਸੀ
ਸਾਗਰ ਦਾ ਸੱਚ ਬਿੰਦੂ ਅਕਾਰ ਸੀ
ਬੱਦਲੀ ਦੇ ਤੇਜ਼ ਲਈ ਸਾਗਰ
ਸਾਗਰ ਦੇ ਤੇਜ਼ ਲਈ
ਬੱਦਲੀ ਉਦਾਸ ਸੀ

-0-

ਅੰਬਰ ਧਰਤੀ ਦਾ
ਧਰਤੀ ਅੰਬਰ ਦਾ ਹਨੇਰ ਹੈ
ਨਾ ਸੂਰਜ ਹੈ ਅੰਬਰੀ
ਨਾ ਧਰਤ ਤੇ ਸਵੇਰ ਹੈ
ਕੋਈ ਕਬਰਾਂ ਤੇ ਦੀਵੇ ਬਾਲ਼ ਕੇ
ਹੈ ਜ਼ਿੰਦਗੀ 'ਚ ਚਾਨਣ ਕਰ ਰਿਹਾ

ਕੋਈ ਜਿਉਂਦੀ ਜਾਗਦੀ ਜ਼ਿੰਦਗੀ
ਹੈ ਕਬਰਾਂ 'ਚ ਧਰ ਰਿਹਾ
ਮੌਤ ਤਾਂ
ਜ਼ਿੰਦਗੀ ਦੀ ਨਦੀ ਦਾ ਉਤਲਾ ਪੁਲ ਹੈ
ਜ਼ਿੰਦਗੀ ਪੁਲ ਤੋਂ
ਇਸ ਪਾਰ ਹੈ ਉਸ ਪਾਰ ਹੈ
ਪੁਲ ਲਈ ਜ਼ਿੰਦਗੀ
ਜ਼ਿੰਦਗੀ ਲਈ ਪੁਲ ਉਦਾਸ ਹੈ

-0-

ਪਿੰਡ ਉਦਾਸ ਹੈ
ਖਲਕਤ ਉਦਾਸ ਹੈ
ਨਾ ਮੋਰ ਪੈਰੀਂ ਨਾਚ ਹੈ
ਨਾ ਕੋਇਲ ਕੰਠੀ ਅਲਾਪ ਹੈ
ਚੁੱਪ ਹੈ ਕਾਇਨਾਤ
ਬੁੱਤ ਬਣੇ ਹਨ ਰੁੱਖ
ਅੱਗ ਸਿੰਮਦੀ ਹੈ
ਜੰਗਲੀ ਹਰਿਆਵਲ ਦੀ ਕੁੱਖ
ਅੱਖ ਸਮੇਂ ਦੀ
ਅੱਥਰੂ ਹੋਈ ਦਿੱਸ ਰਹੀ ਹੈ
ਪਹਿਨਿਆਂ ਹਰ ਚੀਜ਼ ਨੇ
ਸੋਗੀ ਲਿਬਾਸ ਹੈ
ਅੰਬਰ ਉਦਾਸ ਹੈ ਧਰਤੀ ਉਦਾਸ ਹੈ

-0-

ਭੌਰਿਆਂ ਦੇ ਦਿਲ ਜਲੇ ਹਨ
ਕਲੀਆਂ ਦੀ ਮਹਿਕ ਮੋਈ ਹੈ
ਘੁੱਗੀਆਂ ਦੇ ਆਂਡਿਆਂ ਦੀ
ਜ਼ਰਦ ਚੋਈ ਹੈ
ਤੂੰ ਹੀ ਤੂੰ ਹੀ ਦੀ ਕੂਕ ਪੱਥਰ ਹੋਈ ਹੈ
ਅੱਖ ਰੋਈ ਹੈ ਜੰਗਲੀ ਚਕੋਰ ਦੀ
ਲਾਸ਼ ਡਿੱਗੀ ਹੈ ਸਵੇਰੇ
ਕਲੀ ਦੀ ਬੁੱਕਲ 'ਚੋਂ ਭੌਰ ਦੀ

ਪ੍ਰਵਾਨਾ ਉਦਾਸ ਹੈ
ਸ਼ਮਾਂ ਉਦਾਸ ਹੈ
ਗੁਲਸ਼ਨ ਦੀ ਅੱਖ 'ਚ ਤੈਰਦੀ
ਮੌਸਮ ਦੀ ਲਾਸ਼ ਹੈ

–0–

ਜੰਗਲ 'ਚ
ਵਿਚਰਦੀਆਂ ਰੁੱਤਾਂ ਉਦਾਸ ਹਨ
ਫੁੱਲ ਕਲੀਆਂ 'ਚ ਵਸਦੀਆਂ
ਮਹਿਕਾਂ ਉਦਾਸ ਹਨ
ਬੁਝਿਆ ਬੁਝਿਆ ਸੂਰਜ
ਅੰਬਰ ਦੇ ਪਾਸ ਹੈ
ਚੁੱਪ ਹਵਾ ਹੈ ਵਗ ਰਹੀ
ਹੈ ਦੇਹ ਅਗਨ ਦੀ ਠਰ ਰਹੀ

–0–

# ਉਦਾਸੀ

ਮੈਂ ਆਪਣੀ ਉਦਾਸੀ ਤਿਆਗ
ਤੇਰੇ ਅੰਦਰ ਉਤਰਿਆ
ਤੇਰਾ ਅੰਦਰ ਬੁਝਾ ਸੀ
ਕੰਧਾਂ ਉਦਾਸ, ਛੱਤ ਸੋਗੀ ਸੀ
ਵਿਹੜਾ ਬ੍ਰਿਹਾ ਦਾ ਰੋਗੀ ਸੀ
ਤੇਰਾ ਅੰਦਰ
ਆਪਣਾ ਹੀ ਸਿਵਾ ਸੇਕਦਾ ਸੀ
ਦੇਹ ਦਾ ਦਰ
ਅੰਦਰਲੇ ਅਫ਼ਸੋਸ ਲਈ
ਬਾਹਰ ਦੀ ਦਸਤਕ ਉੱਡੀਕਦਾ ਸੀ
ਪਰ ਤੂੰ ਅੰਦਰ ਨਹੀਂ ਸੈਂ
ਮੇਰੇ ਵਲ ਨਿਕਲੀ ਸੈਂ

−0−

ਮੇਰੇ ਘਰ ਦਾ ਦਰ ਖੁੱਲ੍ਹਾ ਸੀ
ਅੰਦਰ ਧੁੱਖਦੇ ਘਰ ਦਾ ਧੂੰਆਂ ਸੀ
ਕਬਰਾਂ ਦੀ ਚੁੱਪ ਸੀ
ਦਰ 'ਤੇ ਢੇਰੀ ਹੋਇਆ ਪਹਿਰੇਦਾਰ ਬੂਹਾ ਸੀ
ਮੁਰਦਾ ਬਾਸ ਸੀ
ਕੋਲੇ ਛਤੀਰ ਬਾਲਿਆਂ ਦੀ ਰਾਖ ਸੀ
ਘਰ ਮਿੱਟੀ ਦੀ ਢੇਰੀ ਸੀ
ਜਿਸ ਦੇ ਹੇਠ ਆ ਕੇ ਮਰ ਗਈ
ਜ਼ਿੰਦ ਤੇਰੀ ਸੀ ਲਾਸ਼ ਮੇਰੀ ਸੀ

−0−

ਮੈਂ ਤੇਰਾ ਘਰ ਸੀ ਮੇਰੇ 'ਚ ਤੂੰ ਨਹੀਂ ਸੈਂ
ਤੂੰ ਮੇਰਾ ਘਰ ਸੈਂ ਤੇਰੇ 'ਚ ਮੈਂ ਨਹੀਂ ਸਾਂ
ਇਕੱਲੇ ਸਾਂ ਉਦਾਸ ਸਾਂ
ਬੇਘਰ ਹੁੰਦਿਆਂ ਵੀ
ਸਿਰਫ ਆਪਣੇ ਆਪਣੇ ਪਾਸ ਸਾਂ
ਜੇ ਇਕ ਦੂਜੇ ਦੇ ਵਿੱਚ ਵੀ ਹੁੰਦੇ

ਤਾਂ ਕੀ ਹੁੰਦਾ
ਤੂੰ ਮੇਰੇ 'ਚ ਉਦਾਸ ਹੁੰਦੀ
ਮੈਂ ਤੇਰੇ 'ਚ ਉਦਾਸ ਹੁੰਦਾ
ਉਦਾਸੀ ਜਿਉਣ ਦਾ
ਨਾ ਤੈਨੂੰ ਅਹਿਸਾਸ ਹੁੰਦਾ
ਨਾ ਮੈਨੂੰ ਅਹਿਸਾਸ ਹੁੰਦਾ

-0-

ਉਦਾਸੀ ਤਾਂ ਆਪਣੀ ਆਪਣੀ ਹੈ
ਖੁਸ਼ੀ ਵਾਂਗ ਸਾਂਝੀ ਨਹੀਂ ਹੁੰਦੀ
ਉਦਾਸੀ ਮੁਕਤੀ ਨਹੀਂ
ਜਿਉਣ ਦਾ ਵਰ ਹੁੰਦੀ ਹੈ
ਦਰਦ ਦੀ ਦਵਾ ਹੁੰਦੀ ਹੈ
ਖੁਸ਼ੀ ਦਾ ਘਰ ਹੁੰਦੀ ਹੈ

-0-

ਉਦਾਸੀ ਖੁਦਕੁਸ਼ੀ ਨਹੀਂ
ਜੀਵਨ ਜਾਚ ਹੁੰਦੀ ਹੈ
ਥਲ ਦੀ ਸਾਗਰ ਲਈ ਪਿਆਸ ਹੁੰਦੀ ਹੈ
ਉਦਾਸੀ ਰਿੜਕੀ ਤੇ ਜਮਾਈ ਜਾਂਦੀ ਹੈ
ਉਦਾਸੀ ਧੋਤੀ ਨਿਚੋੜੀ
ਤੇ ਸੁਕਾਈ ਜਾਂਦੀ ਹੈ
ਤਾਂ ਹੀ ਤਾਂ ਦਰਦ ਤੋਂ ਦਵਾ ਹੁੰਦੀ ਹੈ
ਬੁੱਤ ਤੋਂ ਖੁਦਾ ਹੁੰਦੀ ਹੈ

-0-

ਅਸੀਂ ਤਾਂ
ਆਪਣੀ ਆਪਣੀ ਉਦਾਸੀ ਤਿਆਗ
ਮਨਫੀ ਜਮ੍ਹਾਂ ਮਨਫੀ ਕਰਦੇ ਰਹੇ
ਬੀਜ ਗਣਿਤ ਦਾ ਦਮ ਭਰਦੇ ਰਹੇ
ਬੀਜ ਗਣਿਤ 'ਚ
ਮਨਫੀ ਜਮ੍ਹਾਂ ਮਨਫੀ ਜਮ੍ਹਾਂ ਹੁੰਦੀ ਹੈ
ਜੀਵਨ 'ਚ
ਮਨਫੀ ਜਮ੍ਹਾਂ ਮਨਫੀ ਮਨਫੀ ਹੁੰਦੀ ਹੈ

-0-

ਮੈਂ ਆਪਣੀ ਉਦਾਸੀ ਤਿਆਗ
ਤੇਰੇ ਅੰਦਰ ਉਤਰਿਆ
ਤੇਰਾ ਅੰਦਰ ਬੁਝਾ ਸੀ
ਕੰਧਾਂ ਉਦਾਸ, ਛੱਤ ਸੋਗੀ ਸੀ
ਵਿਹੜਾ ਬ੍ਰਿਹਾ ਦਾ ਰੋਗੀ ਸੀ

# ਸੂਰਜ ਪੂਜਾ

ਇਕ ਕਿਰਨ ਦੇ ਬਦਲੇ
ਉਹ
ਉਸ ਨੂੰ ਸੂਰਜ ਦੇ ਗਿਆ
ਬੂੰਦ 'ਚ ਸਾਗਰ ਧਰ ਗਿਆ
ਰੁੱਖ ਨੂੰ ਜੰਗਲ ਕਰ ਗਿਆ

–0–

ਉਸ ਦੇ ਗੁਲਸ਼ਨ 'ਚ
ਸੂਰਜ ਹੀ ਸੂਰਜ ਸਨ
ਉਹ ਸੂਰਜਾਂ ਦਾ ਸੌਦਾਗਰ ਸੀ
ਸੂਰਜ ਵੰਡਣ ਦਾ ਆਦੀ ਸੀ
ਸੂਰਜਾਂ ਦਾ ਸੂਰਜ ਸੀ
ਸੂਰਜਾਂ ਦੀ ਆਬਾਦੀ ਸੀ

–0–

ਉਹ
ਉਸ ਵਲ ਇਕ ਕਦਮ ਟੁਰੀ ਸੀ
ਕਿ ਉਸ ਦੇ ਸਾਂਵੇ ਖੜ੍ਹਾ ਸੀ ਉਹ
ਰਹਿਮਤਾਂ ਨਿਹਮਤਾਂ ਨਾਲ ਭਰਿਆ
ਸਿਰ ਤੋਂ ਪੈਰਾਂ ਤੀਕ
ਉਸ 'ਤੇ ਵਰ੍ਹਿਆ ਸੀ ਉਹ
ਆਪਣਾ ਆਪਾ ਉਸ 'ਚ ਧਰ ਗਿਆ
ਆਪਾ ਖੋਹ ਗਿਆ ਉਸ ਦਾ ਹੋ ਗਿਆ

–0–

ਉਹ ਸੂਰਜ ਹੱਥਾਂ 'ਤੇ ਉਠਾਈ ਫਿਰਦੀ ਸੀ
ਹਨੇਰਿਆਂ 'ਚ ਆਪਾ ਜਗਾਈ ਫਿਰਦੀ ਸੀ
ਉਸਦੀ ਝੋਲ ਛੋਟੀ ਸੀ
ਸੁਗਾਤ ਵੱਡੀ ਸੀ
ਉਸ ਦੀ ਸੋਚ ਤੋਂ ਬਾਤ ਵੱਡੀ ਸੀ
ਉਸ ਸੋਚਿਆ ਇਹ ਕੌਣ ਸੀ
ਅੰਬਰ ਧਰਤ

ਅਗਨ ਜਲ ਜਾਂ ਪੌਣ ਸੀ
ਜੋ ਇਕ ਕਿਰਨ ਦੇ ਬਦਲੇ
ਸੂਰਜ ਮੇਰੀ ਝੋਲੀ ਪਾ ਗਿਆ
ਸਦਾ ਲਈ ਮੇਰਾ ਹੋ ਗਿਆ
ਮੈਨੂੰ ਆਪਣਾ ਬਣਾ ਗਿਆ

–0–

ਉਸ ਦੀ ਤਲ਼ੀ 'ਤੇ ਟਿੱਕਿਆ
ਸੂਰਜ ਬੋਲਿਆ–
ਉਹ ਸੂਰਜਾਂ ਦਾ ਸਿਰਜਕ ਸੀ
ਜਿਸਨੇ
ਤੇਰੀ ਦੇਹ 'ਚ ਕਿਰਨ ਉਤਾਰੀ ਸੀ
ਜੋ ਕਿਰਨ
ਤੂੰ ਪੂਜੀ ਸਿਮਰੀ ਤੇ ਧਿਆਈ ਹੈ
ਉਹ ਕਿਰਨ ਤੈਨੂੰ
ਸੂਰਜਾਂ ਦੇ ਦਰ ਲੈ ਆਈ ਹੈ
ਤੈਨੂੰ ਕਿਰਨ ਤੋਂ
ਉਸ ਨੇ ਸੂਰਜ ਬਣਾਇਆ ਹੈ
ਜਿਸ ਸੂਰਜ ਦੀ ਕਿਰਨ ਸੈਂ ਤੂੰ
ਉਨ੍ਹਾਂ ਸੂਰਜਾਂ ਦਾ ਸੂਰਜ
ਤੇਰੇ ਦਰ 'ਤੇ ਆਇਆ ਹੈ

–0–

ਤੈਨੂੰ ਪਤਾ ਹੀ ਨਹੀਂ
ਉਹ ਕੌਣ ਸੀ
ਤੂੰ ਝੱਲੀ ਦੀ ਝੱਲੀ ਹੀ ਰਹੀ
ਪਹਿਲਾਂ ਕਿਰਨ ਦੀ ਝੱਲੀ ਸੈਂ
ਹੁਣ ਸੂਰਜ ਦੀ ਝੱਲੀ ਹੈਂ
ਉਹ ਤੇਰਾ ਝੱਲਾ ਸੀ
ਤੇਰੀ ਕਿਰਨ ਬਾਝੋਂ
ਉਸ ਦਾ ਸੂਰਜ ਇਕੱਲਾ ਸੀ

–0–

ਇਕ ਕਿਰਨ ਦੇ ਬਦਲੇ

ਉਹ
ਉਸ ਨੂੰ ਸੂਰਜ ਦੇ ਗਿਆ
ਬੂੰਦ 'ਚ ਸਾਗਰ ਧਰ ਗਿਆ
ਰੁੱਖ ਨੂੰ ਜੰਗਲ ਕਰ ਗਿਆ

–0–

## ਘੋਸ਼ਣਾ

ਸ਼ੀਸ਼ੇ ਦੇ ਘਰਾਂ 'ਚ ਵਸਦੇ ਲੋਕ
ਕਣਕ ਕਾਗਜ਼ਾਂ 'ਚ ਬੀਜਦੇ
ਉੱਗਾਉਂਦੇ ਹਨ
ਖੇਤਾਂ ਦੇ ਖੇਤ ਜਲਾਉਂਦੇ ਹਨ
ਭੁੱਖਾਂ ਦੀ ਭੁੱਖ ਉਗਾਉਂਦੇ ਹਨ
ਖੇਤਾਂ ਦੀ ਭੁੱਖ
ਕੱਚਿਆਂ ਘਰਾਂ ਤੋਂ
ਜਦ ਲਾਲ ਕਿਲ੍ਹੇ ਤਕ ਫੈਲਦੀ ਹੈ
ਤਾਂ ਰਾਸ਼ਟਰ ਦੇ ਲਹੂ ਦੀ
ਗਤੀ ਠਹਿਰਦੀ ਹੈ
ਕੱਚਿਆਂ ਘਰਾਂ ਦੇ ਵਸਣ ਦਾ ਸਿਵਾ
ਰਾਸ਼ਟਰ ਦੇ ਮੱਥੇ 'ਚ ਧੁੱਖਦਾ ਹੈ
ਰਾਸ਼ਟਰੀ ਸਾਗਰ ਦਾ
ਲਹੂ ਉਬਲ਼ਦਾ ਹੈ

-0-

ਜਦ ਕੋਈ ਅੱਖ
ਭੁੱਖੀ ਲਾਸ਼ ਵਲ ਤੱਕਦੀ ਹੈ
ਤਾਂ ਰਾਸ਼ਟਰ ਦੀ ਨੈਤਿਕਤਾ
ਉਸ ਦਾ ਸੀਸ ਕਲਮ ਕਰਦੀ ਹੈ
ਜਦ ਕੋਈ ਹੱਥ
ਇਸ ਦੇ ਦਾਹ ਸੰਸਕਾਰ ਲਈ
ਉੱਠਦਾ ਹੈ
ਤਾਂ ਧੜ ਤੋਂ ਅਲੱਗ ਲਗਦਾ ਹੈ
ਜਦ ਕੋਈ ਜੀਭਾ
ਇਸ ਲਈ ਕੁਰਲਾਂਦੀ ਹੈ
ਤਾਂ ਟੁੱਕ ਦਿੱਤੀ ਜਾਂਦੀ ਹੈ
ਲੋਕਾਂ ਨੂੰ ਭੈ ਗ੍ਰਸਤ ਕਰਨ ਲਈ
ਅੱਖ ਹੱਥ ਜੀਭਾ
ਚੌਰਾਹੇ 'ਚ ਟੰਗ ਦਿੱਤੇ ਜਾਂਦੇ ਹਨ

ਧੜ ਤੋਂ ਡਿੱਗਦੇ ਲਹੂ ਦੇ ਤੁਪਕੇ
ਜਨ-ਗਣ-ਮਨ ਗਾਂਦੇ ਹਨ
-0-
ਨਿਰਦੋਸ਼ ਅੱਖਾਂ
ਕੱਟੇ ਹੱਥ ਤੇ ਗੂੰਗੀਆਂ ਜੀਭਾਂ
ਸੂਲ਼ੀ ਚੜ੍ਹਦੀਆਂ ਹਨ
ਇਨਸਾਨੀਅਤ ਦਾ ਹਰਜ਼ਾਨਾ
ਭਰਦੀਆਂ ਹਨ
ਬੋੜਾ ਰਾਸ਼ਟਰ ਹੱਸਦਾ ਹੈ
ਲੋਕਾਂ ਨੂੰ ਦੋਸ਼ੀ
ਆਪਣੇ ਆਪ ਨੂੰ ਨਿਰਦੋਸ਼ ਦਸਦਾ ਹੈ
-0-
ਰਾਸ਼ਟਰ ਦੇ ਮੱਥੇ 'ਚ ਸੜਦੀ ਲਾਸ਼
ਆਪਣਾ ਅੰਤਿਮ ਸਮਾਂ ਉੱਡੀਕਦੀ ਹੈ
ਆਪਣਾ ਮੁਰਦਾ ਬੁਸਣ ਤੋਂ ਪਹਿਲਾਂ
ਆਪਣਾ ਕਿਰਿਆਕਰਮ ਉਲੀਕਦੀ ਹੈ
ਰਾਸ਼ਟਰ
ਲਾਸ਼ ਨੂੰ ਜੀਵਤ ਸਿੱਧ ਕਰਨ ਦੇ
ਯਤਨਾਂ 'ਚ ਰਹਿੰਦਾ ਹੈ
ਕਾਨੂੰਨੀ ਵਿਵਸਥਾ ਬਰਕਰਾਰ ਹੈ
ਅਹਿੰਸਾ ਰਾਸ਼ਟਰ ਦਾ ਕਾਰੋਬਾਰ ਹੈ
ਰੇਡੀਓ, ਟੀ.ਵੀ. ਅਖ਼ਬਾਰਾਂ 'ਚ
ਇਹ ਪ੍ਰਸਾਰ ਰਹਿੰਦਾ ਹੈ
ਮੜ੍ਹੀਆਂ ਵਾਂਗ ਬਲ਼ਦਾ ਰਾਸ਼ਟਰ
ਅਹਿੰਸਾ -ਪਰਮੋ-ਧਰਮਾ ਕਹਿੰਦਾ ਹੈ
-0-
ਠੀਕ ਹੈ ਹਰ ਦਿਨ
ਭੁੱਖ ਨਾਲ ਮਰਦੇ ਨੇ ਲੋਕ
ਫ਼ਸਲਾਂ ਵਾਂਗ ਖੇਤਾਂ 'ਚ ਸੜਦੇ ਨੇ ਲੋਕ
ਭੁੱਖਿਆਂ ਲੋਕਾਂ ਤਾਂ ਮਰਨਾ ਹੀ ਹੈ
ਰਾਸ਼ਟਰ ਨੇ

ਤਾਂ ਭੁੱਖ ਨੂੰ ਜੀਵਤ ਰੱਖਣਾ ਹੈ
ਜੇ ਭੁੱਖ ਮਰ ਗਈ
ਤਾਂ ਰਾਸ਼ਟਰ ਦਾ ਪਾਣੀ ਕੌਣ ਭਰੇਗਾ
ਰਾਸ਼ਟਰ ਨੂੰ ਜੀਵਤ ਕੌਣ ਰੱਖੇਗਾ!

-0-

ਪਰ ਇਸ ਲਾਸ਼ ਦਾ
ਰਾਸ਼ਟਰ ਲਈ ਜੀਵਤ ਹੋਣਾ ਜ਼ਰੂਰੀ ਹੈ
ਭੁੱਖੇ ਦਾ ਮਰਨਾ ਭੁੱਖੇ ਦੀ ਮਜ਼ਬੂਰੀ ਹੈ
ਰਾਸ਼ਟਰ ਨੇ ਤਾਂ ਲਾਸ਼ ਜਿਉਂਦੀ ਘੋਸ਼ਤ ਕਰਨੀ ਹੈ
ਅਵਾਮੀ ਮੁਰਦਾ ਭੀੜ 'ਚ ਜ਼ਿੰਦਗੀ ਧਰਨੀ ਹੈ
ਕਿਉਂਕਿ ਇਹ ਲਾਸ਼
ਕਿਸੇ ਭੁੱਖੇ ਦੀ ਨਹੀਂ ਭੁੱਖ ਦੀ ਹੈ
ਇਸ ਦਾ ਜੀਵਤ ਰਹਿਣਾ ਜ਼ਰੂਰੀ ਹੈ
ਰਾਸ਼ਟਰ ਲਈ
ਇਹ ਘਿਉ ਦੀ ਚੂਰੀ ਹੈ!

-0-

# ਖੁਸ਼ਬੂ

ਦਰ 'ਤੇ ਆਈ ਖੁਸ਼ਬੂ ਨੂੰ ਕੀ ਭੇਂਟ ਕਰਾਂ
ਕਿਵੇਂ ਜੀ ਆਇਆਂ ਆਖਾਂ
ਮੇਰੇ ਬੋਲ ਕੰਠ ਦੀ ਸੂਲ਼ੀ ਚੜ੍ਹ ਗਏ
ਮੈਨੂੰ ਗੂੰਗਾ ਕਰ ਗਏ

-0-

ਭੇਂਟ ਕਰਾਂਗਾ
ਆਪਣੀ ਵਾਕ ਸ਼ੂਨਯ
ਚੁੱਪ ਤੇ ਗੂੰਗਾਪਣ
ਜਾਂ ਕੰਠ ਦੀ ਸੂਲ਼ੀ ਚੜ੍ਹੇ ਬੋਲਾਂ ਦੀ ਸੰਕੇਤਕ ਭਾਸ਼ਾ ਬਣ
ਉੱਗ ਆਵਾਂਗਾ
ਅੱਖਾਂ ਦੇ ਸ੍ਰੋਤ ਰਾਹੀਂ ਅਰਥ ਬਣ
ਆਪਣਾ ਅੰਦਰ
ਖੁਸ਼ਬੂ ਦੇ ਸਾਂਵੇ ਧਰਨ ਲਈ
ਖੁਸ਼ਬੂ ਦੇ ਚਿਹਰੇ ਤੋਂ
ਆਪਣਾ ਸੱਚ ਪੜ੍ਹਨ ਲਈ

-0-

ਪਰ ਖੁਸ਼ਬੂ
ਬੋਲਾਂ ਸ਼ਬਦਾਂ ਦੀ ਮੁਥਾਜ ਨਹੀਂ ਹੁੰਦੀ
ਖੁਸ਼ਬੂ ਤਾਂ ਖੁਸ਼ਬੂ ਹੁੰਦੀ ਹੈ
ਹਰ ਸ਼ਬਦ ਦਾ ਅਰਥ
ਹਰ ਅਰਥ ਹੀ ਰੂਹ ਹੁੰਦੀ ਹੈ
ਕਾਇਨਾਤ ਦੇ
ਹਰ ਰੂਪ ਹਰ ਭੇਦ ਨੂੰ
ਖਸ਼ਬੂ ਦੀ ਚੁੱਪ ਜਾਣਦੀ ਹੈ
ਬੋਲਾਂ ਤੋਂ ਬਿਨਾਂ
ਸ਼ਬਦਾਂ ਤੋਂ ਬਿਨਾਂ
ਖੁਸ਼ਬੂ
ਬ੍ਰਹਿਮੰਡ ਦਾ ਰਹੱਸ ਪਹਿਚਾਣਦੀ ਹੈ

-0-

ਚੁੱਪ ਲਈ ਚੁੱਪ ਨੂੰ
ਬੋਲਾਂ ਦੀ ਕੀ ਲੋੜ
ਬੋਲ ਸ਼ਬਦ
ਤਾਂ ਚੁੱਪ ਦੀ ਰੂਹ ਦਾ ਖੋਲ ਹੁੰਦੇ ਹਨ
ਖੋਲ ਵਿੱਚ ਸੱਚ ਹੁੰਦਾ ਹੈ
ਪਰ ਖੋਲ ਸੱਚ ਨਹੀਂ ਹੁੰਦਾ
ਅਰਥ ਚੁੱਪ ਦੀ ਰੂਹ ਹੈ
ਅਰਥ ਬੋਲ ਨਹੀਂ ਹੁੰਦਾ

-0-

ਜੋ ਬੋਲ ਜ਼ੁਬਾਨ ’ਤੇ
ਆਉਣ ਤੋਂ ਪਹਿਲਾਂ ਹੀ ਗੁੰਮ ਗਏ
ਉਨ੍ਹਾਂ ਬੋਲਾਂ ਦੀ ਖੁਸ਼ਬੂ ਤਾਂ ਹੈ
ਬੇਸ਼ੱਕ ਵਜੂਦ ਨਹੀਂ
ਰੂਹ ਤਾਂ ਹੈ
ਬੇਸ਼ੱਕ ਬੋਲਾਂ ਦਾ ਵਜ੍ਹਾ ਨਹੀਂ
ਰੂਹ ਰੂਹ ਹੁੰਦੀ ਹੈ
ਖੁਸ਼ਬੂ ਖੁਸ਼ਬੂ ਹੁੰਦੀ ਹੈ
ਰੂਹ ਵਜੂਦ ਦੀ
ਖਸ਼ਬੂ ਵਜ੍ਹਾ ਦੀ ਗੁਲਾਮ ਨਹੀਂ ਹੁੰਦੀ
ਰੂਹ ਆਪ ਬੋਲ ਸ਼ਬਦ ਹੈ
ਖੁਸ਼ਬੂ ਆਪ ਅਹਿਸਾਸ ਹੈ
ਅਰਥ ਹੈ

-0-

ਆਪਣੇ ਬੋਲਾਂ ਦੀ ਖੁਸ਼ਬੂ
ਦਰ ਆਈ
ਖੁਸ਼ਬੂ ਦੇ ਪਿੰਡੇ ’ਚ ਉਤਾਰਦੇ
ਆਪਣੀ ਖੁਸ਼ਬੂ ਤੋਂ
ਬੋਲਾਂ ਸ਼ਬਦਾਂ ਦਾ
ਪਹਿਰਨ ਉਤਾਰ ਦੇ
ਬੋਲਾਂ ਤੇ ਸ਼ਬਦਾਂ ਦੀ
ਆਪਣੀ ਰੂਹ ਨਹੀਂ ਹੁੰਦੀ

ਖੁਸ਼ਬੂ ਨਹੀਂ ਹੁੰਦੀ
ਇਹ ਸਭ ਖੋਲ ਹੁੰਦੇ ਹਨ
ਇਹ ਜੋ ਸ਼ਬਦ ਤੇ ਬੋਲ ਹੁੰਦੇ ਹਨ।

−0−

ਦਰ ਆਈ
ਖੁਸ਼ਬੂ ਨੂੰ ਕੀ ਭੇਂਟ ਕਰਾਂ
ਕਿਵੇਂ ਜੀ ਆਇਆਂ ਆਖਾਂ
ਮੇਰੇ ਬੋਲ ਕੰਠ ਦੀ ਸੂਲ਼ੀ ਚੜ੍ਹ ਗਏ
ਮੈਨੂੰ ਗੂੰਗਾ ਕਰ ਗਏ

−0−

# ਖਾਲੀ ਘਰ

ਘਰ ਦੇ ਦਰਵਾਜ਼ੇ 'ਤੇ
ਕੋਈ ਦਸਤਕ ਨਹੀਂ ਦਿੰਦਾ
ਬੂਹਾ ਉਂਗਲਾ ਦੀ ਛੋਹ
ਉਡੀਕਦਾ ਉਡੀਕਦਾ
ਦਰੋਂ ਬੇਦਰ ਹੋ ਗਿਆ ਹੈ
ਘਰ 'ਚੋਂ ਮਕਾਨ ਝਾਕਦਾ ਹੈ
ਘਰ ਅਘਰ ਹੋ ਗਿਆ ਹੈ

-0-

ਕੰਧਾਂ ਉਡੀਕ 'ਚ ਖੜ੍ਹੀਆਂ ਹਨ
ਛੱਤਾਂ ਝਾਕ 'ਚ ਪਾਗਲ ਹਨ
ਵਿਹੜਾ
ਅੱਖਾਂ ਦਰ 'ਤੇ ਲਾਈ ਬੈਠਾ ਹੈ
ਸਾਰਾ ਘਰ ਅੱਥਰੂ ਹੋ ਗਿਆ ਹੈ
ਵੱਸਣ ਦੀ ਉਡੀਕ ਵਿੱਚ
ਘਰ ਘਰ ਨਹੀਂ ਪੱਥਰ ਹੋ ਗਿਆ ਹੈ

-0-

ਨਾ ਕਿਸੇ ਨੇ ਸਰਦਲ 'ਤੇ ਪੈਰ ਧਰਿਆ ਹੈ
ਨਾ ਕੋਈ ਚਿਰਾਗ ਜਗਿਆ ਹੈ
ਮਕਾਨ ਘਰ ਬਣਕੇ ਜਨਮਿਆਂ ਸੀ
ਮਕਾਨ ਹੋ ਮਰਨਾ ਨਹੀਂ ਚਾਹੁੰਦਾ
ਆਪਣਾ ਜਨਾਜਾ
ਆਪਣੇ ਮੋਢਿਆਂ 'ਤੇ ਧਰਨਾ ਨਹੀਂ ਚਾਹੁੰਦਾ

-0-

ਕਿਸੇ ਤ੍ਰੀਮਤ ਦੇ ਸੁੱਖ ਲਈ
ਕਿਸੇ ਮਰਦ ਦੇ ਮੁੱਖ ਲਈ
ਕਿਸੇ ਬਾਲ ਦੀ ਕਿਲਕਾਰੀ ਲਈ
ਰੰਗਾਂ 'ਚ ਲਿਬੜੀ ਫੁੱਲਕਾਰੀ ਲਈ
ਘਰ ਦੇ ਬੂਹੇ ਬਾਰੀਆਂ ਦੇ
ਸਦੀਆਂ ਤੋਂ ਨੈਣ ਖੁੱਲ੍ਹੇ ਹਨ

ਅੱਖ ਲਾਉਣੀ ਭੁੱਲੇ ਹਨ

-0-

ਚੁੱਲ੍ਹਾ ਰੋਜ਼
ਬਲਣ ਦੀ ਉਡੀਕ 'ਚ ਠਰਦਾ ਹੈ
ਕੁੰਨੀ ਰੋਜ਼ ਤਰਕਾਰੀ ਲਈ ਚੜ੍ਹਦੀ ਹੈ
ਘੜਵੰਜੀ ਤੇ ਪਿਆ ਘੜਾ
ਪਾਣੀ ਦੀ ਉਡੀਕ 'ਚ ਤਿੜਕ ਗਿਆ ਹੈ
ਤਵੇ ਦਾ ਠਰ ਠਰ ਕੇ ਲਹੂ ਜੰਮਿਆ ਹੈ
ਚੌਂਕੇ 'ਚ ਕਬਰਾਂ ਦੀ ਮਿੱਟੀ ਦਾ
ਪੋਚਾ ਫਿਰਿਆ ਹੈ
ਘਰ ਘਰ ਦੀ ਨਜ਼ਰ 'ਚ ਗਿਰ ਗਿਆ ਹੈ
ਬਰਤਨਾਂ ਦੀ ਧੜਕਣ ਨੇ
ਚੁੱਪ ਧਾਰੀ ਹੈ
ਘਰ ਨੇ ਉਦਾਸੀ ਤੇ ਚੁੱਪ ਦੀ
ਬੁੱਕਲ ਮਾਰੀ ਹੈ

-0-

ਗਲੀ ਗੁਆਂਢ ਤੋਂ
ਘਰ ਅਣਜਾਣ ਹੈ
ਨਗਰ ਵਿੱਚ ਜਮ ਪਲ ਕੇ ਵੀ
ਨਗਰ ਤੋਂ ਬੇਪਹਿਚਾਣ ਹੈ
ਕਦੀ ਕੋਈ ਡਾਕੀਆ
ਘਰ ਲਈ ਸੁੱਖ ਸਾਂਦ ਲਿਆਇਆ ਨਹੀਂ
ਕਦੀ ਕਿਸੇ ਕਾਂ ਨੇ
ਪ੍ਰਾਹੁਣੇ ਦੇ ਆਉਣ ਦਾ
ਸੁਨੇਹਾ ਸੁਣਾਇਆ ਨਹੀਂ
ਕਦੀ ਕਿਸੇ ਕੰਜਕ ਗਲੀ ਨੇ
ਘਰ ਦੇ ਅੰਦਰ ਝਾਕਿਆ ਨਹੀਂ
ਕਦੀ ਕਿਸੇ ਹਵਾ ਦੇ ਬੁੱਲ੍ਹੇ ਨੇ
ਦਰ ਖੜਕਾਇਆ ਨਹੀਂ
ਘਰ ਇਹ ਸੋਚਦਾ ਹੀ ਸੋਚਦਾ
ਖੰਡਰ ਹੋ ਗਿਆ

ਕਿ ਘਰ ਘਰ ਹੁੰਦਿਆਂ ਵੀ
ਘਰ ਨਜ਼ਰ ਆਇਆ ਨਹੀਂ

−0−

ਘਰ ਦੇ ਦਰਵਾਜ਼ੇ 'ਤੇ
ਕੋਈ ਦਸਤਕ ਨਹੀਂ ਦਿੰਦਾ
ਬੂਹਾ ਉਂਗਲਾ ਦੀ ਛੋਹ
ਉਡੀਕਦਾ ਉਡੀਕਦਾ
ਦਰੋਂ ਬੇਦਰ ਹੋ ਗਿਆ ਹੈ
ਘਰ 'ਚੋਂ ਮਕਾਨ ਝਾਕਦਾ ਹੈ
ਘਰ ਅਘਰ ਹੋ ਗਿਆ ਹੈ

−0−

# ਸੂਰਜ ਤੇ ਹਨੇਰਾ

ਮੈਂ ਸਾਰੀ ਉਮਰ
ਸੂਰਜ ਪਿੱਛੇ ਦੌੜਦਾ ਰਿਹਾ
ਸੂਰਜ ਪਾਉਣ ਲਈ
ਰਹਿਨੁਮਾ ਦੀ ਤਲਾਸ਼ 'ਚ ਭਟਕਦਾ ਰਿਹਾ
ਆਪਾ ਜਗਾਉਣ ਲਈ
ਆਪਾ ਪਾਉਣ ਲਈ

-0-

ਚੰਨਾ ਤਾਰਿਆਂ ਨਾਲ
ਵਾਦ ਵਿਵਾਦ ਕਰਦਾ ਰਿਹਾ
ਪੀਰਾਂ ਫਕੀਰਾਂ ਦੀਆਂ ਦਰਗਾਹਾਂ
ਚਿਰਾਗਦਾ ਰਿਹਾ
ਵੇਦਾਂ ਸ਼ਾਸਤਰਾਂ 'ਚ ਉਤਰਦਾ
ਆਪਣੇ 'ਚ ਉਤਾਰਦਾ ਰਿਹਾ
ਪਰ ਮੱਥੇ ਦੀ ਜੋਤ ਨਾ ਜਗੀ
ਮੇਰੇ ਵਲ ਦੀ ਹਵਾ ਨਾ ਵਗੀ
ਰਹਿਨੁਮਾ ਦੀ ਤਲਾਸ਼ ਨੇ
ਉਪਰਾਮ ਕਰ ਦਿੱਤਾ
ਧੂੰਨੀ 'ਚ ਬ੍ਰਿਹਾ ਦਿਲ 'ਚ ਸੋਜ਼
ਕੰਠ 'ਚ ਰਾਗ ਧਰ ਦਿੱਤਾ

-0-

ਆਖਿਰ ਹਨੇਰੇ 'ਚ
ਦੀਵਾ ਜਗਦਾ ਤੱਕਿਆ
ਸੂਰਜ ਚੜ੍ਹਦਾ ਤੱਕਿਆ
ਅੰਬਰ ਧਰਤੀ ਨੂੰ ਰੁਸ਼ਨਾਉਂਦਾ ਵੇਖਿਆ
ਦਿਲ ਦਾ ਕੰਵਲ ਖਿਲ ਗਿਆ
ਤਲਾਸ਼ ਨੂੰ ਰਹਿਨੁਮਾ ਮਿਲ ਗਿਆ!

-0-

ਮੈਂ ਹਨੇਰੇ ਨੂੰ
ਆਪਣਾ ਰਹਿਨੁਮਾ ਧਾਰਿਆ

ਮੱਥਾ ਟੇਕਿਆ
ਹਨੇਰੇ ਦਾ ਚਿਰਾਗ
ਮਸਤਕ 'ਚ ਬਾਲ਼ਿਆ
ਹਨੇਰਾ ਪੂਜਿਆ
ਸਿਮਰਿਆ ਧਿਆਇਆ
ਸੂਰਜ ਦਾ ਸੱਚ
ਹਨੇਰੇ 'ਚੋਂ ਸਮਝ ਆਇਆ
ਹਨੇਰੇ ਨੇ
ਮੈਨੂੰ ਸੂਰਜ ਪਾਉਣ ਦਾ ਭੇਦ
ਤੇ ਸੱਚ ਸਮਝਾ ਦਿੱਤਾ
ਸੂਰਜ ਦਾ ਯਥਾਰਥ
ਮੇਰੀ ਤਲ਼ੀ 'ਤੇ ਟਿਕਾ ਦਿੱਤਾ!

-0-

ਸੂਰਜ ਪਾਉਣ ਲਈ
ਹਨੇਰੇ 'ਚੋਂ ਗੁਜ਼ਰਨਾ ਤੇ ਵਿਚਰਨਾ
ਜ਼ਰੂਰੀ ਹੈ
ਹਨੇਰੇ 'ਚੋਂ ਜਨਮਨਾ ਤੇ ਬਿਨਸਨਾ
ਜ਼ਰੂਰੀ ਹੈ
ਮੇਰਾ ਜਦ ਮੁਖ ਸੂਰਜ ਵੱਲ ਸੀ
ਸੂਰਜ ਮੇਰਿਆਂ
ਦਿਸਹੱਦਿਆਂ ਤੋਂ ਬਾਹਰ ਸੀ
ਹਨੇਰਾ ਮੇਰੇ ਲਈ
ਅੰਦਰ ਵੱਲ ਖੁੱਲ੍ਹਦਾ ਦੁਆਰ ਸੀ

-0-

ਅੱਜ
ਉਸ ਰਹਿਨੁਮਾ ਸਦਕਾ
ਮੇਰਾ ਮੂੰਹ ਹਨੇਰੇ ਵੱਲ ਹੈ
ਮੈਨੂੰ ਪਾਉਣ ਦਾ
ਖੁਦ ਸੂਰਜ ਨੂੰ ਚੜ੍ਹਿਆ ਝੱਲ ਹੈ
ਹਨੇਰੇ 'ਚੋਂ
ਸੂਰਜ ਜਨਮਦਾ ਤੇ ਬਿਨਸਦਾ ਹੈ

ਹਨੇਰਾ ਸੂਰਜ ਦੀ ਕੁੱਖ ਦੀ ਹੋਂਦ ਹੈ
ਹਨੇਰਾ ਸੂਰਜ ਦਾ ਸੱਚ ਹੈ ਵਜੂਦ ਹੈ

–0–

ਹਨੇਰੇ ਬਿਨਾਂ
ਸੂਰਜ ਦਾ ਕੋਈ ਰੂਪ ਰੰਗ
ਠਿਕਾਣਾ ਸਿਰਨਾਵਾਂ ਸਿਆਣ ਨਹੀਂ
ਹਨੇਰੇ ਬਿਨਾਂ
ਸੂਰਜ ਨੂੰ ਆਪਣੀ ਪਹਿਚਾਣ ਨਹੀਂ

–0–

ਜਦ ਮੈਂ ਹਨੇਰੇ ਨੂੰ ਪਾ ਲਿਆ
ਸੂਰਜ ਨੇ ਮੈਨੂੰ
ਮੈਂ ਸੂਰਜ ਨੂੰ ਅਪਣਾ ਲਿਆ
ਬੋਲਿਆ
ਮੇਰਾ ਤੇਜ਼ ਕੁੱਖ ਹਨੇਰਾ ਹੈ
ਹਰ ਰਾਤ ਦੇ ਲਹੂ 'ਚ
ਮੇਰਾ ਸਵੇਰਾ ਹੈ
ਮੇਰੇ 'ਚ ਮੇਰਾ ਕੁੱਝ ਨਹੀਂ
ਜੋ ਕੁੱਝ ਵੀ ਹੈ
ਬਸ ਹਨੇਰੇ ਦਾ ਹਨੇਰਾ ਹੈ!

–0–

ਜਦ ਮੇਰਾ ਮੂੰਹ ਸੂਰਜ ਦੇ ਵੱਲ ਸੀ
ਸੂਰਜ
ਮੇਰਿਆਂ ਦਿੱਸਹੱਦਿਆਂ ਤੋਂ ਬਾਹਰ ਸੀ
ਹਨੇਰਾ ਮੇਰੇ ਲਈ
ਅੰਦਰ ਵੱਲ ਖੁੱਲ੍ਹਦਾ ਦੁਆਰ ਸੀ
ਅੱਜ ਮੇਰਾ ਮੂੰਹ ਹਨੇਰੇ ਵੱਲ ਹੈ
ਮੈਨੂੰ ਪਾਉਣ ਦਾ
ਖੁਦ ਸੂਰਜ ਨੂੰ ਚੜ੍ਹਿਆ ਝੱਲ ਹੈ

–0–

ਮੈਂ ਸਾਰੀ ਉਮਰ
ਸੂਰਜ ਪਿੱਛੇ ਦੌੜਦਾ ਰਿਹਾ

ਸੂਰਜ ਪਾਉਣ ਲਈ
ਰਹਿਨੁਮਾ ਦੀ ਤਲਾਸ਼ 'ਚ ਭਟਕਦਾ ਰਿਹਾ
ਆਪਾ ਜਗਾਉਣ ਲਈ
ਆਪਾ ਪਾਉਣ ਲਈ

-0-

# ਰੂ-ਬ-ਰੂ

ਮੇਰਾ ਅਜਨਬੀ ਚਿਹਰਾ
ਮੈਨੂੰ ਪੁੱਛਦਾ ਹੈ
ਮੈਂ ਕੀ ਹਾਂ ਕੌਣ ਹਾਂ ?
ਕੀ ਸੱਚ ਹੈ ਮੇਰਾ
ਉਹ ਕਿਹੜਾ ਵਜੂਦ ਹੈ
ਜਿਸ 'ਚ ਮੇਰਾ ਸੱਚ ਮੌਜੂਦ ਹੈ
−0−
ਮੈਂ ਚਿਹਰੇ ਨੂੰ ਦਰਪਣ ਵਿਖਾਂਦਾ ਹਾਂ
ਦਰਪਣ ਆਖਦਾ ਹੈ
ਮੈਂ ਤੈਨੂੰ ਚਿਹਰਾ ਵਿਖਾਂਦਾ ਹਾਂ
ਆਪਾ ਵੇਖਣ ਤੋਂ ਪਿੱਛੋਂ
ਤੂੰ ਕੀ ਹੈ ਕੌਣ ਹੈ ਪਹਿਚਾਣ ਜਾਏਂਗਾ
ਆਪਣਾ ਸੱਚ ਜਾਣ ਜਾਏਂਗਾ
−0−
ਚਿਹਰਾ ਆਖਦਾ ਹੈ
ਐ ਦਰਪਣ
ਤੇਰੇ 'ਚ ਚਿਹਰਿਆਂ ਦੀ ਭੀੜ ਹੈ
ਨਕਸ਼ਾਂ ਤੇ ਅੰਗਾਂ ਦਾ ਹਜੂਮ ਹੈ
ਤੇਰੇ 'ਚੋਂ ਆਪਾ ਕਿੰਝ ਭਾਲਾਂਗਾ
ਮੈਨੂੰ ਤਾਂ ਆਪਣੀ ਪਹਿਚਾਣ ਨਹੀਂ
ਆਪਣੀ ਪਹਿਚਾਣ ਦਾ ਦੀਵਾ
ਕਿੰਝ ਬਾਲ਼ਾਂਗਾ
−0−
ਤੇਰੇ 'ਚੋਂ
ਆਪਾ ਭਾਲਦਾ ਭਾਲਦਾ
ਮੈਂ ਬਿਖਰ ਜਾਵਾਂਗਾ
ਆਪਾ ਪਹਿਚਾਣਦਾ ਪਹਿਚਾਣਦਾ
ਹੋ ਸਿਫਰ ਜਾਵਾਂਗਾ
ਮੈਂ ਆਪਾ ਵੇਖਣ ਤੋਂ ਪਹਿਲਾਂ

ਆਪਾ ਜਾਨਣਾਂ ਚਾਹੁਣਾ
ਮੈਂ ਕਿਸ ਮਿੱਟੀ ਦਾ ਹਾਂ
ਉਸ ਦਾ ਰੰਗ ਰੂਪ ਸ਼ਕਲ ਸੂਰਤ
ਨਿਹਾਰਨਾ ਚਾਹੁਣਾ
ਉਹ ਨੂਰ ਕਿਹੜਾ ਹੈ
ਮੈਨੂੰ ਸਿਰਜਿਆ ਜਿਸ ਨੇ
ਉਸ ਨੂਰ ਦਾ ਦੀਵਾ
ਮਸਤਕ 'ਚ ਬਾਲਣਾ ਚਾਹੁਣਾ

-0-

ਤੂੰ ਦਰਪਣ ਹੈਂ
ਹਰ ਚਿਹਰੇ ਦਾ ਤੇਰੇ 'ਚ ਵਸੇਰਾ ਹੈ
ਤੇਰੇ 'ਚ ਛੁਪੀ ਪਹਿਚਾਣ ਹੈ ਸਭ ਦੀ
ਸੱਚ ਹੈ ਸਭ ਦਾ
ਸਿਆਣ ਹੈ ਸਭ ਦੀ
ਮੇਰੇ ਤੇ ਮੇਰੀ ਪਹਿਚਾਣ ਵਿਚਲਾ
ਜੇ ਪਰਦਾ ਫਾਸ਼ ਹੋ ਜਾਏ
ਮੇਰੇ ਸੱਚ ਦਾ
ਮੈਨੂੰ ਅਹਿਸਾਸ ਹੋ ਜਾਏ

-0-

ਐ ਚਿਹਰੇ
ਜੇ ਤੂੰ ਇੰਨਾ ਉਤਾਵਲਾ ਹੈਂ
ਤਾਂ ਆਪਣੇ ਚਿਹਰੇ ਤੋਂ
ਆਪਣਾ ਚਿਹਰਾ ਹਟਾਅ
ਦਰਪਣਾਂ ਦੇ ਦਰਪਣ
ਆਪਣੇ ਅੰਤਿਹਕਰਣ 'ਚ ਉਤਰ ਜਾਹ
ਕਲਬੂਤ ਤੇ ਰੂਹ ਦਾ ਸੱਚ ਸਮਝ ਜਾਏਂਗਾ
ਅੰਤਾਹਕਰਨ ਤੋਂ ਆਪਣਾ ਸੱਚ
ਆਪਣਾ ਆਪ ਪਾਏਗਾ
ਤੂੰ ਕੀ ਹੈ ਕੌਣ ਹੈ ਦਾ ਸੱਚ
ਅੰਤਹਕਰਣ 'ਚੋਂ ਜਨਮਦਾ ਹੈ
ਅੰਤਹਕਰਨ 'ਚ ਬਿਨਸਦਾ ਹੈ

ਜੋ ਕਿਤਿਉਂ ਨਹੀਂ ਦਿਸਦਾ
ਉਹ ਅੰਤਹਕਰਨ 'ਚੋਂ ਦਿਸਦਾ ਹੈ
ਅੰਤਹਕਰਨ ਹੀ ਤੇਰਾ ਵਜੂਦ ਹੈ
ਜਿਸ 'ਚ ਤੇਰਾ ਚਿਹਰਾ
ਤੇਰਾ ਸੱਚ ਮੌਜੂਦ ਹੈ

–0–

ਮੇਰਾ ਅਜਨਬੀ ਚਿਹਰਾ
ਮੈਨੂੰ ਪੁੱਛਦਾ ਹੈ
ਮੈਂ ਕੀ ਹਾਂ ਕੌਣ ਹਾਂ ?
ਕੀ ਸੱਚ ਹੈ ਮੇਰਾ
ਉਹ ਕਿਹੜਾ ਵਜੂਦ ਹੈ
ਜਿਸ 'ਚ ਮੇਰਾ ਸੱਚ ਮੌਜੂਦ ਹੈ

–o–

# ਅੰਦਰਲੇ ਦੀ ਮੌਤ

ਉਹ ਆਪਣੇ
ਅੰਦਰਲੇ ਜੰਗਲ 'ਚ ਉਤਰਿਆ
ਪੱਤਾ ਪੱਤਾ ਟਹਿਣੀ ਟਹਿਣੀ
ਤਣਾਂ ਛਿੱਲੜ ਤੇ ਛਾਂ ਨੂੰ ਗਾਹਿਆ
ਸਿਰ ਤੋਂ ਪੈਰਾਂ ਤੀਕ
ਜੰਗਲ ਦਾ ਲਹੂ ਹੰਢਾਇਆ

–0–

ਉਸ ਵੇਖਿਆ
ਉਸ ਦਾ ਅੰਦਰ ਧੁੰਆਂਖੇ ਆਲ੍ਹਣਿਆਂ
ਤੇ ਪਸ਼ੂਆ ਦੇ ਪਿੰਜਰਾਂ ਦਾ ਘਰ ਸੀ
ਕੱਚ ਦੀਆਂ ਗਲ਼ੀਆਂ ਸੜਕਾਂ
ਬਿਜਲਈ ਖਿਡਾਉਣਿਆਂ
ਧਾਤੂ ਪ੍ਰਕਿਰਤੀ ਦਾ ਧੜ ਸੀ
ਉਸ ਦਾ ਚਿਹਰਾ
ਪਦਾਰਥਕ ਫੁੱਲਕਾਰੀ
ਵਿਧਵਾ ਰੁੱਤਾਂ ਰੰਡੀਆਂ ਖੁਸ਼ਬੂਆਂ
ਸੀਮਿੰਟ ਸਰੀਏ ਪੱਥਰ ਤੇ ਕੱਚ ਦੇ
ਅੰਬਰ ਛੂੰਹਦੇ ਰੁੱਖਾਂ ਦਾ ਸ਼ਿੰਗਾਰ ਸੀ
ਉਸ ਦੀਆਂ ਨਜ਼ਰਾਂ ਦੀ ਮੰਡੀ 'ਚ
ਜਿਸਮਾਂ ਦਾ ਵਿਉਪਾਰ ਸੀ
ਜਲ ਦੀ ਤਲ਼ੀ 'ਤੇ ਜਗਦੇ
ਮਹਾਂਨਗਰਾਂ ਦੀ ਨੁਹਾਰ ਸੀ
ਮੋਮੀ ਖਿਡਾਉਣਿਆਂ ਦਾ ਮੰਗਲ
ਤੇ ਚੰਨ ਘਰਾਂ ਦੇ ਵਿਚ ਉਤਾਰ ਸੀ

–0–

ਉਸ ਨੇ
ਆਪਣੇ ਅੰਦਰਲੇ ਪਹਾੜ ਨੂੰ
ਪਰਤ–ਦਰ–ਪਰਤ ਉਧੇੜਿਆ
ਪਹਾੜੀ ਗੁਫ਼ਾਵਾਂ 'ਚ

ਜਾਨਵਰਾਂ ਦੀਆਂ ਲਾਸ਼ਾਂ ਸਨ
ਭੇਡਾਂ ਬੱਕਰੀਆਂ ਦੇ ਵਾੜਿਆਂ 'ਚ
ਗਡਰੀਆਂ ਦੀਆਂ ਬੁਸੀਆਂ ਦੇਹਾਂ ਸਨ
ਸੜਦੇ ਮਾਸ ਦੀ ਗੰਧ ਸੀ
ਪਹਾੜ ਦਾ ਕੱਟਿਆ ਅੰਗ ਅੰਗ ਸੀ
ਪਹਾੜੀ ਪਿਆਸਾ ਜਲ ਸੀ
ਪਹਾੜ ਦਾ ਦਰਵਾਜ਼ਾ ਖੁੱਲ੍ਹਾ ਬਾਹਰ ਵੱਲ ਸੀ
ਜਿਸ 'ਚੋਂ
ਪਹਾੜੀ ਨਿਹਮਤਾਂ ਤੇ ਰਹਿਮਤਾਂ
ਨੁੱਚੜ ਗਈਆਂ ਸਨ
ਚੁੱਪ ਉਦਾਸੀਆਂ ਉਜਾੜਾਂ
ਫੈਲ ਗਈਆਂ ਸਨ
ਪਹਾੜੀ ਕਾਇਨਾਤ ਖਾਮੋਸ਼ ਸੀ
ਪਹਾੜ 'ਚੋਂ
ਪਹਾੜੀ ਜੀਵਨ ਆਲੋਪ ਸੀ

-0-

ਉਹ ਆਪਣੇ ਅੰਦਰਲੇ
ਸਮੁੰਦਰ 'ਚ ਉਤਰਿਆ
ਬੂੰਦ-ਬੂੰਦ ਦਾ ਪਿੰਡਾ ਤੈਰਿਆ
ਸਮੁੰਦਰੀ ਜਲ ਦੇ ਸਾਹਾਂ 'ਚ ਠਹਰਿਆ
ਉਸ ਨੂੰ ਸਮੁੰਦਰ ਸਹਿਰਾ ਨਜ਼ਰ ਆਇਆ
ਸਮੁੰਦਰ ਦਾ ਮੁਰਦਾ
ਸਮੁੰਦਰ 'ਤੇ ਉਸ ਤੈਰਦਾ ਪਾਇਆ
ਮੋਈਆ ਮੱਛੀਆਂ
ਜੀਵ ਜੰਤੂਆਂ ਦੇ ਧੁੱਖਦੇ ਸਿਵੇ ਸਨ
ਸਮੁੰਦਰ ਦੇ ਅੰਗ ਤੇ ਨਕਸ਼ ਝੁਲਸੇ ਸਨ
ਸਮੁੰਦਰ
ਬੱਦਲ ਹੋਇਆ ਅਸਮਾਨੀ
ਗੁਆਚਾ ਘੁੰਮ ਰਿਹਾ ਸੀ
ਆਪਣੇ ਘਰ ਦਾ ਪਤਾ ਪੁੱਛ ਰਿਹਾ ਸੀ

-0-

ਉਹ ਜਾਨਣਾ ਚਾਹੁੰਦਾ ਸੀ
ਉਸ ਦਾ ਸੱਚ
ਜੰਗਲ ਪਹਾੜ ਸਮੁੰਦਰ 'ਚ
ਮੌਜੂਦ ਹੈ ਕਿ ਨਹੀਂ
ਉਹ ਕੁਦਰਤ ਦਾ
ਕੁਦਰਤ ਉਸ ਦਾ ਵਜੂਦ ਹੈ ਕਿ ਨਹੀਂ
ਉਸ ਨੇ ਆਪਣੀ ਪਹਿਚਾਣ ਲਈ
ਅੰਦਰ ਦਾ ਦਰਪਣ ਉੱਠਾਇਆ
ਨਾ ਉਸ 'ਚੋਂ ਕੁਦਰਤ
ਨਾ ਕੁਦਰਤ 'ਚੋਂ ਉਹ ਨਜ਼ਰ ਆਇਆ
ਉਹ ਕੀ ਸੀ ਕੌਣ ਸੀ
ਉਸ ਨੂੰ ਲੱਗਾ
ਉਹ ਜੰਗਲ ਪਹਾੜ ਸਮੁੰਦਰ ਦੇ ਧੜ 'ਤੇ
ਸ਼ੀਸ਼ੇ ਦੀ ਧੌਣ ਸੀ
ਉਹਨਾਂ ਜੰਗਲ ਪਹਾੜ ਸਮੁੰਦਰ ਦੀ
ਤਕਸੀਮ ਸੀ ਨਾ ਇੱਕਾਈ ਸੀ
ਉਹ ਇਸ ਦੁਨੀਆ ਲਈ
ਇਹ ਦੁਨੀਆ ਉਸ ਲਈ ਪਰਾਈ ਸੀ
ਉਸ ਨੇ ਆਪਣੇ ਅੰਦਰ
ਜਦ ਕੁਦਰਤ ਦੀ ਲਾਸ਼ ਨੂੰ ਤੱਕਿਆ
ਉਸ ਨੂੰ ਲੱਗਿਆ
ਉਹ ਤਾਂ ਕਦ ਦਾ ਮਰ ਚੁੱਕਾ ਸੀ
ਉਸ ਦੇ ਅੰਦਰ
ਕਦ ਜੰਗਲ 'ਚੋਂ ਸ਼ਹਿਰ ਪਹਾੜ 'ਚੋਂ ਥੇਹ
ਸਮੁੰਦਰ 'ਚੋਂ ਥਲ ਉੱਗ ਆਇਆ
ਉਸ ਨੂੰ ਪਤਾ ਨਹੀਂ ਲੱਗਾ
ਉਹ ਜਾਣ ਨਹੀਂ ਪਾਇਆ
ਉਹ ਕਿਉਂ
ਆਪਣੀ ਦੇਹ ਦੀ ਸਰਦਲ 'ਤੇ ਖੜ੍ਹਾ ਰਿਹਾ
ਕੁਦਰਤ 'ਚੋਂ ਮਨਫੀ ਹੋਣ ਤੋਂ ਪਹਿਲਾਂ
ਕਿਉਂ ਆਪਣੇ ਅੰਦਰ ਨਾ ਉਤਰ ਗਿਆ          -0-

# ਕੁੱਝ ਤਾਂ ਰਹੇ

ਜੇ ਨਦੀ ਦਰਿਆ 'ਚ ਉਤਰੇਗੀ
ਜੇ ਦਰਿਆ ਨਦੀ 'ਚ ਉਤਰੇਗਾ
ਨਦੀ ਹੋ ਜਾਏਗਾ
ਆਪਾ ਖੋਹ ਜਾਏਗਾ
ਜੀਵਨ ਧਾਰਾ 'ਚ
ਕੁੱਝ ਵੀ ਵਿਅਕਤੀਗਤ ਨਹੀਂ ਰਹੇਗਾ
ਆਪਾ ਭਾਲਣ ਲਈ
ਅਰਥ ਲਈ ਸ਼ਬਦ ਬੀਜਣਾ ਪਏਗਾ

-0-

ਸਮਾਂ
ਗਤੀ ਦੇ ਸਿੰਗੀ ਚੜ੍ਹਿਆ
ਵਿਅਕਤੀਗਤਤਾ ਲਈ
ਬੀਜ 'ਚੋਂ ਰੁੱਖ
ਰੁੱਖ 'ਚੋਂ ਬੀਜ ਬਣ ਉੱਗਦਾ ਰਹੇਗਾ
ਆਪਣੀ ਸ਼ਨਾਖ਼ਤ ਲਈ
ਆਪਣੇ ਸੱਚ ਦੀ ਇਬਾਦਤ ਲਈ

-0-

ਜ਼ਿੰਦਗੀ ਦਾ ਖੂਹ
ਇੰਜ ਹੀ ਗਿੜਦਾ ਰਹੇਗਾ
ਆਦਮੀ ਆਪਣੀ ਮੁੱਠ 'ਚ ਕਿਰਦਾ ਰਹੇਗਾ
ਜੇ ਰੁੱਖ ਜੰਗਲ 'ਚ ਉਤਰੇ
ਤਾਂ ਰੁੱਖ ਰੁੱਖ ਨਹੀਂ
ਜੰਗਲ ਹੋ ਜਾਏਗਾ

-0-

ਜੇ ਜੰਗਲ ਰੁੱਖ 'ਚ ਉਤਰੇ
ਤਾਂ ਜੰਗਲ ਜੰਗਲ ਨਹੀਂ
ਰੁੱਖ ਕਹਾਏਗਾ
ਰੁੱਖ ਆਪਣੀ
ਜੰਗਲ ਆਪਣੀ ਪਹਿਚਾਣ
ਖੋਹ ਜਾਏਗਾ

ਨਾ ਰੁੱਖ ਰਹੇਗਾ
ਨਾ ਜੰਗਲ ਰਹੇਗਾ
ਨਿੱਜ ਦਾ ਅਸਿਤਤਵ ਮਿਟ ਜਾਏਗਾ
ਰੁੱਖ ਤੇ ਜੰਗਲ ਦਾ ਸ਼ਬਦ
ਭਾਸ਼ਾ ਦੀ ਸੂਲ਼ੀ ਲਟਕ ਜਾਏਗਾ
ਅਰਥ ਕਿਸ ਘਰ ਦਾ ਦਰ ਖੜਕਾਏਗਾ

–0–

ਜੇ ਏਕਾ ਜ਼ੀਰੋ 'ਚ
ਜ਼ੀਰੋ ਏਕੇ 'ਚ ਸਿਮਟ ਜਾਏਗੀ
ਤਾਂ ਨਾ ਜ਼ੀਰੋ ਨਾ ਏਕਾ ਰਹੇਗਾ
ਕੌਣ ਏਕੇ ਨੂੰ ਏਕਾ
ਜ਼ੀਰੋ ਨੂੰ ਜ਼ੀਰੋ ਕਹੇਗਾ
ਜ਼ੀਰੋ ਨਾ ਰਹੀ ਏਕਾ ਨਾ ਰਿਹਾ
ਤਾਂ ਕੁੱਝ ਵੀ ਨਹੀਂ ਰਹੇਗਾ
ਮਨੁੱਖ ਨੂੰ ਮਨੁੱਖ ਦਾ
ਲੋਕਾਈ ਨੂੰ ਲੋਕਾਈ ਦਾ
ਅਹਿਸਾਸ ਨਹੀਂ ਰਹੇਗਾ

–0–

ਰੁੱਖ ਹੈ
ਤਾਂ ਜੰਗਲ ਦੀ ਪਹਿਚਾਣ ਹੈ
ਨਦੀਆਂ ਦਰਿਆ ਹਨ
ਤਾਂ ਸਾਗਰ ਦੀ ਸਿਆਣ ਹੈ
ਮਨੁੱਖ ਹੈ
ਤਾਂ ਏਕੇ ਦੀ ਸ਼ਨਾਖਤ ਹੈ
ਮਨੁੱਖਤਾ ਹੈ
ਤਾਂ ਜ਼ੀਰੋ ਦੀ ਇਬਾਰਤ ਹੈ
ਰੂਹ ਕਲਬੂਤ ਦਾ
ਕਲਬੂਤ ਰੂਹ ਦਾ ਸੱਚ ਹੈ
ਕਲਬੂਤ ਬਿਨ੍ਹਾਂ ਰੂਹ ਭਰਮ ਹੈ
ਰੂਹ ਬਿਨਾ ਕਲਬੂਤ ਕੱਚ ਹੈ
ਚੁੱਪ ਉਦਾਸੀਆਂ ਉਜਾੜਾ
ਫੈਲ ਗਈਆਂ

–0–

# ਮੁਸਾਫਿਰ

ਐ ਮੁਸਾਫਿਰ
ਰੌਣਕਾਂ ਉਜਾੜਾਂ 'ਚ
ਸੜਕਾਂ ਬਜ਼ਾਰਾਂ 'ਚ
ਤੂੰ ਟੁਰਦਾ ਜਾਅ
ਸਾਗਰਾਂ ਜੰਗਲਾਂ ਪਹਾੜਾਂ 'ਚੋਂ
ਗੁਜ਼ਰਦਾ ਹੀ ਜਾਅ
ਮੁਸਾਫਿਰ ਬਣ ਆਇਆ
ਮੁਸਾਫਿਰ ਬਣ ਰਹਿਣਾ ਹੈ
ਕੋਈ ਛਾਂ ਨਹੀਂ ਆਪਣੀ
ਜਿਸ ਹੇਠ ਬਹਿਣਾ ਹੈ

-0-

ਪਹਾੜ ਕੱਛੇਗਾ
ਜੀਵਨ ਔਂਕੜਾਂ 'ਤੇ ਫਤਹਿ ਪਾਏਗਾ
ਅਸਮਾਨ ਛੂਹੇਂਗਾ
ਸੂਰਜ ਚੰਨ ਤਾਰਾ ਕਹਾਏਗਾ
ਜੰਗਲ ਮਿੱਧੇਗਾ
ਬੀਜ ਤੋਂ ਰੁੱਖ
ਰੁੱਖ ਤੋਂ ਬੀਜ ਦਾ ਸੱਚ ਪਾਏਗਾ
ਸਮੁੰਦਰ ਹੰਢਾਏਗਾ
ਬੂੰਦ ਤੋਂ ਸਾਗਰ ਹੋ ਜਾਏਗਾ

-0-

ਭੀੜ 'ਚ ਵਿਚਰੇਗਾ
ਇਕਾਈ ਦਾ ਅਹਿਸਾਸ ਹੋਵੇਗਾ
ਕਲੀਆਂ ਫੁੱਲਾਂ ਰੰਗਾਂ 'ਚ ਠਹਿਰੇਗਾ
ਮਹਿਕਾਂ 'ਚ ਵਾਸ ਹੋਵੇਗਾ
ਉਜਾੜਾ ਪਤਝੜਾਂ
ਵੀਰਾਨੀਆਂ ਹੰਢਾਏਂਗਾ
ਭਰਮ ਮੁਕਤ ਹੋ ਜਾਏਗਾ
ਜੀਵਨ ਸੱਚ ਪਾਏਗਾ

ਚੁੱਪ 'ਚ ਉਤਰੇਗਾ
ਸ਼ੋਰ ਦਾ ਸੱਚ ਜਾਣੇਗਾ
ਆਪਣੀ ਖੋਟ ਸਮਝੇਗਾ
ਆਪਣਾ ਆਪਾ ਪਹਿਚਾਣੇਗਾ
ਜੀਵਨ 'ਚ ਜਾਗੇਗਾ
ਵੈਰੀ ਨੂੰ ਮਿੱਤਰ
ਗ਼ੈਰ ਨੂੰ ਆਪਣਾ ਲੱਗੇਗਾ!

-0-

ਜ਼ਿੰਦਗੀ 'ਚ ਮੰਜ਼ਿਲ ਨਹੀਂ
ਸਫ਼ਰ ਬਣਨਾ ਹੈ ਤੂੰ
ਰੁੱਕਣਾ ਨਹੀਂ
ਚਲਦੇ ਰਹਿਣਾ ਹੈ ਤੂੰ
ਮੌਤ ਤੋਂ ਪਿਛਲੇਰਾ ਸੱਚ
ਜਿਉਣਾ ਹੈ ਤੂੰ
ਜ਼ਿੰਦਗੀ ਤੇ ਮੌਤ ਵਿਚਲਾ ਫੱਟ
ਸਿਉਣਾ ਹੈ ਤੂੰ
ਅਕਾਸ਼ ਹਵਾ ਅਗਨ ਜਲ
ਮਿੱਟੀ ਦਾ ਪੁਤਲ ਨਹੀਂ ਤੂੰ ਆਤਮਾ ਹੈ
ਆਤਮਾ ਮਰਦੀ ਨਹੀਂ ਤੂੰ ਜਾਣਦਾ ਹੈ
ਆਤਮਾ ਬ੍ਰਹਮ ਹੋ ਕੇ ਵੀ
ਨਿਰੰਤਰ ਸਫਰ ਹੈ
ਆਤਮਾ ਦੀ ਪਹਿਚਾਣ
ਤੇਰਾ ਹਰਫ਼ ਹੈ
ਆਤਮਾ ਸ਼ਨਾਖਤ ਹੈ ਤੇਰੀ
ਤੂੰ ਆਤਮਾ ਦਾ ਸ਼ਰਫ ਹੈ
ਅਰਥ ਦੇ ਵਿਚ ਹਰਫ਼ ਨਹੀਂ
ਹਰਫ਼ ਦੇ ਵਿਚ ਅਰਥ ਹੈ
ਕਬਰ ਹੈ ਤਾਂ ਜ਼ਿੰਦਗੀ ਹੈ
ਜ਼ਿੰਦਗੀ ਹੈ ਤਾਂ ਕਬਰ ਹੈ

-0-

# ਕਿੱਥੇ ਆ ਗਿਆ ਹਾਂ ਮੈਂ

ਕਿੱਥੇ ਆ ਗਿਆ ਹਾਂ ਮੈਂ
ਲਾਸ਼ਾਂ ਦੀ ਨਗਰੀ 'ਚ
ਭੁਲੇਖਾ ਜ਼ਿੰਦਗੀ ਦਾ
ਖਾ ਗਿਆ ਹਾਂ ਮੈਂ
-0-
ਰੌਣਕਾਂ ਰੰਗੀਨੀਆਂ ਦੀ
ਝਿਲਮਿਲਾਉਂਦੀ ਨਗਰੀ ਹੈ
ਹਰ ਪਲ ਜਿੱਥੇ
ਜ਼ਿੰਦਗੀ ਖੁਦਕੁਸ਼ੀ ਕਰਦੀ ਹੈ
ਸੜਕਾਂ ਬਾਜ਼ਾਰਾਂ 'ਚ ਧੜਾਂ ਦੀ ਭੀੜ ਹੈ
ਸ਼ਹਿਰ ਦੇ ਗਿਰਜਾਘਰ 'ਚ ਲਟਕਦੀ
ਸਿਰ ਦੀ ਤਸਵੀਰ ਹੈ
ਸ਼ੀਸ਼ੇ ਦੇ ਘਰਾਂ 'ਚ
ਪਲਾਸਟਿਕ ਦੇ ਲੋਕ ਹਨ
ਜੀਵਨ ਅਰਥ ਤੋਂ ਸੱਖਣੇ
ਸ਼ਬਦਈ ਖੋਲ ਹਨ
-0-
ਕੱਚ ਦੀ ਜੂਨੇ ਪਏ
ਕੱਚ ਖਾ ਰਹੇ ਹੰਢਾਅ ਰਹੇ ਸ਼ਲੋਕ ਹਨ
ਫੁੱਲਾਂ ਦੇ ਪਿੰਡਿਆਂ 'ਚੋਂ
ਪੱਥਰ ਉੱਗਾ ਰਹੇ ਲੋਕ ਹਨ
ਆਪਣੇ ਹੀ ਸਿਵਿਆ ਦਾ ਨਿੱਘ ਸੇਕਦੇ
ਪੱਥਰ ਦੀ ਅੱਖ 'ਚੋਂ
ਜ਼ਿੰਦਗੀ ਦਾ ਨਗਨ ਵੇਖਦੇ
ਇਹ ਪੱਥਰ 'ਚੋਂ ਪੱਥਰ ਸਿਰਜਦੇ
ਪੱਥਰ ਹੋ ਗਏ
ਇਹ ਆਲੇ ਦੁਆਲੇ
ਸਿਰਜੀ ਹਿਫਾਜ਼ਤ ਦਾ ਸਫ਼ਰ ਹੋ ਗਏ
ਇਹ ਟੁੱਟ ਕੇ ਕੁਦਰਤ ਤੋਂ

ਆਪ ਆਪਣਾ ਹਸ਼ਰ ਹੋ ਗਏ
ਇਨ੍ਹਾਂ ਦੀ ਸਿਰਜਣਾ ਹੀ
ਇਨ੍ਹਾਂ ਦਾ ਸੱਚ ਖਾ ਗਈ
ਲਹੂ ਮਾਸ 'ਚੋਂ
ਸ਼ੀਸ਼ਿਆਂ ਦੇ ਰੁੱਖ ਉੱਗਾ ਗਈ

-0-

ਪਹਾੜ ਜੰਗਲ ਨਦੀਆਂ ਦਰਿਆ
ਸਾਗਰ ਸਹਿਰਾ ਨਜ਼ਰ ਆਉਂਦੇ ਹਨ
ਪਰ ਬੋਲਦੇ ਨਹੀਂ
ਢਿੱਡ ਫੋਲਦੇ ਨਹੀਂ
ਚੁੱਪ ਤੋੜਦੇ ਨਹੀਂ
ਅੱਥਰੂ ਬਣ ਅੱਖ 'ਚ ਤਰਦੇ ਨਹੀਂ
ਆਪਣੇ ਹੋਣ ਦੀ ਹਾਮੀ ਭਰਦੇ ਨਹੀਂ

-0-

ਸਿਰਾਂ ਦੀ ਭੀੜ ਹੈ
ਪੈਰਾਂ ਦੇ ਹਜ਼ੂਮ ਹਨ
ਚਿਹਰਿਆਂ ਦੇ ਕਾਫਲੇ ਹਨ
ਦੀਵਾਰਾਂ 'ਚ ਦੀਵਾਰਾਂ ਹਨ
ਪਾੜੇ ਹਨ ਫਾਸਲੇ ਹਨ
ਸਭ ਇਕ ਟੱਕ ਵੇਖ ਰਹੇ ਹਨ ਕੂਦੇ ਨਹੀਂ
ਇਹ ਮੁਰਦੇ ਹਨ ਜਿਊਂਦੇ ਨਹੀਂ
ਸ਼ਾਇਦ
ਇਹ ਕੀ ਹਨ ਕੌਣ ਹਨ
ਇਨ੍ਹਾਂ ਦਾ ਸੱਚ ਕੀ ਹੈ ਹੋਂਦ ਕੀ ਹੈ
ਜਾਣਦੇ ਨਹੀਂ
ਆਪਣੀ ਸ਼ਨਾਖ਼ਤ ਤੋਂ ਅਣਜਾਣ ਹਨ
ਆਪਾ ਪਹਿਚਾਣਦੇ ਨਹੀਂ
ਇਹ ਆਪਣੀ ਸੰਬੋਧਨੀ
ਤਲਾਸ਼ 'ਚ ਗੁੰਮ ਗਏ ਹਨ
ਬਿਖਰ ਗਏ ਹਨ
ਤਿੜਕ ਗਏ ਹਨ ਹੋ ਸੁੰਨ ਗਏ ਹਨ

-0-

ਇਹ ਵਿਸ਼ਵ ਸੁਨਹਿਰੀ ਪਿੰਡ ਦੇ
ਮਿੱਟੀ ਦੇ ਖਾਲੀ ਕਾਸੇ ਹਨ
ਆਪਣੀ ਸਿਰਜਣਾ ਤੋਂ
ਸਿਰਜਕ ਭੀਖ ਦੇ ਭੁੱਖੇ ਪਿਆਸੇ ਹਨ
ਇਹ ਪਹਿਲਾਂ ਸਿਰਜਕ
ਫਿਰ ਸਿਰਜਣਾ ਨੂੰ ਡੰਗਦੇ ਹਨ
ਇਹ ਨਾਗ ਹੀ ਮਦਾਰੀ ਹਨ
ਇਹ ਆਪਣੀ ਵਿਸ 'ਚ ਹੀ
ਆਪ ਮਰਦੇ ਹਨ

-0-

ਇਹ ਜਦ
ਆਪਣੇ ਆਪ 'ਚ ਪਰਤਣਗੇ
ਆਪਣੇ ਬਿਖਰੇ ਅੰਗ ਤੇ ਨਕਸ਼ਾਂ
ਨੂੰ ਜੋੜਨਗੇ
ਜ਼ਰਿਆਂ ਨੂੰ ਪਹਾੜ
ਬੂੰਦਾਂ ਨੂੰ ਸਾਗਰ
ਰੁੱਖਾਂ ਨੂੰ ਜੰਗਲ ਮੋੜਨਗੇ
ਇਹ ਆਪਣੇ ਆਪ ਨੂੰ
ਜਦ ਆਵਾਜ਼ ਮਾਰਨਗੇ
ਪਿੱਛੇ ਰਹਿ ਗਏ
ਆਪਣੇ ਖੋਲਾਂ ਵਿਚਲੇ
ਅਰਥਾਂ ਦੇ ਸਿਵੇ ਠਾਰਨਗੇ

-0-

ਇਨ੍ਹਾਂ ਖੋਲਾਂ ਨੂੰ ਕੀ ਪਤਾ
ਉਹ ਕੀ ਹਨ ਕੌਣ ਹਨ
ਖੋਲ੍ਹ ਤਾਂ ਕਬਰਾਂ ਦਾ ਘਰ ਹੁੰਦੇ ਹਨ
ਜਿਨ੍ਹਾਂ 'ਚ ਨਾ ਕੋਈ
ਜੀਵਨ ਚਿਰਾਗ ਜਗਦਾ ਹੈ
ਨਾ ਖੁੱਲ੍ਹੇ ਦਰ ਹੁੰਦੇ ਹਨ
ਇਹ ਗੂੰਗੇ ਬੋਲਿਆ

ਪੱਥਰਾਂ ਦੀ ਦੁਨੀਆ ਹੈ
ਜਿੱਥੇ ਆ ਗਿਆ ਹਾਂ ਮੈਂ
ਇੱਕ ਚੁੱਪ ਦੇ ਜੰਗਲ 'ਚ
ਬੋਲਾਂ ਦਾ ਭੁਲੇਖਾ ਖਾਹ ਗਿਆ ਹਾਂ ਮੈਂ !

-0-

# ਪ੍ਰਵਾਜ਼

ਐ ਆਲ੍ਹਣੇ ਦੇ ਪੰਛੀ
ਹਨੇਰੀ ਤੂਫਾਨ ਬਾਰਿਸ਼ ਹੈ
ਤਾਂ ਕੀ ਹੋਇਆ
ਜ਼ਿੰਦਗੀ ਮਰ ਮਰ ਕੇ ਜੀਣਾ ਹੈ
ਇਰਾਦਾ
ਜੀਣ ਦਾ ਸੱਚ ਕਰਨਾ ਹੈ
ਕਬਰ ਦੀ ਢੇਰੀ 'ਚੋਂ
ਸੂਰਜਾਂ ਦੀ ਜ਼ਿੰਦਗੀ ਦਾ ਚੜ੍ਹਨਾ ਹੈ

-0-

ਪੇਟ ਦੀ ਭੁੱਖ
ਤੇਰੇ 'ਚ ਪ੍ਰਵਾਜ਼ ਧਰੇਗੀ
ਤੇਰੀ ਦੇਹ
ਹਨੇਰੀਆਂ ਤੂਫਾਨਾਂ ਬਾਰਿਸ਼ਾਂ ਦਾ ਪਿੰਡਾ ਚੀਰਦੀ
ਉੱਡਾਣ ਭਰੇਗੀ
ਤੇਰੀ ਬੋਟ 'ਚ
ਧਰਤੀ ਤੋਂ ਅੰਬਰ
ਅੰਬਰ ਤੋਂ ਧਰਤੀ ਤਕ ਦੇ
ਪ੍ਰਵਾਜ਼ ਦੀ ਊਰਜਾ ਹੈ
ਤੇਰੇ ਰਾਹਾਂ ਦੇ ਚਾਨਣ ਲਈ
ਮਸਤਕ 'ਚ ਸੂਰਜਾ ਹੈ
ਤੂੰ ਪਰਬਤ ਉੱਠਾ ਕੇ ਖੰਭਾਂ 'ਤੇ ਉੱਡਦਾ ਰਿਹਾ ਹੈ
ਹਰ ਮੈਦਾਨ 'ਚ ਪੁੱਗਦਾ ਰਿਹਾ ਹੈ
ਤੇਰੀ ਚੁੱਪ ਜੰਗਲ ਦਾ ਸ਼ੋਰ ਹੈ
ਤੇਰਿਆਂ ਖੰਭਾਂ 'ਚ ਸਮਿਆਂ ਦਾ ਜੋਸ਼ ਹੈ
ਤੂੰ ਸਾਗਰ ਚੀਰਦਾ ਧਰਤੀਆਂ ਕੱਢਦਾ ਰਿਹਾ ਹੈ
ਤੂੰ ਪੱਥਰ ਪਾੜਕੇ ਚੁਗਦਾ ਰਿਹਾ ਹੈ ।

-0-

ਇਹ ਹਨੇਰੀਆਂ ਬਾਰਸ਼ ਤੂਫਾਨ
ਤੈਨੂੰ ਕੀ ਰੋਕਣਗੇ

ਤੇਰੇ ਹੌਂਸਲੇ ਹਿੰਮਤਾਂ ਨੂੰ
ਕੀ ਟੋਕਣਗੇ
ਇਹ ਸੋਚ ਪੰਛੀ
ਜਦ ਆਪਣੇ ਅੰਦਰ ਉਤਰਿਆ
ਧਰਤੀ ਤੋਂ ਆਕਾਸ਼ ਦੀ
ਉਡਾਣ ਭਰ ਗਿਆ
ਹਨੇਰੀਆਂ ਤੂਫਾਨ ਚਲਦੇ ਰਹੇ
ਸਿਰ ਭਾਰ ਹੋ ਬੱਦਲ ਵੀ ਵਰ੍ਹਦੇ ਰਹੇ
ਰੱਬ ਦਾ ਭਾਣਾ ਸੀ
ਭਾਣਾ ਵਰਤਦਾ ਰਿਹਾ
ਭਿੱਜਿਆਂ ਖੰਭਾਂ ਸੰਗ ਪੰਛੀ
ਅੰਬਰ 'ਚ ਤਰਦਾ ਰਿਹਾ
ਬੀਤੇ 'ਚੋਂ ਵਰਤਮਾਨ
ਵਰਤਮਾਨ 'ਚੋਂ ਭਵਿੱਖ
ਸਿਰਜਦਾ ਰਿਹਾ

−0−

ਐ ਆਲ੍ਹਣੇ ਦੇ ਪੰਛੀ
ਹਨੇਰੀ ਤੂਫ਼ਾਨ ਬਾਰਿਸ਼ ਹੈ ਤਾਂ ਕੀ ਹੋਇਆ
ਜ਼ਿੰਦਗੀ ਮਰ ਮਰ ਕੇ ਜੀਣਾ ਹੈ
ਇਰਾਦਾ
ਜੀਣ ਦਾ ਸੱਚ ਕਰਨਾ ਹੈ
ਕਬਰ ਦੀ ਢੇਰੀ 'ਚੋਂ
ਸੂਰਜਾ ਜ਼ਿੰਦਗੀ ਦਾ ਚੜ੍ਹਨਾ ਹੈ!

−0−

# ਚੁੱਪ ਤੇ ਸ਼ੋਰ

ਉਹ ਸੜਕਾਂ ਬਜ਼ਾਰਾ
ਗਲ਼ੀਆਂ ਭੀੜਾਂ 'ਚੋਂ ਲੰਘਿਆ
ਉਸ ਦੁਆਲੇ
ਚਿਹਰੇ ਸਨ ਅੱਖਾਂ ਸਨ
ਪੈਰਾਂ 'ਚੋਂ ਉੱਠਦਾ ਧੂੰਆਂ ਸੀ
ਹੱਥਾਂ 'ਚੋਂ ਆਉਂਦਾ ਸੇਕ ਸੀ
ਅਸਮਾਨੀ ਲਟਕਦੀਆਂ ਜੀਭਾਂ ਦਾ ਸ਼ੋਰ ਸੀ
ਪਰ ਉਹ ਚੁੱਪ ਸੀ
ਉਸ ਨੂੰ ਆਪਣੀ ਚੁੱਪ ਦੀ ਹੋਸ਼ ਸੀ

-0-

ਸ਼ਹਿਰ ਨੇ
ਉਸ ਦਾ ਨਾਂਅ ਚੁੱਪ ਰੱਖ ਦਿੱਤਾ
ਉਹ ਜਦ
ਚੌਂਕ ਚੌਰਾਹਿਆਂ 'ਚੋਂ ਗੁਜ਼ਰਦਾ
ਲੋਕ ਆਖਦੇ
ਉਹ ਚੁੱਪ ਆ ਰਹੀ ਹੈ
ਉਹ ਚੁੱਪ ਜਾ ਰਹੀ ਹੈ

-0-

ਉਸ ਸ਼ਹਿਰ ਤਿਆਗ
ਸ਼ੋਰ ਰਹਿਤ
ਇਕਾਂਤ 'ਚ ਜਾ ਬੈਠਾ
ਜਿੱਥੇ ਚੁੱਪ ਦੁਆਲੇ ਚੁੱਪ ਸੀ
ਬੋਲਾਂ ਸ਼ਬਦਾਂ ਅਰਥਾਂ ਦੁਆਲੇ ਚੁੱਪ ਸੀ

-0-

ਜਿਨ੍ਹਾਂ ਸ਼ਬਦਾਂ ਬੋਲਾਂ
ਅਰਥਾਂ ਨੂੰ ਜਿਉਂਦਾ
ਉਹ ਉਬਲ਼ਦਾ ਰਿੱਝਦਾ
ਤੇ ਭੁੱਜਦਾ ਰਿਹਾ
ਉਹ ਸ਼ਹਿਰੀ ਸ਼ੋਰ ਸੀ

ਸ਼ੋਰ ਜਿਉਂਦਾ
ਸ਼ੋਰ ਤੋਂ ਵੱਖਰਾ
ਉਹ ਚੁੱਪ ਦਾ ਇਕਲੌਤਾ ਬੋਲ ਸੀ
ਸ਼ੋਰ ਜਿਸ ਬੋਲ ਤੋਂ ਅਣਜਾਣ ਸੀ
ਸ਼ੋਰ ਦਾ ਉਹ ਸੱਚ ਸੀ
ਸ਼ੋਰ ਦੀ ਪਹਿਚਾਣ ਸੀ

-0-

ਇਕਾਂਤ 'ਚ
ਇਕਲੌਤੇ ਬੋਲ ਦੁਆਲੇ ਚੁੱਪ ਸੀ
ਜਿਸ 'ਚੋਂ ਇੱਕ ਚਸਮਾ
ਪੱਥਰ ਫਾੜ ਕੇ ਫੁੱਟਿਆ
ਤੇ ਅੱਧ ਅਸਮਾਨ 'ਚ
ਆਪਣਾ ਸਿਰਨਾਵਾਂ ਖਿਲਾਰ ਗਿਆ
ਇਕਲੌਤੇ ਬੋਲ ਦੀ ਚੁੱਪ ਦਾ ਅਰਥ
ਕਾਇਨਾਤ ਦੇ ਸੀਨੇ 'ਚ
ਉਤਾਰ ਗਿਆ
ਜਿਸ ਅਰਥ ਨੇ ਸ਼ੋਰ 'ਚੋਂ
ਇਕਲੌਤਾ ਬੋਲ ਸਿਰਜਿਆ
ਤੇ ਸ਼ਹਿਰ ਦੀ ਤਲ਼ੀ 'ਤੇ ਧਰ ਦਿੱਤਾ
ਸ਼ਹਿਰ ਦੇ ਸ਼ੋਰ ਨੂੰ
ਚੁੱਪ 'ਚ ਬਦਲ ਦਿੱਤਾ!

-0-

ਹੁਣ ਸ਼ੋਰ 'ਚੋਂ
ਸ਼ਹਿਰ ਦੀ ਚੁੱਪ ਪ੍ਰਗਟ ਹੋਈ ਸੀ
ਹੁਣ ਸ਼ਹਿਰ ਜੋ ਬੋਲਦਾ ਸੀ
ਉਹੀ ਸੁਣਦਾ ਸੀ
ਆਪਣੇ ਵਰਤਮਾਨ 'ਚੋਂ
ਆਪਣਾ ਭਵਿੱਖ ਬੁਣਦਾ ਸੀ
ਹੁਣ ਚੁੱਪ ਸ਼ੋਰ ਦੇ ਵਿਚ ਗੁੰਮ ਨਹੀਂ ਸੀ
ਸ਼ੋਰ ਹੀ
ਸ਼ਹਿਰ ਵਿੱਚ ਗੂੰਜਦੀ ਧੁਨ ਨਹੀਂ ਸੀ

ਜਿਸ ਵਿਚ ਸ਼ਹਿਰ ਦਾ ਸੱਚ ਗੁਆਚਾ ਸੀ
ਸ਼ਹਿਰ ਦਾ ਹਰ ਸ਼ਬਦ ਅਰਥ ਲਈ
ਸ਼ਹਿਰ ਦਾ ਹਰ ਅਰਥ ਸ਼ਬਦ ਲਈ
ਪਿਆਸਾ ਸੀ
ਸ਼ਹਿਰ ਦੇ ਸ਼ੋਰ 'ਚ ਚੁੱਪ ਦਾ ਵਾਸ ਸੀ
ਸ਼ਹਿਰ ਦੀ ਚੁੱਪ ਨੂੰ ਸ਼ੋਰ ਦਾ ਅਹਿਸਾਸ ਸੀ

-0-

ਉਹ ਸੜਕਾਂ ਬਜ਼ਾਰਾਂ
ਗਲ਼ੀਆਂ ਭੀੜਾਂ 'ਚੋਂ ਲੰਘਿਆ
ਉਸ ਦੁਆਲੇ
ਚਿਹਰੇ ਸਨ ਅੱਖਾਂ ਸਨ
ਪੈਰਾਂ 'ਚੋਂ ਉੱਠਦਾ ਧੂੰਆ ਸੀ
ਹੱਥਾਂ 'ਚੋਂ ਆਉਂਦਾ ਸੇਕ ਸੀ
ਅਸਮਾਨੀ ਲਟਕਦੀਆਂ ਜੀਭਾਂ ਦਾ ਸ਼ੋਰ ਸੀ
ਪਰ ਉਹ ਚੁੱਪ ਸੀ
ਉਸ ਨੂੰ ਆਪਣੀ ਚੁੱਪ ਦੀ ਹੋਸ਼ ਸੀ

-0-

# ਉਡੀਕ

ਕਈ ਵਾਰ
ਆਪਾ ਧੋ ਨਿਚੋੜਿਆ
ਸੁੱਕਣੇ ਪਾਇਆ ਸੀਤਾ ਤੇ ਪਹਿਨਿਆ
ਕਈ ਵਾਰ
ਆਪੇ ਨੂੰ ਸ਼ੀਸ਼ੇ 'ਚ
ਸ਼ੀਸ਼ੇ ਨੂੰ ਆਪੇ 'ਚ ਉਤਾਰਿਆ
ਕਈ ਵਾਰ ਆਪਾ ਮੇਟਿਆ ਉਸਾਰਿਆ
ਦਿਲ ਦੇ ਵਿਹੜੇ ਪੋਚਾ ਫੇਰਿਆ
ਕੰਧਾਂ ਨੂੰ ਕੰਘੀ ਛਤ ਨੂੰ ਸ਼ਿੰਗਾਰਿਆ
ਚੌਂਕੇ ਦੇ ਮੂੰਹ ਤੋਂ ਮਿੱਟੀ ਘੱਟਾ ਉਤਾਰਿਆ
ਦੇਹ ਦੇ ਕੋਠੇ ਨੂੰ ਮਾਂਜਿਆਂ
ਲਿੱਪਿਆ ਸੰਵਾਰਿਆ!

−0−

ਤੇਰੀ ਉਡੀਕ 'ਚ
ਨੈਣਾ ਦੀ ਜੋਤੀ ਨੂੰ ਇੰਤਜ਼ਾਰ ਖਾ ਗਈ
ਤੇਰੀਆਂ ਤਾਘਾਂ 'ਚ
ਨੈਣਾਂ ਦੀਆਂ ਝੀਲਾਂ ਸੁਕਾ ਗਈ
ਬਿਰਹਾ ਸਾਡਾ ਆਹਰ ਹੋ ਗਿਆ
ਇਕ ਗੀਤ ਵਸਲ ਦਾ ਬੁੱਲ੍ਹਾਂ 'ਚੋਂ ਜਨਮਿਆਂ
ਹੰਝੂ ਹੋ ਗਿਆ
ਹੋਕਾ ਸਮੇਂ ਦੀ ਲਾਸ਼ ਦਾ
ਜੀਵਨ 'ਚ ਧਰ ਗਿਆ
ਤੂੰ ਨਾ ਆਇਓਂ
ਮਿੱਟੀ ਦਾ ਬਾਵਾ ਉੱਡੀਕ ਦੀ ਸੂਲ਼ੀ ਚੜ੍ਹ ਗਿਆ!

−0−

ਕਿੱਤ ਬਿੱਧ ਰਹੀਏ
ਕਿਹੜਾ ਰੂਪ ਬਣਾਈਏ
ਦੇਹ ਦਾ ਪੀੜ੍ਹਾ
ਕਿੱਥੋਂ ਚੁਕੀਏ ਕਿੱਥੇ ਡਾਹੀਏ

ਤੂੰ ਹੀ ਦੱਸ
ਤੇਰੀ ਇੱਕ ਝਲਕ ਲਈ
ਅਸੀਂ ਕੀ ਨਾ ਕਰੀਏ ਕੀ ਕਰ ਪਾਈਏ!

-0-

# ਲੰਙੜੀ ਪੈਂਤੀ ਅੱਖਰੀ

ਅਜੋਕਾ ਮਨੁੱਖ
ਆਪਣਾ ਵਿਸਥਾਰ ਸਿਰਜਦਾ
ਆਪਣਾ ਸੱਚ ਗੁਆ ਬੈਠਾ ਹੈ
ਆਪਣੇ ਚਿਹਰੇ ਤੋਂ
ਆਪਣਾ ਵਰਤਮਾਨ ਮਿਟਾ ਬੈਠਾ ਹੈ !

–0–

ਹੁਣ ਸਾਗਰ 'ਚੋਂ ਭਾਲਦਾ ਹੈ
ਧਰਤੀਆਂ ਅੰਬਰਾਂ 'ਚੋਂ ਤਲਾਸ਼ਦਾ ਹੈ
ਹਵਾ ਦੀਆਂ ਪਰਤਾਂ ਫੋਲਦਾ ਹੈ
ਆਪਣਾ
ਗੁਆਚਾ ਸੱਚ ਟੋਲ਼ਦਾ ਹੈ
ਹਨੇਰਾ ਹੋਇਆ ਮਨੁੱਖੀ ਚਿਰਾਗ
ਬੱਤੀ ਲਈ ਭਟਕਦਾ ਹੈ
ਲੋਅ ਲਈ ਤਰਸਦਾ ਹੈ

–0–

ਸੋਚ ਦੀ ਲੰਙੜੀ ਪੈਂਤੀ ਅੱਖਰੀ ਸੰਗ
ਮਨੁੱਖ ਨੇ
ਸਮੇਂ ਦਾ ਹਰ ਬਾਬ ਲਿਖਿਆ ਹੈ
ਇਤਹਾਸ ਪੈਂਤੀ ਅੱਖਰੀ ਜਿਉਂਦੀ
ਲਿਖਣ ਵਾਲੇ ਦਾ ਨਾਂ ਮਿਟਿਆ ਹੈ
ਅਜੋਕਾ ਮਨੁੱਖ ਆਪਣੀ ਹੋਂਦ ਲਈ
ਸਮੇਂ ਦੀ ਦੇਹ ਹੰਗਾਲਦਾ ਹੈ
ਸਮੇਂ 'ਚ ਆਪਾ
ਆਪੇ 'ਚ ਸਮਾਂ ਉਤਾਰਦਾ ਹੈ
ਸਮੇਂ ਦਾ ਰੰਗ ਰੂਪ ਵਜੂਦ ਰਿੜਕਦਾ ਹੈ
ਜਿਸ 'ਚ ਭੂਤ ਭਵਿੱਖ ਵਰਤਮਾਨ
ਤੇ ਖ਼ੁਦ ਮਨੁੱਖ ਵਿਚਰਦਾ ਹੈ
ਉਸ ਦਾ ਪਤਾ ਹੀ
ਉਸ ਦੇ ਕੋਲੋਂ ਪੁੱਛਦਾ ਹੈ

-0-

ਇਸ ਸਾਰੀ ਕਾਰਜ ਪ੍ਰਣਾਲੀ 'ਚ
ਮਨੁੱਖ ਸਮੇਂ ਦੇ ਦੈਂਤ ਪਦਾਰਥ ਦਾ
ਵਿਕਸਤ ਰੂਪ ਚਿਤਵਦਾ ਹੈ
ਇਹ ਵਿਕਸਤ ਰੂਪ ਹੀ
ਮਨੁੱਖ ਦੀ ਜੜ੍ਹ ਨੂੰ ਖਾ ਗਿਆ ਹੈ
ਫੁੱਲ ਨੂੰ ਪੱਥਰ
ਪੱਥਰ ਨੂੰ ਫੁੱਲ ਬਣਾ ਗਿਆ ਹੈ

-0-

ਮਨੁੱਖ ਦੇ ਸਿਰਜੇ
ਤੇ ਵਿਕਸਤ ਵਰਤਮਾਨ ਦਾ ਗੁਲਾਬ
ਭਵਿੱਖ ਦੇ ਚਿਹਰੇ 'ਤੇ
ਰੇਤ ਦੇ ਰੁੱਖਾਂ ਦਾ ਜੰਗਲ ਬਣ
ਉੱਗ ਆਇਆ ਹੈ
ਭੂਤ 'ਚ ਵਰਤਮਾਨ ਦੇ ਖੰਡਰ ਹਨ
ਕਰਬਾ ਦੀ ਚੁੱਪ ਹੈ
ਅਜੋਕੇ ਸਮੇਂ 'ਚ ਬਲ ਰਿਹਾ ਹੁਣ ਦਾ ਰੁੱਖ ਹੈ
ਜਿਸ 'ਚ ਮਨੁੱਖੀ ਸੱਚ ਰਾਖ ਹੋਇਆ ਹੈ
ਜਿਉਂਦੀ ਚੁੱਪ 'ਚ
ਤਰਲ ਜਿਹਾ ਸਮੇਂ ਦਾ
ਕੋਈ ਬੋਲ ਮੋਇਆ ਹੈ

-0-

ਅਜੋਕਾ ਮਨੁੱਖ
ਆਪਣਾ ਵਿਸਥਾਰ ਸਿਰਜਦਾ
ਆਪਣਾ ਸੱਚ ਗੁਆ ਬੈਠਾ ਹੈ
ਆਪਣੇ ਚਿਹਰੇ ਤੋਂ
ਆਪਣਾ ਵਰਤਮਾਨ ਮਿਟਾ ਬੈਠਾ ਹੈ।

-0-

# ਨੰਗੀ ਤਲਵਾਰ

ਉਸ ਦੇ ਕੰਨਾਂ 'ਚ
ਉਸ ਦੇ ਬੋਲ ਸ਼ੋਰ ਬਣ ਕੇ
ਗੂੰਜਣ ਲਗੇ
ਅਰਥ
ਮੱਥੇ 'ਚ ਸੂਰਜ ਬਣਕੇ ਜਗਣ ਲਗੇ
−0−
ਪੈਰਾਂ 'ਚ
ਮੰਜ਼ਿਲ ਦਿਸ਼ਾਵਾਂ
ਤੇ ਰਾਹ ਵਸਣ ਲਗੇ
ਇਕ ਦੁਨੀਆ
ਉਸ ਦੀ ਨਜ਼ਰ ਤੋਂ
ਨਜ਼ਰ ਦੇ ਦਿਸਹੱਦਿਆਂ ਤਕ ਫੈਲ ਗਈ
ਇਕ ਰੌਸ਼ਨੀ
ਅਸਮਾਨ ਤੋਂ ਉਤਰੀ
ਉਸਦੇ ਮਸਤਕ 'ਚ ਠਹਿਰ ਗਈ
−0−
ਜਿਸ ਨੇ
ਉਸ ਦੇ ਜੀਵਨ 'ਚ ਮੁਥਾਜੀ ਰਹਿਤ
ਜ਼ਿੰਦਗੀ ਦੀ ਸ਼ਮ੍ਹਾਂ ਜਲ਼ਾ ਦਿੱਤੀ
ਉਸ ਦੇ ਜਿਸਮ 'ਚੋਂ
ਮੁਥਾਜੀ ਦੀ ਖ਼ੂਹੀ ਸੁਕਾ ਦਿੱਤੀ
−0−
ਉਸ ਨੇ
ਆਪਣਾ ਸਿਰ ਤਲ਼ੀ 'ਤੇ ਧਰਿਆ
ਸਮੇਂ ਦੇ ਘੋੜੇ 'ਤੇ ਕਾਠੀ ਪਾ ਲਈ
ਹੱਥ 'ਚ ਤਲਵਾਰ ਤਾਂ ਪਹਿਲਾਂ ਹੀ ਸੀ
ਮੁਥਾਜੀ ਦਾ ਮੈਦਾਨ
ਆਪਣੀ ਰਣਭੂਮੀ ਬਣਾ ਲਈ
−0−

ਉਸ ਨੇ
ਆਪਣੇ ਆਪ ਨੂੰ
ਪਿੰਜਿਆ ਕੱਤਿਆ ਤੇ ਸੋਧਿਆ
ਸੰਯਮ ਤੇ ਅਨੁਸ਼ਾਸਨ 'ਚ
ਢਾਲਿਆ
ਮਰਜੀਵੜਾ ਬਣ ਰਹਿਣਾ
ਜੀਵਨ ਦਾ ਮਕਸਦ ਬਣਾ ਲਿਆ
ਉਸ ਨੇ
ਮਰ ਕੇ ਜਿਉਣਾ ਸਿੱਖ ਲਿਆ
ਆਪਾ ਹਰ ਕੇ
ਆਪੇ ਨੂੰ ਜਿੱਤ ਲਿਆ

-0-

ਉਸ ਦੀ
ਦ੍ਰਿੜਤਾ ਤੇ ਵਿਸ਼ਵਾਸ ਨੇ
ਮੁਥਾਜੀ ਨੂੰ ਫਤਹਿ ਕਰ ਲਿਆ
ਜੀਵਨ ਯਥਾਰਥ ਦਾ ਸੱਚ
ਪੜ੍ਹ ਲਿਖ ਕੇ ਯਾਦ ਕਰ ਲਿਆ
ਉਸ ਆਪਣੇ ਆਪ ਨੂੰ
ਆਪਣੇ ਸਾਂਵੇ ਖਲਾਰਿਆ
ਖਾਹਿਸ਼ਾਂ ਮਾਰੇ ਮਨ ਦਾ
ਸਿਰ ਕੱਟ ਉਤਾਰਿਆ
ਸਬਰ ਸੰਤੋਖ ਸੰਗ
ਆਪਾ ਭਰ ਲਿਆ
ਸੱਚ ਸੁੰਦਰਤਾ ਤੇ ਕਲਿਆਣ ਦਾ
ਲੜ ਫੜ ਲਿਆ।

-0-

ਹੁਣ ਉਹ ਸੁਤੰਤਰ ਸੀ
ਨਾ ਦੇਹ ਪ੍ਰਾਣਾਂ ਦਾ ਮੁਥਾਜ ਸੀ
ਨਾ ਸੋਚ ਨਾ ਇੱਛਾ ਦਾ ਗੁਲਾਮ ਸੀ
ਉਹ ਹਵਾ 'ਚ ਲਟਕਦੀ
ਮਿਆਨ ਤੋਂ ਬਿਨਾਂ

ਨੰਗੀ ਤਲਵਾਰ ਸੀ
ਆਪ ਆਪਣੀ ਸਿਰਜਣਾ
ਆਪ ਆਪਣਾ ਸਿਰਜਣਹਾਰ ਸੀ

–0–

ਉਸ ਦੇ ਕੰਨਾਂ 'ਚ
ਉਸ ਦੇ ਬੋਲ ਸ਼ੋਰ ਬਣ ਕੇ
ਗੂੰਜਣ ਲੱਗੇ
ਅਰਥ
ਮੱਥੇ 'ਚ ਸੂਰਜ ਬਣ ਕੇ ਜਗਣ ਲੱਗੇ।

–0–

## ਬਲਤਕਾਰ

ਨਾ ਚੁੱਪ ਰਹੋ
ਕੁੱਝ ਬੋਲੋ ਲੋਕੋ!
ਬਹਿ ਨਾ ਜਾਉ ਅੰਦਰੋਂ ਅੰਦਰੀ
ਭੀੜੇ ਦਰਾਂ ਨੂੰ ਖੋਲ੍ਹੋ ਲੋਕੋ!
−0−
ਅੱਜ ਆਂਡੇ ਦੀ ਜ਼ਰਦੀ
ਪੀ ਲਈ ਹੈ ਕਾਂਵਾਂ
ਜਾਰੋ ਜਾਰੀ ਰੁੱਖ ਰੋਵਣ
ਤੇ ਟਹਿਣੀ ਬੈਠੀਆਂ ਮਾਵਾਂ
ਸੂਰਜ ਨਾਲੋਂ ਕਿਰਨਾਂ ਰੁਸੀਆਂ
ਪੱਤਿਆਂ ਨਾਲੋਂ ਛਾਵਾਂ
ਝੁਲਸੀ ਕਲੀ
ਅਖਬਾਰਾਂ ਦਾ ਪੰਨਾ
ਮੇਰੇ ਘਰ ਦਾ ਸਿਰਨਾਵਾਂ
ਚਿੜੀ ਉਧੇੜੀ ਹੈ ਬਾਜਾਂ ਨੇ
ਤੱਕਾਂ ਤੇ ਮਰ ਜਾਵਾਂ
ਕੋਈ ਤਾਂ
ਮਾਂ ਦਾ ਦਰਦ ਵੰਡਾਓ
ਕੋਈ ਤਾਂ ਦੁਖੜੇ ਫੋਲੋ
ਨਾ ਚੁੱਪ ਰਹੋ
ਕੁੱਝ ਬੋਲੋ ਲੋਕੋ
ਬਹਿ ਜਾਉ ਨਾ ਅੰਦਰੋਂ ਅੰਦਰੀ
ਭੀੜੇ ਦਰਾਂ ਨੂੰ ਖੋਲ੍ਹੋ ਲੋਕੋ!
−0−
ਇਹ ਜੋ ਹਵਾ ਵੱਗੀ ਹੈ ਚੰਦਰੀ
ਇਸ ਨੂੰ ਜੜ੍ਹੋਂ ਮੁਕਾਉ
ਨਾਰੀ ਹਰ ਮਰਦ ਦੀ ਮਾਂ ਹੈ
ਮਰਦਾਂ ਨੂੰ ਸਮਝਾਉਂ
ਬੁੱਤ ਬਣਾ ਕੇ ਮਮਤਾ ਦਾ

ਸਿਮਰੋ ਜੱਪੋ ਧਿਆਉ
ਮਾਂ ਸ਼ਬਦ ਦੇ ਅਰਥ ਦਾ ਬੂਟਾ
ਮਦਰਸਿਆਂ ਮੰਦਿਰਾਂ ਮਸੀਤਾਂ
ਖੇਤਾਂ ਵਿੱਚ ਉਗਾਉਂ
ਚਿੜੀਆਂ ਤੋਂ ਬਾਜ ਤੁੜਵਾ ਸਕਦੇ ਹੋ
ਕੰਜਕਾਂ ਲੂਹਣ ਵਾਲੀ ਅਗਨੀ
ਭਗਾਉਤੀ ਸਿਮਰ ਬੁਝਾ ਸਕਦੇ ਹੋ
ਉੱਠੋਂ ਘਰਾਂ 'ਚੋਂ ਬਾਹਰ ਨਿਕਲੋ
ਆਦਮੀਅਤ ਦੀ ਤੱਕੜੀ ਵਿਚ
ਮਮਤਾ ਦਾ ਸੱਚ ਤੋਲੋ
ਨਾ ਚੁੱਪ ਰਹੋ
ਕੁੱਝ ਬੋਲੋ ਲੋਕੋ
ਬਹਿ ਨਾ ਜਾਉ ਅੰਦਰੋਂ ਅੰਦਰੀ
ਭੀੜੇ ਦਰਾਂ ਨੂੰ ਖੋਲੋ ਲੋਕੋ !

−0−

## ਵਿਖੰਡਤਾ

ਉਹ ਉਨ੍ਹਾਂ 'ਚ ਉਤਰਦਾ
ਉਨ੍ਹਾਂ ਨੂੰ ਆਪਣੇ 'ਚ ਉਤਾਰਦਾ
ਉਨ੍ਹਾਂ ਦੇ ਸ਼ੋਰ 'ਚ ਗੁਜ਼ਰਦਾ
ਉਨ੍ਹਾਂ ਨੂੰ ਆਪਣੀ ਚੁੱਪ ਚੋਂ ਗੁਜ਼ਾਰਦਾ
ਵੀ ਇਕੱਲਾ ਸੀ
ਉਹ ਅਨੇਕਤਾ 'ਚ ਏਕਤਾ
ਏਕਤਾ 'ਚ ਅਨੇਕਤਾ ਦਾ ਝੱਲਾ ਸੀ
ਭੀੜ ਆਪਣੀ ਸਿਆਣ
ਤੇ ਪਹਿਚਾਣ ਸੰਗ ਟੁਰਦੀ ਗਈ
ਉਹ ਚੁੱਪ
ਆਪਣੇ ਆਪ ਨਾਲ ਟੁਰਦਾ
ਭੀੜ ਤੋਂ ਅਲੱਗ ਵੱਖਰੇ ਰਾਹ ਪੈ ਗਿਆ
ਇਕੱਲਾ ਰਹਿ ਗਿਆ।

-0-

ਉਸ ਨੂੰ
ਆਪਣੇ ਇਕੱਲੇ ਹੋਣ ਦਾ
ਕੋਈ ਸ਼ੰਕਾ ਨਾ ਫਿਕਰ ਸੀ
ਉਹ ਸਿਰਫ ਆਪਣੇ ਅਰਥ ਦਾ ਵਿਸਥਾਰ ਸੀ
ਆਪਣੇ ਸੰਕਲਪ ਦਾ ਹੀ ਜ਼ਿਕਰ ਸੀ
ਉਸ 'ਚ ਹੌਂਸਲਾ ਦ੍ਰਿੜਤਾ ਵਿਸ਼ਵਾਸ ਸੀ
ਆਪਣੇ ਸੱਚ ਦਾ
ਉਸ ਨੂੰ ਅਹਿਸਾਸ ਸੀ
ਉਸ ਦੇ ਮੱਥੇ 'ਚ
ਲਖਸ਼ਦਾ ਚਿਰਾਗ ਜਾਗਦਾ ਸੀ!
ਆਸ ਦਾ ਚਾਨਣ
ਉਸ ਦੀ ਦੇਹ 'ਚੋਂ ਸਿਮਦਾ ਸੀ

-0-

ਉਸ ਦਾ ਸੰਕਲਪ ਸੀ
ਵੱਖ-ਵੱਖ ਰੰਗਾਂ ਸ਼ਬਦਾਂ ਬੋਲਾਂ ਅਰਥਾਂ ਦੀ
ਇਕ ਧਰਤ ਹੋਵੇ

ਮਿੱਟੀ ਦੇ ਬੁੱਤਾਂ ਦੀ
ਜਿਸ ਧਰਤ ਤੇ ਬਸਰ ਹੋਵੇ
ਅਨੇਕਤਾ ਏਕਤਾ ਦਾ
ਏਕਤਾ ਅਨੇਕਤਾ ਦਾ
ਆਦਿ ਹੋਵੇ ਹਸ਼ਰ ਹੋਵੇ !

–0–

ਉਹ ਇਕੱਲਾ ਹੀ ਟੁਰਦਾ ਗਿਆ
ਤਿੜਕਦਾ ਬਿਖਰਦਾ
ਰੁਕਦਾ ਤੇ ਭੁਰਦਾ ਗਿਆ
ਉਸ ਦਾ ਅੰਗ ਅੰਗ
ਨਖਸ਼ ਨਖਸ਼ ਪੋਟਾ ਪੋਟਾ ਹੋ
ਉਸ ਦੁਆਲੇ
ਉਸ ਦੇ ਸੰਕਲਪ ਦਾ ਯਥਾਰਥ ਬਣ
ਉੱਗਦਾ ਗਿਆ
ਉਹ ਆਪਣੇ ਸਫ਼ਰ 'ਚ
ਅਨੇਕਤਾ 'ਚ ਏਕਤਾ
ਏਕਤਾ 'ਚ ਅਨੇਕਤਾ ਬੀਜਦਾ ਗਿਆ
ਆਪਣੇ ਲਹੂ ਸੰਗ
ਸਿੰਜਦਾ ਤੇ ਪੀਚਦਾ ਗਿਆ

–0–

ਉਹ ਏਕਤਾ ਦੀ
ਸਰਵ ਵਿਆਪਕਤਾ ਹੋ ਗਿਆ
ਏਕੇ ਤੋਂ ਕਾਫਲਾ
ਕਾਫਲੇ ਤੋਂ ਚਿਹਰਿਆਂ ਦਾ ਸਾਗਰ
ਹੋ ਗਿਆ
ਉਸ ਦੀ ਇਕਾਈ ਦਾ ਰੁੱਖ
ਸਿਫਰਿਆਂ ਦੇ ਬੀਜ ਫਲਾਂ ਨਾਲ ਭਰ ਗਿਆ
ਉਹ ਰੁੱਖ 'ਚ ਜੰਗਲ
ਜੰਗਲ 'ਚ ਰੁੱਖ ਸੀ
ਉਹ ਆਪੇ ਵੀਰਯ ਆਪੇ ਕੁੱਖ ਸੀ ! –0–

## ਸਿਰਜਣਾ

ਮੇਰੀ ਤਸਵੀਰ ਬਣਾ
ਦੀਵਾਰਾਂ 'ਤੇ ਚਿਪਕਾ
ਬੁੱਤ ਬਣਾ ਚੌਂਕ ਚੌਰਾਹਿਆਂ 'ਚ ਲਗਾ
-0-
ਮੈਨੂੰ ਪਹਾੜ ਕਰਦੇ
ਕਿਸੇ ਵਾਦੀ ਵਿਚ ਧਰਦੇ
ਮੈਨੂੰ ਸਮੁੰਦਰ ਸਹਿਰਾ
ਨਦੀਆਂ ਦਰਿਆ ਬਣਾ
ਧਰਤ ਦੀ ਗੋਦੀ ਖਿਡਾ
ਮੇਰਾ ਹੋ ਜਾਅ ਮੇਰੇ 'ਚੋਂ ਨਜ਼ਰੀ ਆ
ਤਾਂ ਕਿ ਮੈਂ ਹਰ ਚਿਹਰੇ 'ਚੋਂ ਨਜ਼ਰ ਆਉਂਦਾ ਰਹਾਂ
ਦੇਹ ਦੀ ਸਰੰਗੀ 'ਤੇ ਤੈਨੂੰ ਗਾਉਂਦਾ ਰਹਾਂ
-0-
ਮੈਨੂੰ
ਜੰਗਲ ਮੌਸਮਾਂ ਬਹਾਰਾਂ ਰੁੱਤਾਂ 'ਚ ਢਾਲ
ਸੂਰਜ ਦੇ ਗੜ੍ਹਵੇ 'ਚ ਉਬਾਲ਼
ਚੰਨ ਦੀ ਚਾਂਦਨੀ 'ਚ ਠਾਰ
ਮੇਰੇ 'ਚ ਉਤਾਰ
ਮੇਰੀ ਹੋਂਦ ਦਾ ਅਰਘਾ ਮਨੁੱਖਤਾ ਨੂੰ ਚਾੜ੍ਹ
ਤਾਂ ਕਿ ਮੈਂ
ਹਰ ਚਿਹਰੇ 'ਚੋਂ ਨਜ਼ਰ ਆਉਂਦਾ ਰਹਾਂ
ਦੇਹ ਦੀ ਸਰੰਗੀ 'ਤੇ ਗਾਉਂਦਾ ਰਹਾਂ
-0-
ਮੈਨੂੰ ਹਵਾ ਬਣਾ ਕੇ ਟੋਰ
ਜਲ ਬਣਾ ਕੇ ਰੋੜ੍ਹ
ਮੈਨੂੰ ਤੇਜ਼ ਬਣਾ
ਮੇਰਾ ਤਾਅ ਹੰਢਾ
ਮੈਨੂੰ ਧਰਤ ਬਣਾ
ਆਪਣਾ ਆਪਾ ਮੇਰੀ ਗੋਦ 'ਚ ਖਿਡਾ

ਲੋਕਾਂ ਨੂੰ ਦੱਸ ਮੈਂ ਤੇਰਾ ਕੀ ਹਾਂ
ਮੈਂ ਤੇਰਾ ਕੌਣ ਹਾਂ
ਤੂੰ ਮੇਰਾ ਕੌਣ ਹੈਂ
ਮੇਰਾ ਬੋਲ ਹੈ ਕਿ ਮੋਨ ਹੈ
ਤੇਰੀ ਬ੍ਰਿਹਾ ਹੰਢਾਉਂਦਾ ਰਹਾਂ ਮੈਂ
ਹਰ ਚਿਹਰੇ 'ਚੋਂ ਨਜ਼ਰ ਆਉਂਦਾ ਰਹਾਂ ਮੈਂ
ਦੇਹ ਦੀ ਸਰੰਗੀ 'ਤੇ ਤੈਨੂੰ ਗਾਉਂਦਾ ਰਹਾਂ ਮੈਂ

–0–

ਮੈਨੂੰ ਕੁਠਾਲੀ 'ਚ ਢਾਲ
ਆਪਣੀ ਮਰਜ਼ੀ ਦੇ ਸਾਂਚੇ 'ਚ ਉਤਾਰ
ਇਹ ਮਰਜ਼ੀ ਹੈ ਤੇਰੀ
ਤੇਰੀ ਖ਼ੁਸ਼ੀ ਹੀ ਰਜ਼ਾ ਹੈ ਮੇਰੀ
ਜੇ ਮੇਰੀ ਮਰਜ਼ੀ ਦਾ ਤੈਨੂੰ ਅਹਿਸਾਸ ਹੈ
ਤਾਂ ਆਪਣੀ ਮਿੱਟੀ 'ਚ ਮੈਨੂੰ ਘੜ
ਆਪਣੇ ਵਿਸਥਾਰ 'ਚ ਮੇਰਾ ਆਪਾ ਧਰ
ਕਿ ਤੇਰੀ ਪਹਿਚਾਣ ਕੋਈ ਪਹਿਚਾਣ ਰਹੇ ਨਾ
ਤੂੰ ਮੇਰੇ 'ਚੋਂ ਨਜ਼ਰੀਂ ਆਵੇ
ਤੇਰੀ ਕੋਈ ਸਿਆਣ ਰਹੇ ਨਾ!
ਜਿਉਂਦਾ ਜਾਗਦਾ ਧਰਤੀ 'ਤੇ
ਮੈਂ ਤੇਰਾ ਸਰੂਪ ਹੋਵਾਂ
ਹੋਵਣ ਲੱਖ ਰੂਪ ਬੇਸ਼ੱਕ ਤੇਰੇ
ਹਰ ਰੂਪ ਤੇਰੇ ਦਾ ਮੈਂ ਨੂਰ ਹੋਵਾਂ
ਤਾਂ ਕਿ ਮੈਂ
ਆਪਣੀ ਇਕਾਈ ਦੀ ਵਿਆਪਕਤਾ
ਕਹਾਉਂਦਾ ਰਹਾਂ
ਹਰ ਚਿਹਰੇ 'ਚੋਂ ਨਜ਼ਰ ਆਉਂਦਾ ਰਹਾਂ
ਦੇਹ ਦੀ ਸਰੰਗੀ 'ਤੇ ਤੈਨੂੰ ਗਾਉਂਦਾ ਰਹਾਂ।

–0–

## ਮਾਂ ਗਾਂ

ਉਹ ਇਕ ਮਾਂ ਸੀ
ਬਾਪੂ ਦੇ ਕਿਲੇ ਨਾਲ ਬੱਝੀ
ਆਪਣੀ ਉਮਰ ਕੱਟ ਰਹੀ ਗਾਂ ਸੀ

−0−

ਉਹ ਕਈ ਵਾਰੀ ਕਿੱਲਾ ਤੁੜਾ ਕੇ
ਭੱਜ ਜਾਣਾ ਚਾਹੁੰਦੀ ਸੀ
ਉਸ ਵੇੜਕੇ ਨਾਲ
ਜੋ ਪਿੰਡੋਂ ਬਾਹਰ
ਉਸ ਦੀ ਉੱਡੀਕ 'ਚ
ਬੁੱਢਾ ਬੌਲਦ ਹੋ ਗਿਆ ਸੀ
ਮਾਂ ਕੀ ਕਰਦੀ
ਉਸ ਦਾ ਸਫ਼ਰ
ਤਾਂ ਬਾਪੂ ਦੇ ਕਿਲੇ ਤੋਂ ਸ਼ੁਰੂ ਹੋ ਕੇ
ਕਿਲੇ 'ਤੇ ਹੀ ਮੁਕਦਾ ਸੀ

−0−

ਉਹ ਇੱਕ ਔਰਤ ਸੀ
ਜਿਸ ਦੀ ਸ਼ਨਾਖ਼ਤ
ਕੁੱਖ ਤੋਂ ਉਤਪਤੀ
ਉਤਪਤੀ ਤੋਂ ਕੁੱਖ ਤਕ ਦੀ ਸੀ
ਉਸ ਦੇ ਅਵਚੇਤਨ 'ਚ ਬੈਠੀ ਸੀਤਾ
ਉਸ 'ਚੋਂ ਜਾਗਦੀ ਤੇ ਆਖਦੀ
ਜੇ ਉਸ ਦੀ ਜੂਨ
ਕੁੱਖ ਤੋਂ ਕੁੱਖ ਤਕ ਦੀ ਪ੍ਰਕਰਮਾ ਹੈ
ਤਾਂ ਇਹ ਜੂਨ
ਕਿਲੇ ਨਾਲ ਬੱਝ ਕੇ ਵੀ
ਬਿਤਾਈ ਜਾ ਸਕਦੀ ਹੈ
ਅਗਾਜ਼ ਦੇ ਹਸ਼ਰ ਤੀਕ
ਹਸ਼ਰ ਦੇ ਆਗਾਜ਼ ਤੀਕ
ਨਿਭਾਈ ਜਾ ਸਕਦੀ ਹੈ

-0-

ਉਹ ਬਾਪੂ ਲਈ ਗਾਂ ਸੀ
ਮੇਰੇ ਲਈ ਮਾਂ ਸੀ
ਜੋ ਬਾਪੂ ਦੀ ਖੁਰਲੀ ਤੇ ਬੱਝੀ
ਸੁੱਕਿਆਂ ਟਾਂਡਿਆਂ ਦੀ ਜੁਗਾਲੀ ਕਰਦੀ
ਪਿੰਡੋਂ ਬਾਹਰ
ਬੁੱਢੇ ਬੋਲਦ ਕੋਲ ਜਾਂਦੀ
ਜਦ ਪਰਤਦੀ
ਤਾਂ ਗੋਰੀ ਵਹਿੜਕੀ ਲਗਦੀ
ਸ਼ਾਇਦ
ਬੁੱਢਾ ਬੌਲਦ ਬੁਢਾਪੇ 'ਚ
ਜਵਾਨੀ ਦੇ ਪਲ ਜੀਅ ਰਿਹਾ ਸੀ
ਤੇ ਬਾਪੂ
ਸੁੱਕਿਆ ਟਾਂਡਿਆਂ ਬਦਲੇ
ਗੋਰੀ ਵਹਿੜਕੀ ਦਾ ਲਹੂ ਪੀ ਰਿਹਾ ਸੀ

-0-

ਮਾਂ ਬੁੱਢੀ ਹੋ ਰਹੀ ਸੀ
ਬਾਪੂ ਜਵਾਨ ਹੋ ਰਿਹਾ ਸੀ
ਕੈਂਹ ਦੀ ਕਟੋਰੀ 'ਚ
ਆਪਣੇ ਹੱਥ ਧੋ ਰਿਹਾ ਸੀ
ਕਿੱਲੇ 'ਤੇ ਬੱਝੀ ਗਾਂ
ਸੁੱਕਿਆਂ ਟਾਂਡਿਆਂ ਦੀ
ਜੁਗਾਲੀ ਕਰਦੀ ਰਹਿੰਦੀ
ਬੁੱਢੇ ਬੌਲਦ ਦੇ ਜਵਾਨ
ਸੁਫ਼ਨੇ ਬੁਣਦੀ ਰਹਿੰਦੀ
ਬਾਹਰੋਂ ਜਗਦੀ
ਅੰਦਰੋਂ ਧੁੱਖਦੀ ਰਹਿੰਦੀ

-0-

ਬਾਪੂ ਦੇ ਚੁਲ੍ਹੇ ਅੱਗੇ ਬੈਠੀ
ਮਾਂ ਗਾਂ ਨੇ ਗਾਂ ਮਾਂ ਨੇ
ਆਪਣੀ ਉਮਰ

ਸੁਫਨਿਆਂ 'ਚ ਗੁਜ਼ਾਰੀ ਸੀ
ਸੁਫ਼ਨਿਆਂ ਦੇ ਸੱਚ ਲਈ
ਨਾ ਗਾਂ ਨੇ ਰੱਸਾ ਤੁੜਵਾਇਆ
ਨਾਂ ਮਾਂ ਨੇ ਹੀ
ਸਰਦਲ ਤੋਂ ਬਾਹਰ ਪੈਰ ਪਾਇਆ
ਗਾਂ ਨੇ ਕਿੱਲੇ ਨਾਲ
ਮਾਂ ਨੇ ਬਾਪੂ ਨਾਲ
ਸੀਤਾ ਵਾਂਗ ਉਮਰ ਗੁਜ਼ਾਰੀ

–0–

ਉਹ ਇੱਕ ਗਾਂ ਸੀ
ਜੋ ਬਾਪੂ ਦੇ ਕਿੱਲੇ ਨਾਲ ਬੱਝੀ
ਆਪਣੀ ਉਮਰ ਕੱਟ ਰਹੀ ਸੀ
ਉਹ ਇਕ ਮਾਂ ਸੀ
ਜੋ ਬਾਪੂ ਦੇ ਮਘਦੇ ਚੁੱਲ੍ਹੇ
ਅੱਗੇ ਬੈਠੀ ਠਰ ਰਹੀ ਸੀ!

–0–

# ਆਦਿ ਅੰਤ

ਉਸ ਦਾ ਆਦਿ ਹੀ
ਉਸ ਦਾ ਸੱਚ ਹੈ
ਅੰਤ ਉਸ ਦੇ ਜੀਵਨ ਸਫਰ ਦਾ ਕੱਚ ਸੀ
ਆਦਿ ਤੇ ਅੰਤ ਦੇ ਸਫ਼ਰ 'ਚ
ਉਹ ਸ਼ਹਿਦ ਚੱਟਣ ਦਾ ਆਦੀ ਹੋ ਗਿਆ
ਲਾਲਚ  ਦੇ ਕੀੜੇ
ਉਸਨੂੰ ਚਿੰਬੜੇ ਤੇ ਖਾਂਦੇ ਰਹੇ
ਉਸਨੂੰ ਬੀਜਦੇ ਤੇ ਉੱਗਾਂਦੇ ਰਹੇ

–0–

ਉਸ ਚੋਂ
ਕਈ ਸਿਰ 'ਤੇ ਧੜ ਜਨਮੇ
ਕਈਆਂ ਦੀ ਭੁੱਖ 'ਚ
ਉਹ ਤਕਸੀਮਿਆਂ ਗਿਆ
ਕਈ ਜਿਸਮਾਂ 'ਚ
ਉਹ ਵੰਡਿਆ ਗਿਆ
ਉਸ ਨੇ ਆਪਣਾ
ਇਕ ਜਹਾਨ ਧਰਤੀ ਤੇ ਆਸਮਾਨ ਸਿਰਜਿਆ
ਜਿਸ 'ਚ ਲਾਲਚੀ ਕੀੜਿਆਂ ਦਾ ਵਾਸ ਸੀ
ਕਾਮ ਕ੍ਰੋਧ ਦੀ ਭੁੱਖ
ਮੋਹ ਮਾਇਆ ਦੀ ਪਿਆਸ ਸੀ

–0–

ਉਸ ਦੇ ਆਦਿ ਦਾ ਸੱਚ
ਜੀਵਨ ਸਫ਼ਰ 'ਚ ਜਗ–ਜਗ ਕੇ ਬੁਝ ਗਿਆ
ਉਹ ਜੀਵਨ ਸੁੱਖ ਦੀ ਹਲਟੀ ਗੇੜਨ 'ਚ ਰੁੱਝ ਗਿਆ
ਕੂੜ ਹੋ ਕੇ ਰਹਿ ਗਿਆ
ਕੂੜ ਕੱਤਦਾ ਕੂੜ ਬੁਣਦਾ
ਆਦਿ ਸੱਚ ਤੋਂ ਹੱਥ ਧੋ ਕੇ ਬਹਿ ਗਿਆ
ਉਸ ਦਾ ਕੂੜ
ਉਸਨੂੰ ਜਿਸ ਰੰਗ ਮੰਚ 'ਤੇ ਲੈ ਆਇਆ ਸੀ

ਉੱਥੇ ਸਭ ਭਰਮ ਸੀ
ਸਭ ਪਰਾਇਆ ਸੀ
ਜਿਸ ਨੂੰ ਉਹ ਆਪਣਾ ਸਮਝਦਾ ਸੀ
ਉਹ ਨਾ ਸਾਏ ਦੀ ਦੇਹ ਸੀ
ਨਾ ਦੇਹ ਦਾ ਸਾਇਆ ਸੀ
ਸਿਰਫ ਦਰਪਣ ਆਪਣਾ ਸੀ
ਚਿਹਰਾ ਪਰਾਇਆ ਸੀ

–0–

ਉਹ ਜਾਣਦਾ ਸੀ
ਆਦਿ ਦਾ ਦਰ ਅੰਦਰ ਵੱਲ ਖੁਲ੍ਹਦਾ ਹੈ
ਅੰਤ ਦਾ ਦਰ ਬਾਹਰ ਵੱਲ ਖੁਲ੍ਹਦਾ ਹੈ
ਦਰ ਤਾਂ ਇੱਕੋ ਹੈ
ਆਦਮੀ ਦਾ ਆਉਣਾ ਜਾਣਾ
ਦਰ ਦੇ ਅੰਦਰ ਬਾਹਰ ਦੀ ਦਿਸ਼ਾ ਸਿਰਜਦਾ ਹੈ
ਉਸ ਦੇ ਆਪਣੇ ਕਰਮ
ਤਮਾਸ਼ਾ ਬਣ ਕੇ
ਉਸ ਨੂੰ ਤਲ਼ੀਆਂ 'ਤੇ ਨਚਾਉਂਦੇ ਰਹੇ
ਵੇਖਦੇ ਵਿਖਾਉਂਦੇ ਰਹੇ!
ਉਸ ਨੇ ਆਪਣਾ ਆਪਾ
ਚਾਨਣ 'ਚ ਗੁਆਇਆ ਸੀ
ਸਿਰ 'ਤੇ ਸੂਰਜ ਹੁੰਦਿਆਂ ਵੀ
ਉਸ ਨੂੰ ਆਪਣਾ ਆਪਾ ਨਾ ਨਜ਼ਰ ਆਇਆ ਸੀ

–0–

ਅੰਤ ਦਾ ਦਰ
ਇਨਸਾਨ ਦੇ ਪ੍ਰਗਟਨ ਵੇਲੇ ਦਾ ਸੱਚ ਕਬੂਲਦਾ ਹੈ
ਪਰਤਣ ਵੇਲੇ ਦੇ ਸੱਚ ਨੂੰ
ਪ੍ਰਗਟਨ ਵੇਲੇ ਦੇ ਸੱਚ ਨਾਲ ਤੋਲਦਾ ਹੈ
ਸੱਚ ਜਦ ਸੱਚ ਦੇ ਬਰਾਬਰ ਹੁੰਦਾ ਹੈ
ਤਾਂ ਅੰਤ ਦਾ ਦਰ ਹੀ
ਆਦਿ ਦਾ ਦਰ ਖੋਲ੍ਹਦਾ ਹੈ

–0–

ਪਰਤਣ ਵੇਲੇ ਦਾ ਸੱਚ
ਮਨੁੱਖ ਜੀਵਨ 'ਚ ਕੀਤੇ ਕਰਮਾਂ ਤੋਂ ਕਮਾਂਦਾ ਹੈ
ਜੋ ਨਾਲ ਜਾਂਦਾ ਹੈ
ਨਹੀਂ ਤਾਂ ਨਾਲ ਉਹੀ ਜਾਂਦਾ ਹੈ
ਜੋ ਮਨੁੱਖ ਲੈ ਕੇ ਆਉਂਦਾ ਹੈ।

-0-

## ਜ਼ਮੀਰ

ਉਹ ਵਿਕਰੇਤਾ ਖੁਦ
ਖਰੀਦਦਾਰ ਸੀ
ਲੈਣ ਦੇਣ ਦਾ
ਉਸ ਦਾ ਵਿਉਪਾਰ ਸੀ

–0–

ਧਰਮ ਈਮਾਨ ਸੱਚ ਕਿਰਦਾਰ
ਉਸ ਲਈ ਵਿਕਾਊ ਸ਼ਬਦ ਸਨ
ਜ਼ਿੰਦਗੀ 'ਚ ਇਨ੍ਹਾਂ ਦੇ ਅਰਥ ਬੇਅਰਥ ਸਨ
ਉਸ ਦੇ ਸਾਏ ਨੂੰ
ਇਹ ਸਭ ਰਾਸ ਨਹੀਂ ਸੀ
ਇਹ ਅਮਾਨਵੀਪਣ ਉਸ ਦਾ
ਸਾਏ ਨੂੰ ਬਰਦਾਸ਼ਤ ਨਹੀਂ ਸੀ
ਸਾਇਆ
ਉਸ ਦੀ ਦੇਹ ਤਿਆਗ ਗਿਆ
ਸਾਏ ਬਿਨਾਂ
ਉਹ ਹੋ ਉਦਾਸ ਗਿਆ

–0–

ਉਹ ਸਾਏ ਨੂੰ ਢੂੰਢਦਾ ਢੂੰਢਦਾ
ਇਕ ਵੈਸ਼ੀਆ ਦੇ ਚਕਲੇ 'ਤੇ ਆਇਆ
ਉਸ ਆਪਣਾ ਸਾਇਆ
ਵੈਸ਼ੀਆ ਦੀ ਖਿਦਮਤ 'ਚ ਖੜ੍ਹਾ ਪਾਇਆ

–0–

ਉਹ ਬੋਲਿਆ, ਐ ਮੇਰੇ ਅੰਤਰੀਵ
ਤੂੰ ਆਪਣੀ ਜ਼ਮੀਰ ਮਾਰ
ਇਸ ਵੈਸ਼ੀਆ ਦੀ ਖਿਦਮਤ 'ਚ ਖੜ੍ਹਾ ਹੈ
ਮੈਂ ਤੈਨੂੰ
ਦੌਲਤਾਂ ਦੇ ਅੰਬਾਰਾਂ 'ਤੇ ਬਿਠਾਇਆ ਸੀ
ਜ਼ਿੰਦਗੀ 'ਦੇ ਸੱਚ ਦਾ
ਤੈਨੂੰ ਅਰਘਾ ਚੜ੍ਹਾਇਆ ਸੀ

ਮੈਂ ਇਹ ਜ਼ੋਖਮ
ਤੇਰੇ ਲਈ ਉਠਾਇਆ ਸੀ
ਤੈਨੂੰ ਰੇਸ਼ਮੀ ਪਲਕਾਂ
ਵਿਚ ਵਸਾਇਆ ਸੀ
ਹਰ ਰੁੱਤ ਦੀ ਪਹਿਲੀ ਅੰਗੂਰੀ ਦਾ
ਮਾਖਿਉਂ ਮਿੱਠਾ ਰਸ
ਤੈਨੂੰ ਚਖਾਇਆ ਸੀ
ਪਾ ਕੇ ਲਹੂ ਜਿਗਰ ਦਾ
ਤੇਰਾ ਚਿਰਾਗ ਜਲਾਉਂਦਾ ਰਿਹਾ ਹਾਂ ਮੈਂ
ਤੈਨੂੰ ਪੂਜਦਾ
ਸਿਮਰਦਾ ਧਿਆਉਂਦਾ ਰਿਹਾ ਹਾਂ ਮੈਂ

-0-

ਆਪਣੇ ਹਿਫਾਜ਼ਤੀ ਦਾ
ਇਹ ਮੁੱਲ ਪਾਇਆ ਹੈ ਤੂੰ
ਔਰਤ ਜਾਤ ਤੇ ਕਲੰਕ ਇਕ ਵੈਸ਼ੀਆ ਨੂੰ
ਆਪਣਾ ਬਣਾਇਆ ਹੈ ਤੂੰ
ਛੱਡ ਮੇਰੇ ਮਨ ਦਾ ਮੰਦਿਰ
ਬਦਨਾਮ ਚਕਲੇ ਨੂੰ
ਅਪਣਾਇਆ ਹੈ ਤੂੰ

-0-

ਸਾਇਆ ਬੋਲਿਆ
ਇਹ ਵੈਸ਼ੀਆ ਹੈ
ਜਿਸਮ ਵੇਚਦੀ ਹੈ ਜ਼ਮੀਰ ਨਹੀਂ
ਤੇਰੀ ਦੇਹ ਜਿਹਾ
ਇਸ ਦੀ ਦੇਹ ਦਾ ਖਮੀਰ ਨਹੀਂ
ਤੂੰ ਜ਼ਮੀਰ ਵੇਚਦਾ ਹੈ ਜਿਸਮ ਵੇਚਦਾ ਹੈ
ਚੰਗਿਆਈ ਬੁਰਾਈ ਦੀ ਹਰ ਕਿਸਮ ਵੇਚਦਾ ਹੈ
ਮੈਂ ਤੇਰੀ ਜ਼ਮੀਰ ਸਾਂ
ਜਿਸ ਦਾ ਤੂੰ ਮੁੱਲ ਵੱਟਿਆ ਹੈ
ਮੈਂ ਤੈਨੂੰ ਕੀ ਦਿੱਤਾ ਹੈ
ਮੈਂ ਤੈਥੋਂ ਕੀ ਖੱਟਿਆ ਹੈ

ਮੈਂ ਤੇਰੇ 'ਚ
ਮਰ ਮਰ ਕੇ ਜਿਉਣਾ ਨਹੀਂ ਚਾਹੁੰਦਾ
ਮੇਰੀ ਤਾਸੀਰ ਅੰਮ੍ਰਿਤ ਹੈ
ਜ਼ਹਿਰ ਪੀਣਾ ਨਹੀਂ ਚਾਹੁੰਦਾ
ਵੈਸ਼ੀਆ ਦੀ ਸਰਦਲ 'ਤੇ
ਮੈਨੂੰ ਮਨਜ਼ੂਰ ਹੈ ਮਰਨਾ
ਮਨਜ਼ੂਰ ਨਹੀਂ ਮੈਨੂੰ
ਤੇਰੀ ਦੇਹ 'ਚ ਪਰਤਣਾ!

-0-

# ਚਕਲਾ

ਮੈਂ ਚਕਲੇ ਦੀ ਮਿੱਟੀ
ਚਕਲੇ ਦੀ ਬੁੱਕਲ 'ਚ
ਜੰਮੀ ਪਲ਼ੀ ਜਵਾਂ ਹੋਈ
ਇਸ ਦੀ ਗੋਦੀ 'ਚ ਜਾਗੀ
ਇਸ ਦੀ ਗੋਦੀ 'ਚ ਸੋਈ
ਚਕਲੇ ਦਾ ਸਮਾਜਕ ਅੱਖ 'ਚ
ਜੋ ਪ੍ਰਤੀਬਿੰਬ ਹੈ
ਮੈਂ ਉਸ ਦੇ ਵਿਪਰੀਤ ਹਾਂ
ਔਰਤ ਹਾਂ ਮੰਦਿਰ ਮਸੀਤ ਹਾਂ
ਜਗ ਦੀ ਜਨਮ ਦਾਤੀ ਹਾਂ
ਕੁਦਰਤ ਦੀ ਜ਼ਮੀਰ ਹਾਂ

–0–

ਮੈਂ ਹਵਸ 'ਚ ਉਬਲਦੇ ਜਿਸਮ
ਅੱਗ 'ਚ ਸੜਦੇ ਦਰਿਆ ਤੱਕੇ ਹਨ
ਲਹੂ ਮਾਸ ਦੀ ਮੰਡੀ 'ਚ
ਜਿਸਮਾਂ ਦੇ ਵਿਉਪਾਰ ਤੱਕੇ ਹਨ
ਮੈਨੂੰ ਜਗ ਨੇ ਭੰਡਿਆ ਹੈ
ਮੈਂ ਜਗ ਨੂੰ ਸਕੂਨ ਵੰਡਿਆ ਹੈ
ਆਪਣਾ ਮਾਸ ਖਾਧਾ ਹੈ
ਆਪਣਾ ਲਹੂ ਚੱਖਿਆ ਹੈ
ਆਪਣਾ ਸੱਚ ਜਾਤਾ ਹੈ
ਸਿਰ ਤਲ਼ੀ 'ਤੇ ਰਖਿਆ ਹੈ
ਲਹੂ ਦੀ ਦੁਨੀਆ 'ਚ
ਚਿੱਟੇ ਲਹੂ ਦਾ ਕਾਰੋਬਾਰ ਤੱਕਿਆ ਹੈ
ਮੇਰਾ ਜਿਸਮ ਸੁੰਦਰਤਾ ਵੰਡਣ ਦਾ
ਕੋਹੜ ਸਾਂਭਣ ਦਾ ਵਸੇਰਾ ਹੈ
ਜਿਸਨੂੰ ਦੁਨੀਆ ਠੁਕਰਾਉਂਦੀ ਹੈ
ਉਸ ਰੱਬ ਦੇ ਬੰਦੇ ਲਈ ਖੁੱਲ੍ਹਾ ਦਰ ਮੇਰਾ ਹੈ
ਮੇਰੀ ਦੇਹ 'ਚ

ਕਾਮੀ ਕੀੜਿਆਂ ਦੇ ਜ਼ਰਦ
ਚਿਹਰਿਆਂ ਦੀਆਂ ਕਬਰਾਂ ਹਨ
ਜਿਨ੍ਹਾਂ ਦੀ ਜ਼ਿੰਦਗੀ 'ਚ
ਮੈਂ ਰੰਗ ਖ਼ੁਸ਼ੀਆਂ ਮਹਿਕਾਂ ਭਰੀਆਂ ਹਨ
ਜੋ ਮੇਰੀ ਗਲ਼ੀ 'ਚੋਂ ਲੰਘੀਆ ਹੈ
ਉਹ ਮੁਰਦਾ ਬੋਲਦਾ ਸੁਣਦਾ ਟੁਰਦਾ
ਮੈਂ ਤੱਕਿਆ ਹੈ
ਹਰ ਪੱਥਰ 'ਚ ਗਤੀ
ਹਰ ਕੰਡੇ 'ਚ ਫੁੱਲ ਜਿਹਾ ਮੈਂ ਦਿਲ ਧਰਿਆ ਹੈ
ਹਰ ਜ਼ਿੰਦਗੀ ਦਾ ਥਲ
ਸਾਗਰ ਨਾਲ ਭਰਿਆ ਹੈ

−0−

ਮੈਂ ਤਬਲੇ ਤੇ ਨੱਚਦਾ
ਹੁਸਨ ਵੇਖਿਆ ਹਯਾ ਵੇਖੀ ਹੈ
ਮੌਤ ਤੋਂ ਖੋਹ ਕੇ ਜ਼ਿੰਦਗੀ
ਪਰਤਦੀ ਦੁਆ ਵੇਖੀ ਹੈ
ਮੈਂ ਉਮਰ ਦੇ ਟੋਟਿਆਂ 'ਚ
ਘਟਦਾ ਵਧਦਾ ਸੁੰਦਰਤਾ ਦਾ ਭਾਅ ਡਿੱਠਾ ਹੈ
ਸੂਲ਼ੀ ਤੇ ਲਟਕਦਾ
ਅੱਲ੍ਹੜ ਨੈਣਾਂ ਦਾ ਚਾਅ ਡਿੱਠਾ ਹੈ
ਪਾਣੀ ਹੁਸਨ ਦਾ ਭਰਦਾ
ਮੈਂ ਖ਼ੁਦਾ ਡਿੱਠਾ ਹੈ

−0−

ਮੈਂ ਇਸ ਤਲਾਅ ਦੀ ਮੱਛੀ ਹੋ ਕੇ ਵੀ
ਇਸ ਦੀ ਨਹੀਂ
ਮੈਂ ਇਸ ਚਕਲੇ ਦੀ ਮਿੱਟੀ ਹੋ ਕੇ ਵੀ
ਇਸ ਦੀ ਨਹੀਂ
ਮੈਂ ਇਸ ਦਾ ਕਾਰੋਬਾਰ ਨਹੀਂ
ਮੈਂ ਇਸ ਦੀ ਚੁੱਪ ਨਹੀਂ ਇਜ਼ਹਾਰ ਨਹੀਂ
ਨਾ ਮੈਂ ਕੋਠੇ ਦੀ ਰੌਣਕ ਹਾਂ
ਨਾ ਸਜਾਵਟ ਹਾਂ

ਮੈਂ ਗੰਦਗੀ ਦੇ ਢੇਰ 'ਤੇ ਪਈ
ਸੂਰਜ ਦੀ ਕਿਰਨ ਦੀ ਇਬਾਦਤ ਹਾਂ
ਨਾ ਇਸ ਕੋਠੇ ਦੀ ਸ਼ੁਹਰਤ
ਵੈਸ਼ੀਆ ਨਾ ਤੁਆਇਫ਼ ਹਾਂ
ਮੈਂ ਤਾਂ ਇਕ ਔਰਤ ਹਾਂ
ਖ਼ੁਦਾ ਦਾ ਨਾਂ ਹਾਂ
ਨਾਨਕ ਬੁੱਧ ਦੀ ਮਾਂ ਹਾਂ
ਸਰਿਸ਼ਟੀ ਦੀ ਰਚਣਹਾਰੀ
ਮੰਦਿਰ ਦੀ ਮੂਰਤੀ ਪੂਜਾ ਦੀ ਥਾਂ ਹਾਂ

-0-

ਮੈਂ ਚਕਲੇ ਦੀ ਮਿੱਟੀ
ਚਕਲੇ ਦੀ ਬੁੱਕਲ 'ਚ
ਜੰਮੀ ਪਲ਼ੀ ਜਵਾਂ ਹੋਈ
ਇਸ ਦੀ ਗੋਦੀ 'ਚ ਜਾਗੀ
ਇਸ ਦੀ ਗੋਦੀ 'ਚ ਸੋਈ

-0-

## ਮਸ਼ਕੂਰ

ਉਹ ਕਦੀ ਵੀ ਆਪਣੇ ਅਤੀਤ 'ਤੇ
ਪੈਰ ਧਰ ਨਹੀਂ ਸੀ ਲੰਘਿਆ
ਮਨੁੱਖ ਸਿਰਫ ਵਰਤਮਾਨ 'ਚ ਜੀਵੇ
ਇਹ ਸੂਤ ਉਸ ਕਦੀ ਨਹੀਂ ਸੀ ਕੱਤਿਆ!

−0−

ਉਹ ਕਦੀ ਨਹੀਂ ਸੀ ਭੁੱਲਿਆ
ਕਿ ਉਸ ਦੇ ਭੂਤ ਸਦਕਾ ਹੀ
ਉਸ ਦਾ ਵਰਤਮਾਨ ਤੇ ਭਵਿੱਖ ਹੈ
ਭੂਤ ਹੀ ਆਉਣ ਵਾਲੇ ਸਮੇਂ ਦੀ ਹੋਂਦ
ਤੇ ਸੱਚ ਹੈ
ਇਸ ਲਈ
ਉਹ ਭੂਤ ਦਾ ਪੁਜਾਰੀ ਤੇ ਮਸ਼ਕੂਰ ਸੀ
ਵਰਤਮਾਨ ਦਾ ਕਦਰਦਾਨ
ਤੇ ਭਵਿੱਖ ਲਈ ਜੀਂਦਾ ਜ਼ਰੂਰ ਸੀ

−0−

ਉਹ ਬੀਤੇ ਦੇ ਲਹੂ 'ਚ ਗਿੜਦਾ ਰਿਹਾ
ਬੀਤੇ ਦੀ ਕਬਰ ਤੇ ਚਿਰਾਗ ਬਣ ਜਗਦਾ ਰਿਹਾ
ਭਵਿੱਖ ਨੂੰ ਧਿਆਉਂਦਾ ਰਿਹਾ
ਵਰਤਮਾਨ ਦਾ ਦਮ ਭਰਦਾ ਰਿਹਾ
ਉਸ ਦਾ ਵਰਤਮਾਨ ਬੀਤੇ 'ਤੇ ਅਧਾਰਤ ਸੀ
ਭੂਤ ਹੀ ਉਸ ਦੇ ਵਰਤਮਾਨ ਦਾ ਇਬਾਦਤ ਸੀ
ਬੀਤੇ 'ਚ ਉਸ ਦੇ ਵਰਤਮਾਨ ਦੀ ਸ਼ਮ੍ਹਾਂ ਜਗਦੀ ਸੀ
ਜੋ ਉਸ ਨੂੰ ਆਪਣਾ ਭਵਿੱਖ ਲਗਦੀ ਸੀ

−0−

ਉਸ ਬੀਤੇ ਦੀ ਪ੍ਰਯੋਗਸ਼ਾਲਾ 'ਚ
ਆਪਣਾ ਵਰਤਮਾਨ ਭਵਿੱਖ ਪ੍ਰਯੋਗਿਆ
ਉਸ ਨੂੰ ਉਧੇੜਿਆ ਧੋਇਆ ਨਿਚੋੜਿਆ
ਸੁਕਾਇਆ ਸੀਤਾ ਗਲ਼ ਪਾ ਲਿਆ
ਬੀਤੇ 'ਚੋਂ ਅੱਜ ਦਾ ਸੂਰਜ ਉਗਾ ਲਿਆ

–0–

ਉਸ ਦੇ ਭਵਿੱਖ ਦਾ ਸੂਰਜ ਬੀਤੇ 'ਚ ਚੜ੍ਹਿਆ
ਜੋ ਨਾ ਵਰਤਮਾਨ ਨਾ ਭਵਿੱਖ 'ਚ ਢਲ਼ਿਆ
ਉਸ ਦੇ ਸੂਰਜ ਦੇ ਡੁੱਬਣ ਲਈ
ਨਾ ਕੋਈ ਧਰਤ ਸੀ ਨਾ ਕੋਈ ਅਕਾਸ਼ ਸੀ
ਉਹ ਸਮੇਂ ਦੀ ਤ੍ਰੈਕਾਲਤਾ ਦੀ ਸੀਮਾਂ ਤੋਂ
ਬਾਹਰ ਸੀ
ਉਸ ਦਾ ਸੂਰਜ ਆਪਣੇ ਆਪ ਤੋਂ
ਆਪਣੀ ਕੁੰਜ ਉਤਾਰ ਆਇਆ ਸੀ
ਸਦਾ ਲਈ ਚੜ੍ਹੇ ਰਹਿਣ ਦਾ
ਉਸ ਸੱਚ ਪਾਇਆ ਸੀ

–0–

ਭੂਤ ਉਸ ਦੇ ਵਰਤਮਾਨ ਤੇ ਭਵਿੱਖ ਦਾ ਆਦਿ ਸੀ
ਭੂਤ 'ਚ ਉਸ ਦੇ ਵਰਤਮਾਨ ਤੇ ਭਵਿੱਖ ਦਾ
ਅੰਕੁਰ ਆਬਾਦ ਸੀ
ਭੂਤ ਬੀਜ ਵੀ ਸੀ ਰੁੱਖ ਵੀ ਸੀ
ਰੁੱਖ ਬੀਜ ਦੀ ਬੀਜ ਰੁੱਖ ਦੀ ਕੁੱਖ ਵੀ ਸੀ

–0–

ਉਹ ਕਦੀ ਵੀ ਆਪਣੇ ਅਤੀਤ 'ਤੇ
ਪੈਰ ਧਰ ਨਹੀਂ ਸੀ ਲੰਘਿਆ
ਮਨੁੱਖ ਸਿਰਫ਼ ਵਰਤਮਾਨ 'ਚ ਜੀਵੇ
ਇਹ ਸੂਤ ਉਸ ਕਦੀ ਨਹੀਂ ਸੀ ਕੱਤਿਆ!

–0–

# ਆਮ ਖ਼ਾਸ

ਉਹ
ਪੌੜੀਆਂ ਚੜ੍ਹਿਆ
ਉਪਰ ਗਿਆ
ਸੱਤਾ ਦੀ ਕੁਰਸੀ 'ਤੇ ਜਾ ਬੈਠਾ

-0-

ਹੁਣ ਉਸ ਦੁਆਲੇ
ਸਰਕਾਰੀ ਕਾਰਜ ਪ੍ਰਣਾਲੀ
ਸਿਰ 'ਤੇ
ਪ੍ਰਣਾਲੀ ਚਲਾਉਣ ਦਾ ਭਾਰ ਸੀ
ਉਸ ਨੇ ਆਪਣੇ ਆਪ ਨੂੰ
ਸਰਕਾਰੀ ਪਰਪੰਚ ਅਨੁਸਾਰ
ਢਾਲਿਆ ਤੇ ਗੁਰੂ ਬਣ ਬੈਠਾ

-0-

ਹੁਣ ਉਹ ਜਨਤਾ ਦੀ ਆਵਾਜ਼ ਸੀ
ਆਪਣੇ ਆਪ 'ਚ ਖ਼ਾਸ ਸੀ
ਉਸ ਦੁਆਲੇ ਪਿੰਡ ਸ਼ਹਿਰ ਪ੍ਰਾਂਤ ਸਨ
ਲੋਕਾਂ ਦੀ ਭੀੜ ਸੀ
ਸਾਰੇ ਮੁਲਕ ਦੇ ਅੰਗਾਂ ਤੇ ਨਕਸ਼ ਦਾ
ਉਹ ਸਰੀਰ ਸੀ
ਜਿਸ 'ਚ ਸੈਨਿਕ, ਸਰਹੱਦਾਂ
ਕਾਨੂੰਨੀ ਵਿਵਸਥਾ ਥਾਣੇ ਕਚਿਹਰੀਆਂ
ਨਿਆਏ ਅਨਿਆਏ
ਸਾਰੇ ਰਾਸ਼ਟਰ ਦਾ
ਉਸ ਦੇ ਹੱਥਾਂ 'ਚ ਹਿਸਾਬ ਸੀ
ਹੁਣ ਉਹ ਸਮੁੰਦਰ ਸੀ
ਨਾ ਕਿ ਪਿੰਡ ਤਲਾਬ ਸੀ

-0-

ਜਿਸ 'ਚ
ਕਰੋੜਾਂ ਜੀਵ ਜੰਤੂਆਂ ਦਾ ਵਾਸ ਸੀ

ਜਹਾਜ਼ਾਂ ਰੇਲ ਗੱਡੀਆਂ
ਬੱਸਾਂ ਸਕੂਟਰਾਂ ਸਾਇਕਲਾਂ
ਆਵਾਜਾਈ ਸ਼ੁਮਾਰ ਸੀ
ਉਹ ਸਮੁੰਦਰ
ਸਮੁੰਦਰ ਦੇ ਆਰ ਪਾਰ ਸੀ

–0–

ਭਰਿਸ਼ਟਾਚਾਰ
ਰਿਸ਼ਵਤਖੋਰੀ
ਦੁਰਾਚਾਰ ਬੇਈਮਾਨੀ
ਫਰੇਬ ਤੇ ਲਾਰਿਆਂ ਦੀ ਦੁਨੀਆ 'ਚ
ਉਹ ਘਿਰ ਗਿਆ
ਜਲਸੇ ਜਲੂਸਾਂ
ਮੰਗਾਂ ਹੜਤਾਲਾਂ ਮਰਨ ਵਰਤਾਂ ਦੀ
ਦਲ ਦਲ 'ਚ ਧਸ ਗਿਆ।

–0–

ਇਕ ਦਿਨ
ਉਸ ਦਰਪਣ ਦੇਖਿਆ
ਉਸ ਨੂੰ ਲੱਗਿਆ ਉਹ
ਉਹ ਨਹੀਂ ਜੋ ਹੈ
ਇਹ ਸਭ ਕੁੱਝ
ਉਹ ਜਿਉਣਾ ਨਹੀਂ ਸੀ ਚਾਹੁੰਦਾ
ਪਰ ਉਸਨੂੰ ਜਿਉਣਾ ਪੈ ਰਿਹਾ ਹੈ
ਉਸ ਦਾ ਆਪਾ
ਉਸ ਤੋਂ ਬਹੁਤ ਪਿੱਛੇ ਰਹਿ ਗਿਆ ਸੀ

–0–

ਉਹ
ਇਸ ਜ਼ਿੰਦਗੀ ਦੇ ਮਖੌਟੇ ਤੋਂ
ਅੱਕ ਗਿਆ ਸੀ
ਜਿਸ ਪੌੜੀ ਰਾਹੀਂ ਉਪਰ ਚੜ੍ਹਿਆ ਸੀ
ਉਸੇ ਰਾਹੀਂ
ਉਹ ਥੱਲੇ ਉਤਰ ਗਿਆ

ਜਿਧਰੋਂ ਆਇਆ ਸੀ
ਉਧਰ ਪਰਤ ਗਿਆ।

-0-

ਉਸ ਨੂੰ ਲੱਗਿਆ
ਕੁੱਝ ਚਿਰ ਪਹਿਲਾਂ ਉਹ ਖ਼ਾਸ ਸੀ
ਨੇਤਾ ਸੀ ਲੋਕਾਂ ਦਾ ਬੋਲ ਸੀ
ਰਾਸ਼ਟਰ ਦੀ ਆਵਾਜ਼ ਸੀ
ਹੁਣ ਉਹ ਚੁੱਪ 'ਚ ਘਿਰਿਆ
ਬੇਅਰਥ ਖੋਲ ਸੀ
ਨਾ ਸ਼ਬਦ ਸੀ ਨਾ ਸ਼ੋਰ ਸੀ
ਕਦੋਂ ਉਹ ਨੇਤਾ ਹੋ ਗਿਆ
ਕਦੋਂ ਉਹ ਖ਼ਾਸ ਹੋ ਗਿਆ
ਨਾ ਦੁਨੀਆ ਨੂੰ ਪਤਾ ਲੱਗਾ
ਨਾ ਉਸ ਨੂੰ ਪਤਾ ਲੱਗਾ
ਖ਼ਾਸ ਹੋ ਕੇ ਉਹ ਲੋਕਾਂ ਦਾ ਸੀ
ਆਮ ਹੋ ਕੇ
ਉਹ ਆਪਣਾ ਸੀ ਆਪਣੇ ਪਾਸ ਸੀ

-0-

ਉਹ
ਪੌੜੀਆਂ ਚੜ੍ਹਿਆ
ਉਪਰ ਗਿਆ
ਸੱਤਾ ਦੀ ਕੁਰਸੀ 'ਤੇ ਜਾ ਬੈਠਾ!

-0-

# ਬੰਟਾ

ਇਕ ਬਾਲ
ਬੰਟੇ ਨਾਲ ਧੁੱਧਲ 'ਚ ਖੇਡਦਾ
ਕਦੀ ਬੰਟਾ ਪੱਥਰ ਨੂੰ ਮੇਲਦਾ
ਕਦੀ ਪੱਥਰ ਬੰਟੇ ਨੂੰ ਮੇਲਦਾ
ਬੰਟਾ ਵੀ ਖ਼ੁਸ਼ ਬਾਲਕ ਵੀ ਖ਼ੁਸ਼
ਦੋਹਾਂ ਦੀ ਖੇਡਣ ਮੱਲਣ ਦੀ ਰੁੱਤ

-0-

ਇਕ ਜੌਹਰੀ ਕੋਲੋਂ ਲੰਘਿਆ
ਉਸ ਬਾਲ ਬੰਟੇ ਨਾਲ ਖੇਡਦਾ ਤੱਕਿਆ
ਉਹ ਬੰਟਾ ਨਹੀਂ ਲਾਲ ਸੀ
ਧੁੱਧਲ 'ਚ ਲਿਬੜਿਆ ਨੂਰੀ ਜਲਾਲ ਸੀ

-0-

ਜੌਹਰੀ ਨੇ ਬਾਲ ਦੇ ਬਾਪ ਨੂੰ ਪੁੱਛਿਆ
ਤੇਰਾ ਬਾਲ ਜਿਸ ਬੰਟੇ ਨਾਲ ਖੇਡਦਾ ਹੈ, ਵੇਚਣਾ ਏਂ?
ਬਾਪ ਬੋਲਿਆ, ਮੇਰੇ ਬੱਚੇ ਦੀ ਖੇਡ ਹੈ
ਖ਼ੁਸ਼ੀ ਹੈ ਚਾਅ ਹੈ ਮਲ੍ਹਾਰ ਹੈ
ਬੰਟੇ ਦਾ ਮੁੱਲ ਵੱਟਣ ਤੋਂ ਪਹਿਲਾਂ
ਮੈਨੂੰ ਬਾਲ ਦੀ ਖ਼ੁਸ਼ੀ ਦਾ ਖਿਆਲ ਹੈ

-0-

ਜੌਹਰੀ ਬੋਲਿਆ
ਮੈਂ ਦੋ ਟੱਕੇ ਨਕਦ ਦਿੰਦਾ ਹਾਂ
ਦੋ ਟੱਕੇ ਸੁਣਦੇ ਸਾਰ ਹੀ
ਬਾਪ ਹੈਰਾਨ ਹੋ ਗਿਆ
ਉਸ ਸੋਚਿਆ ਦੋ ਚਾਰ ਦਿਨ
ਸੌਖੇ ਲੰਘ ਜਾਣਗੇ
ਬਾਲ ਨੂੰ ਖੇਡਣ ਲਈ ਕੁੱਝ ਹੋਰ ਲੈ ਦਿਆਂਗੇ !

-0-

ਜੌਹਰੀ ਨੇ ਦੋ ਟੱਕੇ ਦਿੱਤੇ
ਬੰਟਾ ਉਠਾ ਲਿਆ

ਘਰ ਆਇਆ
ਮਖਮਲ ਦੀ ਡੱਬੀ ਕੱਢੀ
ਬੰਟੇ ਨੂੰ ਸਾਫ਼ ਕੀਤਾ
ਡੱਬੀ 'ਚ ਪਾ ਲਿਆ।

-0-

ਕੁੱਝ ਦਿਨਾਂ ਪਿੱਛੋਂ
ਜਦ ਜੌਹਰੀ ਨੇ ਡੱਬੀ ਖੋਲ੍ਹੀ
ਲਾਲ ਤਿੜਕਿਆ ਪਿਆ ਸੀ
ਇਹ ਵੇਖ ਕੇ
ਜੌਹਰੀ ਦੇ ਹੋਸ਼ ਉੱਡ ਗਏ
ਜੌਹਰੀ ਬੋਲਿਆ-
ਉਹ ਬਾਲ ਤੇਰੇ ਨਾਲ
ਮਿੱਟੀ 'ਚ ਖੇਡਦਾ ਸੀ
ਤੈਨੂੰ ਪੱਥਰਾ 'ਚ ਮਾਰਦਾ ਸੀ
ਐਸੇ ਭੈੜੇ ਹਾਲ 'ਚ
ਤੂੰ ਖੁਸ਼ ਸੈਂ ਅਬਾਦ ਸੈਂ
ਮੈਂ ਤੈਨੂੰ ਮਖਮਲੀ ਡੱਬੀ 'ਚ ਰੱਖਿਆ ਹੈ
ਤੇਰੀ ਸੰਭਾਲ ਕੀਤੀ ਹੈ
ਫਿਰ ਵੀ ਤੂੰ ਖੁਸ਼ ਨਹੀਂ ਰਿਹਾ
ਤੂੰ ਤਿੜਕ ਗਿਆ ਹੈ

-0-

ਲਾਲ ਬੋਲਿਆ
ਉਹ ਬਾਲ ਮੈਨੂੰ ਜਾਣਦਾ ਨਹੀਂ ਸੀ
ਮੇਰਾ ਸੱਚ ਪਹਿਚਾਣਦਾ ਨਹੀਂ ਸੀ
ਉਹ ਨਿਰਦੋਸ਼ ਸੀ
ਮੈਂ ਉਸ ਨਾਲ ਮਿੱਟੀ ਘੱਟੇ
ਧੁੱਧਲ 'ਚ ਵੀ ਖੁਸ਼ ਸੀ ਆਬਾਦ ਸੀ
ਉਹ ਮੇਰੀ ਅਸਲੀਅਤ ਤੋਂ ਦੂਰ ਸੀ
ਮੈਂ ਉਸ ਦੇ ਅੰਦਰਲੇ ਸੱਚ ਪਾਸ ਸੀ

-0-

ਪਰ ਤੂੰ ਤਾਂ

ਮੈਨੂੰ ਪਹਿਚਾਣਦਾ ਸੈਂ
ਮੇਰੇ ਸੱਚ ਦੀ ਕੀਮਤ ਜਾਣਦਾ ਸੈਂ
ਤੂੰ ਦੋ ਟੱਕੇ ਮੇਰਾ ਮੁੱਲ ਪਾਇਆ ਹੈ
ਲਾਲ ਦੀ ਥਾਂ ਪੱਥਰ ਹੋਣ ਦਾ
ਮੈਨੂੰ ਅਹਿਸਾਸ ਕਰਵਾਇਆ ਹੈ

−0−

ਮੈਂ ਤੇਰੇ ਮੁੱਲ
ਤੇ ਉਸ ਬਾਲ ਦੀ ਨਿਰਦੋਸ਼ਤਾ ਨੂੰ
ਰਿੜਕਿਆ ਹੈ
ਸ਼ਰਮ ਦੇ ਮਾਰੇ
ਤੇਰੀ ਮਖਮਲੀ ਡੱਬੀ 'ਚ
ਮੇਰਾ ਵਜੂਦ ਤਿੜਕਿਆ ਹੈ।

−0−

# ਤਲਾਸ਼

ਮੈਂ ਉਸ ਚੀਖ਼ 'ਚ
ਜਿਉਣਾ ਚਾਹੁੰਦਾ ਹਾਂ
ਜੋ ਮੇਰੇ ਦਿਲ 'ਚੋਂ ਤਾਂ ਉੱਠਦੀ ਹੈ
ਪਰ ਕੰਠ ਦਾ ਦੁਆਰ ਨਹੀਂ ਟੱਪਦੀ
ਮੈਂ ਉਸ ਅੱਥਰੂ 'ਚ ਮਰਨਾ ਚਾਹੁੰਦਾ ਹਾਂ
ਜਿਸ ਨੂੰ ਹਿਰਦਾ ਤਾਂ ਸੰਕਲਪਦਾ ਹੈ
ਅੱਖ ਨਹੀਂ ਜਨਮਦੀ !

–0–

ਮੈਂ
ਉਤਰ ਜਾਣਾ ਚਾਹੁੰਦਾ ਹਾਂ
ਉਸ ਵੀਰਯ ਦੇ ਕਤਰੇ 'ਚ
ਜੋ ਲਹੂ ਮਾਸ ਦੀ ਹੋਂਦ ਤੋਂ ਪਹਿਲਾਂ
ਸੁਤੰਤਰ ਸਿਰਜਣਾ ਹੈ
ਜਿਸ ਵਿੱਚ ਆਦਿ ਅੰਤ ਤੋਂ ਬਿਨਾਂ
ਬਸ ਵਿਚਰਨਾ ਹੈ

–0–

ਮੈਂ ਉਸ ਕਲੀ ਦੀ ਸੋਚ
ਜਿਉਣਾ ਚਾਹੁੰਦਾ ਹਾਂ
ਜੋ ਰਾਤ ਨੂੰ ਭੰਵਰਾ
ਆਪਣੀ ਬੁੱਕਲ 'ਚ ਲੈਂਦੀ ਹੈ
ਸੂਰਜ ਦੀ ਪਹਿਲੀ ਕਿਰਨ ਸੰਗ
ਲਾਸ਼ ਭੰਵਰੇ ਦੀ
ਕਲੀ ਦੇ ਪੈਰਾਂ 'ਚ ਡਿੱਗ ਪੈਂਦੀ ਹੈ

–0–

ਮੈਂ ਸੰਕਲਪ ਤੋਂ ਵਜੂਦ ਵਿਚਲਾ
ਸਫ਼ਰ ਹੰਢਾਉਣਾ ਚਾਹੁੰਦਾ ਹਾਂ
ਜਨਮ ਤੋਂ ਮੌਤ ਵਿਚਲਾ ਸੱਚ
ਪਾਉਣਾ ਚਾਹੁੰਦਾ ਹਾਂ
ਜੋ ਨਾ ਜਨਮਦਾ ਹੈ
ਨਾ ਬਿਨਸਦਾ ਹੈ

ਨਿਰੰਤਰ ਵਿਚਰਦਾ ਹੈ
ਮੌਸਮਾਂ ਰੁੱਤਾਂ ਬਹਾਰਾਂ 'ਚ
ਪਤਝੜਾਂ ਦੀ ਤਰ੍ਹਾਂ
ਰੌਣਕਾਂ ਰੰਗੀਨੀਆਂ 'ਚ
ਚੁੱਪ ਇਕੱਲਤਾ ਵੀਰਾਨੀਆਂ ਦੀ ਤਰ੍ਹਾਂ
ਜੋ ਸਿਰਜਕ ਵੀ ਆਪ ਹੈ
ਸਿਰਜਣਾ ਵੀ ਆਪ ਹੈ

−0−

ਮੈਂ ਪਰਾਏ ਬੋਲਾਂ ਲੋਕਾਂ
ਤੇ ਚਿਹਰਿਆਂ ਦੇ ਨੈਣ ਨਕਸ਼ਾਂ ਦਾ ਸੱਚ
ਨਾ ਭੋਗਾਂ
ਪਰਾਈ ਅੱਖ ਤੋਂ ਦੁਨੀਆ ਨਾ ਵੇਖਾਂ
ਪਰਾਈ ਸੋਚ 'ਚ
ਸਮੇਂ ਦਾ ਸੱਚ ਨਾ ਤੋਲਾਂ
ਮੈਂ ਆਪਣੀ ਬੋਲ ਬਾਣੀ ਤੇ ਦ੍ਰਿਸ਼ਟੀ 'ਚੋਂ
ਆਪਣਾ ਅਕਸ ਹੀ ਸਿਰਜਾਂ
ਆਪਣਾ ਆਪ ਹੀ ਵੇਖਾਂ

−0−

ਮੈਂ ਆਪਣੀ ਸੋਚ ਦੇ ਸੱਚ 'ਚ
ਸਮੇਂ ਦੇ ਸੱਚ ਨੂੰ ਤੋਲਾਂ
ਤਾਂ ਕਿ ਲੋਕਾਂ ਦਾ ਯਥਾਰਥ
ਵਿਸ਼ਵ ਦੀ ਪਹਿਚਾਣ ਪਾ ਸਕਾਂ
ਦਰਪਣ 'ਚੋਂ ਆਪਾ
ਆਪੇ 'ਚੋਂ ਦਰਪਣ ਉਗਾ ਸਕਾਂ
ਨਵੇਂ ਰਾਹ ਸਿਰਜ ਸਕਾ
ਲੀਕਾਂ ਮਿਟਾ ਸਕਾਂ
ਪਰਿਵਰਤਨ ਲਿਆ ਸਕਾਂ
ਅਸਲ ਸੱਚ ਦਾ ਚਿਹਰਾ
ਲੋਕਾਂ ਦੀ ਪਰਾਈ ਬੋਲ ਬਾਣੀ
ਦ੍ਰਿਸ਼ਟੀ ਤੇ ਸੋਚ ਨੂੰ ਵਿਖਾ ਸਕਾਂ
ਪਿਉਂਦ ਨੂੰ ਜੜ੍ਹ ਦਾ ਸੱਚ
ਤੇ ਫਲ਼ ਨੂੰ ਉਸ ਦੀ ਕੁੱਖ ਵਿਖਾ ਸਕਾਂ

–0–

ਸ਼ਬਦਾਂ ਦਾ ਜਿਉਂਦੇ ਅਰਥਾਂ ਲਈ
ਅਰਥਾਂ ਦਾ ਜਿਉਂਦੇ ਸ਼ਬਦਾਂ ਲਈ
ਆਪਣਾ ਕੋਈ ਸੱਚ ਨਹੀਂ ਹੁੰਦਾ
ਉਧਾਰੀ ਸੋਚ ਤੇ ਦ੍ਰਿਸ਼ਟੀ ਹੁੰਦੀ ਹੈ
ਉਧਾਰਾ ਵਿਚਰਨ ਧਰਾਤਲ
ਤੇ ਸਰਿਸ਼ਟੀ ਹੁੰਦੀ ਹੈ
ਅਰਥ ਵਿੱਚ ਅਰਥ ਦਾ
ਸ਼ਬਦ ਵਿੱਚ ਸ਼ਬਦ ਦਾ
ਆਪਣਾ ਸੱਚ ਹੋਣਾ ਚਾਹੀਦੈ
ਸਾਏ ਦੀ ਹਕੀਕਤ ਤੋਂ ਦੇਹ
ਦੇਹ ਦੀ ਹਕੀਕਤ ਤੋਂ
ਸਾਇਆ ਵੱਖ ਹੋਣਾ ਚਾਹੀਦੈ

–0–

ਮੈਂ ਬੇਗਾਨੇ ਚਾਨਣ 'ਚ
ਜੀਅ ਨਹੀਂ ਸਕਦਾ
ਇਹ ਸੱਚ ਮੇਰੇ 'ਚੋਂ ਨਿਚੋੜ ਲਵੋ
ਅਸਮਾਨ ਤੇ ਲਟਕਦੇ ਸੂਰਜ
ਦੀ ਲਾਂਘ 'ਤੇ ਸੁੱਕਣੇ ਪਾ ਦੇਵੇ!

–0–

ਮੇਰੇ ਜਨਮ ਦੇ ਨਾਲ ਹੀ
ਮੇਰੀ ਦੇਹ 'ਚ ਮੇਰਾ ਆਪਾ
ਜੋ ਸੂਝ ਸਦਕਾ ਮਰ ਗਿਆ ਹੈ
ਮੈਨੂੰ ਪਰਤਾ ਦੇਵੋ
ਮੇਰੇ ਮਸਤਕ 'ਚੋਂ ਜਗਦੇ ਸੂਰਜ ਕੱਢ ਲਵੋ
ਮੈਨੂੰ ਐਸੀ ਥਾਂ 'ਤੇ ਧਰ ਦੇਵੋ
ਜਿੱਥੇ ਮੇਰੇ 'ਚ ਨਾ ਮੈਂ ਹੋਵਾਂ
ਨਾ ਉਹ ਹੋਵੇ
ਕੁੱਝ ਵੀ ਦਾ ਜਿੱਥੇ ਕੁੱਝ ਵੀ ਨਾ ਹੋਵੇ
ਤਾਂ ਕਿ ਮੈਂ
ਇਕ ਪਲ ਤਾਂ ਜੀਅ ਸਕਾਂ
ਜੋ ਧਰਿਆ

ਪਿਆਲਾ ਮੌਤ ਨੇ
ਜ਼ਿੰਦਗੀ ਦਾ ਮੇਰੀ ਤਲ਼ੀ
ਉਸ ਦਾ ਇੱਕ ਘੁੱਟ ਤਾਂ ਪੀ ਸਕਾਂ

–0–

ਮੈਂ ਉਨ੍ਹਾਂ ਰਾਹਾਂ 'ਤੇ ਟੁਰਨਾ ਚਾਹੁੰਦਾ ਹਾਂ
ਜਿਨ੍ਹਾਂ ਦੁਆਲੇ ਰੁੱਖ ਮੁਥਾਜੀ ਜੀਉਂਦੇ ਹਨ
ਆਪਣੀਆਂ ਛਾਵਾਂ ਦੀ
ਬਲੀ ਚੜ੍ਹਾਉਂਦੇ ਹਨ
ਮੈਂ
ਉਨ੍ਹਾਂ ਨਦੀਆਂ 'ਚੋਂ ਘੁੱਟ ਭਰਨਾ ਨਹੀਂ ਚਾਹੁੰਦਾ
ਜਿਨ੍ਹਾਂ ਦੇ ਜਲ ਬੇਗਾਨੇ ਹਨ
ਮੈਂ ਰਹਿ ਕੇ ਕੀ ਕਰਨਾ ਹੈ ਉਸ ਦੁਨੀਆ 'ਚ
ਜਿੱਥੇ ਲੋਕ ਪਰਾਏ ਹਨ
ਸਾਏ ਅਣਜਾਣੇ ਹਨ
ਮੈਂ ਜੀਵਾਂ ਐਸੀ ਨਿਰੰਤਰਤਾ
ਜਿੱਥੇ ਨਾ ਮੈਂ ਹੋਣਾ
ਨਾ ਜਿਸਮ ਨਾ ਜਾਨ ਹੋਵੇ
ਪ੍ਰਾਣਾਂ ਦੀ ਮੁਥਾਜੀ ਤੋਂ ਬਿਨਾਂ ਜਹਾਨ ਹੋਵੇ!

–0–

ਮੈਂ
ਉਸ ਚੀਖ 'ਚ
ਜਿਉਣਾ ਚਾਹੁੰਦਾ ਹਾਂ
ਜੋ ਮੇਰੇ ਦਿਲ 'ਚੋਂ ਤਾਂ ਉੱਠਦੀ ਹੈ
ਪਰ ਕੰਠ ਦਾ ਦੁਆਰ ਨਹੀਂ ਟੱਪਦੀ
ਮੈਂ ਉਸ ਅੱਥਰੂ 'ਚ ਮਰਨਾ ਚਾਹੁੰਦਾ ਹਾਂ
ਜਿਸ ਨੂੰ ਹਿਰਦਾ ਤਾਂ ਸੰਕਲਪਦਾ ਹੈ
ਅੱਖ ਨਹੀਂ ਜਨਮਦੀ!

–0–

# ਪੈਂਤ

ਉਹ ਸ਼ਾਕਾ ਮਾਸਾਹਾਰੀ ਹੈ
ਜੀਉਂਦਿਆਂ ਤੋਂ ਮੁਰਦਿਆਂ
ਤਕ ਖਾਂਦਾ ਹੈ
ਉਸ ਨੂੰ ਹਜ਼ਮ ਹੈ
ਸਭ ਨਿਗਲ ਜਾਂਦਾ ਹੈ
–0–
ਰਿਸ਼ਤੇ ਨਾਤੇ ਪਿਆਰ ਵਫ਼ਾ
ਸੱਚ ਸੁੰਦਰਤਾ ਉਪਕਾਰ ਦਇਆ
ਸਾਂਝੀਵਾਲਤਾ ਸਰਬਤ ਦਾ ਭਲਾ
ਉਸ ਦੇ ਸਭ ਵਿਚਾਰੇ ਹਨ
ਗਿਆਨ ਵਿਗਿਆਨ ਦਰਸ਼ਨ
ਸਭ ਉਸ ਪੇਟ ਉਤਾਰੇ ਹਨ
ਬਰੂਦ ਅੱਗਾਂ ਬੰਬ ਧਮਾਕੇ
ਤਿੜਕੀ ਧਰਤੀ ਅੰਬਰ ਛਾਲੇ
ਝੁਲਸੀ ਮਨੁੱਖਤਾ ਕੋਲ਼ੇ ਕੁਦਰਤ
ਸਭ ਉਸ ਦੇ ਕਾਰੇ ਹਨ
ਸਾਗਰ ਸਹਿਰਾ ਜੰਗਲ ਪਰਬਤ
ਸਭ ਉਸਨੇ ਡਕਾਰੇ ਹਨ
–0–
ਉਸ ਦਾ ਸਿਰ ਨਹੀਂ
ਬਸ ਪੇਟ ਹੈ
ਅਕਾਰ ਜਿਹਦਾ ਬ੍ਰਹਮੰਡਾਂ ਜੇਡ ਹੈ
ਪੇਟ ਹੀ ਧੜ ਹੈ ਪੇਟ ਹੀ ਮੂੰਹ ਹੈ
ਭੁੱਖ ਹੀ ਮੈਂ ਹੈ ਭੁੱਖ ਹੀ ਤੂੰ ਹੈ
ਉਹ ਅਜੋਕਾ ਮਨੁੱਖ ਹੈ
ਪੱਤ ਵਿਹੂਣਾ ਰੁੱਖ ਹੈ
ਨਾ ਫਲ
ਨਾ ਕੋਈ ਛਾਂਅ ਹੈ
ਪੇਟ ਦੀ ਭੁੱਖ ਹੀ ਉਸ ਦਾ ਨਾਂ ਹੈ

ਉਹ ਸ਼ਾਕਾ ਮਾਸਾਹਾਰੀ ਹੈ
ਜੀਉਂਦਿਆਂ ਤੋਂ ਮੁਰਦਿਆਂ ਤਕ ਖਾਂਦਾ ਹੈ
ਉਸ ਨੂੰ ਹਜ਼ਮ ਹੈ
ਸਭ ਨਿਗਲ ਜਾਂਦਾ ਹੈ !

-0-

## ਖੰਭ ਤੇ ਪਿੰਜਰੇ

ਉਸ ਨੇ ਅੰਗ ਅੰਗ
ਨਖਸ਼ ਨਖਸ਼ ਜੋੜਿਆ
ਇੱਕ ਬੁੱਤ ਬਣਾ ਦਿੱਤਾ
ਚਿਹਰੇ 'ਤੇ ਅੱਖਾਂ ਮੂੰਹ
ਨੱਕ ਸਜਾ ਦਿੱਤਾ
ਜੀਭਾ ਲਾਈ ਤਾ ਬੁੱਤ ਬੋਲਿਆ
ਇਹ ਤੂੰ ਕੀ ਬਣਾ ਦਿੱਤਾ
ਅਕਾਸ਼ ਹਵਾ ਅਗਨ
ਜਲ ਧਰਤ ਨੂੰ
ਮਿੱਟੀ ਦੀ ਜੂਨ ਪਾ ਦਿੱਤਾ

–0–

ਜੇ ਪਰ ਹੀ ਲਾਉਣੇ ਸਨ
ਤਾਂ ਕਿਉਂ ਪਿੰਜਰੇ ਬਣਾਉਣੇ ਸਨ
ਜੇ ਰਹਿਣਾ ਨਹੀਂ ਸੀ
ਧਰਤ 'ਤੇ ਇਨਸਾਨ ਨੇ ਸਦਾ
ਤਾਂ ਕਿਉਂ ਧਰਤ 'ਤੇ
ਇਨਸਾਨ ਆਉਣੇ ਸਨ

–0–

ਤੂੰ ਤਾਂ ਸੱਚ ਹੈ
ਤੇਰਾ ਨਾਮ ਸੱਚਾ ਹੈ
ਤੇਰਾ ਕਰਮ ਸੱਚਾ ਹੈ
ਤੇਰਾ ਧਰਮ ਸੱਚਾ ਹੈ
ਫਿਰ ਕਿਉਂ ਮਿੱਥਿਆ
ਸੰਸਾਰ ਰਚਿਆ ਤੂੰ
ਜੀਵਨ ਤੇ ਕੁਦਰਤ ਦਾ
ਕਾਰੋਬਾਰ ਰਚਿਆ ਤੂੰ
ਦਾਤਾ!
ਤੇਰਾ ਇਹ ਕਰਮ ਕੈਸਾ ਹੈ
ਸੱਚ ਭਰਮ ਦੀ

ਜਾਂ ਸੱਚ ਦੀ ਕੁੱਖ ਦਾ ਭਰਮ ਹੈ
ਕੁੱਝ ਸਮਝ ਨਹੀਂ ਆਉਂਦਾ
ਤੇਰਾ ਭਾਣਾ ਕੋਈ ਜਾਣ ਨਹੀਂ ਪਾਉਂਦਾ

-0-

ਜੇ ਤੂੰ ਸੱਚ ਹੈ
ਤਾਂ ਇਹ ਬ੍ਰਹਿਮੰਡ ਸਰਿਸ਼ਟੀ
ਵਿਸ਼ਵ ਮਾਨਵਤਾ
ਜੋ ਭਰਮ ਹੈ ਮਿੱਥਿਆ ਹੈ
ਤੇਰੀ ਰਚਨਾ ਨਹੀਂ
ਸੱਚ ਦੀ ਰਚਨਾ
ਹਮੇਸ਼ਾ ਸੱਚ ਹੁੰਦੀ ਹੈ
ਭਰਮ ਨਹੀਂ ਹੁੰਦੀ
ਮਿੱਥਿਅਕ ਕਰਮ ਨਹੀਂ ਹੁੰਦੀ
ਸੱਚ ਹੋ ਕੇ
ਕਿਉਂ ਮਿੱਥਿਅਕ ਭਰਮ ਦੇ
ਕਾਰਜ ਰਚਾਉਣੇ ਸੀ
ਜੇ ਪਰ ਹੀ ਲਾਉਣੇ ਸੀ
ਤਾਂ ਕਿਉਂ ਪਿੰਜਰੇ ਬਣਾਉਣੇ ਸੀ

-0-

ਅਕਾਸ਼ ਹਵਾ ਅਗਨ
ਜਲ ਧਰਤ
ਸੁਤੰਤਰਤਾ ਦੇ ਪ੍ਰਤੀਕ ਹਨ
ਤੂੰ ਇਨ੍ਹਾਂ ਨੂੰ
ਮਨੁੱਖੀ ਕਲਬੂਤ ਦੇ
ਪਿੰਜਰੇ 'ਚ ਬੰਦ ਕਰ ਦਿੱਤਾ
ਕਿਉਂ ਸੱਚ
ਆਪਣਾ ਭਰਮ ਦੀ ਤਲੀ ਤੇ
ਧਰ ਦਿੱਤਾ
ਸੱਚ ਹਮੇਸ਼ਾ ਸੱਚ ਰਹਿੰਦਾ ਹੈ
ਇਹ ਮਿੱਥਿਆ ਤੇ ਭਰਮ ਦੀ
ਨਾ ਜੂਨੀ ਪੈਂਦਾ

ਜੇ ਸੱਚ ਨਹੀਂ ਸਨ
ਮਿੱਟੀ ਦੇ ਖਿਡਾਉਣੇ
ਫਿਰ ਕਿਉਂ ਬਣਾਉਣੇ ਸਨ
ਐ ਦਾਤਾ ਕਰਤਾ ਪੁਰਖ
ਸਿਰਜਨਹਾਰ ਸੁਆਮੀ
ਜੇ ਪਰ ਹੀ ਲਾਉਣੇ ਸਨ
ਤਾਂ ਕਿਉਂ ਪਿੰਜਰੇ ਬਣਾਉਣੇ ਸਨ!

–0–

## ਜ਼ਿੰਦਗੀ ਦੀ ਨਦੀ

ਉਸ ਦੀ ਨਜ਼ਰ 'ਚ
ਧਰਤੀ ਬਿੰਦੂ
ਅੰਬਰ ਸੌੜਾ ਸੀ
ਉਸ ਦਾ ਇਕ ਕਦਮ
ਧਰਤੀ ਦਾ ਵਜੂਦ ਸੀ
ਉਸ ਦੀ ਨਜ਼ਰ 'ਚ
ਸਿਮਟਿਆ ਅੰਬਰ ਮੌਜੂਦ ਸੀ
ਉਸ ਦੇ ਸਫ਼ਰ ਦੀ
ਕੋਈ ਮੰਜ਼ਿਲ ਨਹੀਂ ਸੀ
ਉਸ ਦੀ ਨਿਰੰਤਰਤਾ ਦਾ
ਕੋਈ ਅੰਤ ਨਹੀਂ ਸੀ

-0-

ਉਹ
ਆਪਣੇ ਅੰਦਰ ਉਤਰਿਆ
ਆਪਣੇ ਅੰਦਰਲੇ
ਸਮੁੰਦਰ ਦਾ ਸਾਰਾ ਜਲ
ਮਸਤਕ ਤੇ ਸੂਰਜ ਦੀ
ਤਲ੍ਹੀ 'ਤੇ ਧਰਿਆ
ਤੇ ਜਲ ਤੋਂ ਭਾਫ ਹੋ
ਬੱਦਲ 'ਚ ਢਲਿਆ

-0-

ਹੁਣ ਉਹ
ਧਰਤ ਤੋਂ ਅਗੇਰੇ ਪਾਣੀਆਂ 'ਤੇ
ਟੁਰਦਾ ਗਿਆ
ਉਸ ਦੇ ਪੈਰਾਂ ਦੀ ਧਰਤੀ
ਤੇ ਸਿਰ ਦਾ ਅੰਬਰ ਪਿੱਛੇ ਰਹਿ ਗਏ!

-0-

ਧਰਤ ਦੁਆਲੇ ਜਲ ਦਾ ਸਫ਼ਰ
ਉਸ ਤਹਿ ਕਰ ਲਿਆ

ਜਲ ਤੋਂ ਅਗੇਰੇ
ਇਕ ਸਹਿਰਾ
ਉਸ ਦੀ ਨਜ਼ਰੀਂ ਪਿਆ
ਸਹਿਰਾ ਤੇ ਜੀਵਨ ਨਦੀ
ਜੋ ਸਦੀਆਂ ਤੋਂ
ਪਿਆਸ ਹੰਢਾਅ ਰਹੀ ਸੀ
ਰੇਤ ਚਿੱਥ ਰਹੀ ਸੀ
ਤਪਸ ਪੀ ਰਹੀ ਸੀ
ਇਕ ਬਦਲ ਦੀ ਉਡੀਕ 'ਚ
ਮਰ ਮਰ ਕੇ ਜੀਅ ਰਹੀ ਸੀ
ਉਸ ਨੂੰ ਮਹਿਸੂਸ ਹੋਇਆ
ਉਹ ਪਿਆਸ ਵੀ ਆਪ ਸੀ
ਜਲ ਵੀ ਆਪ ਸੀ
ਸਹਿਰਾ ਵੀ ਆਪ ਸੀ
ਨਦੀ ਵੀ ਆਪ ਸੀ

-0-

ਨਦੀ ਦੀ ਨਜ਼ਰ ਬੱਦਲ 'ਤੇ ਪਈ
ਬੋਲੀ ਤੂੰ ਆ ਗਿਆ ਹੈ
ਮੇਰਾ ਜਲ ਮੋੜਨ ਲਈ
ਮੇਰੇ 'ਚੋਂ ਥਲ ਹੂੰਝਣ ਲਈ
ਮੇਰੇ ਸੁੱਕ ਗਏ ਅੱਥਰੂਆਂ ਦੇ
ਦਾਗ ਪੂੰਝਣ ਲਈ
ਤੂੰ ਜਾਣਦਾ ਸੈਂ!
ਮੈਂ ਕਦੀ ਜਲ ਦੀ ਭਰੀ ਨਦੀ ਸਾਂ
ਸਮੁੰਦਰ ਦੇ ਵਿਛੋੜੇ 'ਚ
ਜਿਉਂਦੀ ਮਰੀ ਸਾਂ
ਸਮੁੰਦਰ ਦੇ ਹਿਜ਼ਰ 'ਚ
ਮੇਰਾ ਲਹੂ ਸੁੱਕ ਗਿਆ
ਮੇਰੇ ਜਿਸਮ ਚੋਂ ਤੱਪਦਾ
ਥਲ ਉੱਗ ਪਿਆ
ਪਰ ਇਸ ਆਸ 'ਚ

ਮੈਂ ਜਿਉਂਦੀ ਰਹੀ
ਕਿ ਇਕ ਦਿਨ ਤੂੰ ਆਵੇਗਾ
ਮੇਰੇ ਥਲ ਦੇ ਪਿੰਡੇ 'ਚ
ਸਮੁੰਦਰ ਧਰ ਜਾਵੇਗਾ !

–0–

ਬੱਦਲ ਥਲ ਦੀ ਮਾਰੀ
ਉਡੀਕ 'ਤੇ ਵਰ੍ਹ ਗਿਆ
ਥਲ ਦੀ ਧਰਤੀ ਜਲ ਥਲ ਕਰ ਗਿਆ
ਉਹ ਬੱਦਲ ਜ਼ਿੰਦਗੀ ਦਾ ਸਫ਼ਰ ਸੀ
ਜ਼ਿੰਦਗੀ ਜਲ 'ਚ ਵਗਦੀ ਹੈ
ਥਲ 'ਚ ਟੁਰਦੀ ਹੈ
ਮਿੱਟੀ 'ਚ ਘੁਲਦੀ ਹੈ
ਜ਼ਿੰਦਗੀ ਦਾ ਆਦਿ ਅੰਤ ਕੋਈ ਨਹੀਂ
ਜ਼ਿੰਦਗੀ ਇੱਕ ਨਿਰੰਤਰ ਸਫ਼ਰ ਹੈ
ਸਰਿਸ਼ਟੀ ਦਾ ਪਲੇਠਾ ਹਰਫ਼ ਹੈ।

–0–

## ਜਨਮ ਮਰਨ ਦਾ ਸਫ਼ਰ

ਅਸਾਂ ਪਿੱਠ 'ਤੇ ਚੁਕਿਆ ਹੈ
ਪਰਤ ਪਰਤ ਆਉਣ ਦਾ ਭਾਰ
ਨਾ ਸਵੈ ਸਮਝਣ ਦਾ
ਨਾ ਸਵੈ ਪਾਉਣ ਦਾ ਭਾਰ

–0–

ਆਪਾ ਹੰਢਾਉਣਾ
ਮੰਡੀਆਂ ਬਜ਼ਾਰਾਂ 'ਚ ਸਜਾਉਣਾ
ਖਰੀਦਣਾ ਤੇ ਵੇਚਣਾ
ਆਪਣਿਆਂ ਹੱਡਾਂ ਤੇ
ਆਪਾ ਸੇਕਣਾ
ਸਾਡਾ ਕਿਰਦਾਰ ਹੈ
ਆਪਣੇ ਆਪ ਦੀ ਪ੍ਰਕਰਮਾ
ਸਾਡਾ ਕਾਰੋਬਾਰ ਹੈ
ਅਸਾਂ ਨਾ ਆਪਣੀ ਕਦਰ
ਨਾ ਆਪਣਾ ਮੁੱਲ ਹੀ ਜਾਤਾ
ਲੀਕਾਂ ਜਨਮਦੇ ਪਿੱਟਦੇ ਰਹੇ
ਚਿੱਥਦੇ ਕੱਛਦੇ ਰਹੇ
ਮਸਤਕ ਦਾ ਦੀਵਾ ਬੁਝਾ
ਉਧਰ ਹੀ ਮੰਜ਼ਿਲ ਸਮਝੀ
ਜਿੱਧਰ ਪੈਰ ਲੈ ਗਏ!

–0–

ਇਕ ਤੋਂ ਦੋ
ਦੋ ਤੋਂ ਤਿੰਨ ਚਾਰ ਹੋਏ
ਪਰਿਵਾਰ ਹੋਏ
ਪਿੰਡ ਤੋਂ ਸੰਸਾਰ ਹੋਏ
ਕੱਚਿਆਂ ਘਰਾਂ ਦੀਆਂ
ਚੋਂਦੀਆਂ ਛੱਤਾਂ ਹੇਠਾਂ
ਜ਼ਿੰਦਗੀ ਗੁਜ਼ਾਰ ਲਈ
ਇਕ ਜਨਮ ਦੀ ਗੱਠੜੀ

ਸਿਰ 'ਤੇ ਰੱਖੀ
ਦੂਜੀ ਉਤਾਰ ਲਈ
ਇਕ ਜਨਮ ਜੀ ਕੇ
ਮਰਨ ਤੋਂ ਪਹਿਲਾਂ ਹੀ
ਦੂਜੀ ਜੂਨੇ ਆ ਗਏ
ਮੁੱਕਾ ਨਾ ਸਫ਼ਰ ਜੂੰਨਾਂ ਦਾ
ਕਈ ਸਦੀਆਂ
ਕਈ ਯੁੱਗ ਖਾ ਗਏ

-0-

ਜੀਵਨ ਪੱਟੜੀ 'ਤੇ
ਰੇਲ ਜਿਹਾ ਸਫ਼ਰ ਰਿਹਾ
ਕਿਧਰੇ ਉੱਤਰੇ
ਕਿਧਰੇ ਚੜ੍ਹੇ
ਕਿਧਰੇ ਰੇਲ ਛੁਟੀ
ਕਿਧਰੇ ਖੜ੍ਹੇ ਦੇ ਰਹੇ ਖੜ੍ਹੇ
ਗੱਡੀਆਂ
ਆਉਂਦੀਆਂ ਜਾਂਦੀਆਂ ਰਹੀਆਂ
ਰੁਕਦੀਆਂ
ਸਟੇਸ਼ਨ ਛੱਡਦੀਆਂ ਰਹੀਆਂ
ਅਸੀਂ ਨਾ ਰੇਲ ਹੀ ਬਣੇ
ਨਾ ਸਟੇਸ਼ਨ ਹੀ
ਅਸੀਂ ਮੁਸਾਫਰ ਸੀ!
ਮੁਸਾਫਰ ਹੀ ਰਹੇ
ਹਰ ਵਾਰ ਜਨਮੇ
ਹਰ ਵਾਰ ਮਰੇ
ਜੀਵਨ ਸਫ਼ਰ ਸੀ
ਸਫ਼ਰ ਹੀ ਕਰਦੇ ਰਹੇ

-0-

ਕੁੱਖ ਵੀ ਹੰਢਾਈ ਅਸਾਂ
ਕਬਰ ਵੀ ਹੰਢਾਈ ਅਸਾਂ
ਜੀਵਨ ਨਦੀ ਤਰ ਕੇ ਵੀ ਡੁੱਬੇ

ਡੁੱਬ ਕੇ ਵੀ ਤਰੇ ਅਸੀਂ
ਪਰ ਪਤਾ ਨਹੀਂ ਲੱਗਾ
ਅਸੀਂ ਕੌਣ ਸਾਂ
ਕਿੱਥੇ ਆਏ ਸਾਂ
ਕਿੱਥੇ ਜਾਣਾ ਸੀ
ਕੀ ਸਾਡਾ ਠਿਕਾਣਾ ਸੀ

–0–

ਅਸਾਂ ਪਿੱਠ 'ਤੇ ਚੁਕਿਆ ਹੈ
ਪਰਤ ਪਰਤ ਆਉਣ ਦਾ ਭਾਰ
ਨਾ ਸਵੈ ਸਮਝਣ ਦਾ
ਨਾ ਸਵੈ ਪਾਉਣ ਦਾ ਭਾਰ

–0–

# ਤੇਜ਼ ਰਫ਼ਤਾਰ

ਜ਼ਿੰਦਗੀ ਦੀ ਤੇਜ਼ ਰਫ਼ਤਾਰ
ਸੱਚ ਆਪਣਾ ਖਾ ਗਈ
ਸੂਰਜਾਂ ਦੇ ਪਿੱਛੇ
ਦੀਵਾ ਆਪਣਾ ਬੁੱਝਾ ਗਈ
ਮਰ ਕੇ ਵੀ ਨਾ ਜੀਆ ਮਨੁੱਖ
ਜੀਅ ਕੇ ਵੀ ਕੀ ਜੀਆ ਲਿਆ !

–0–

ਆਪਣੀ ਹੀ ਦੁਨੀਆ 'ਚ
ਗੈਰ ਹੋ ਕੇ ਰਹਿ ਗਿਆ
ਜਿਉਂਦਾ ਜਾਗਦਾ ਵਜੂਦ ਸੀ
ਲਹੂ ਮਾਸ ਹੱਡ ਦਾ
ਇੱਟਾਂ ਵੱਟੇ ਸੀਮਿੰਟ ਸਰੀਏ
ਸ਼ੀਸ਼ਿਆਂ ਦਾ ਮੁਜੱਸਮਾ
ਬਣ ਕੇ ਰਹਿ ਗਿਆ

–0–

ਜ਼ਿੰਦਗੀ
ਜੋ ਸਾਂਭ ਰੱਖੀ ਸੀ ਖਾਰਾਂ ਤੋਂ
ਮੰਡੀਆਂ ਦੇ ਭਾਅ ਤੋਂ
ਦਲਾਲੀ ਦੇ ਬਜ਼ਾਰਾਂ ਤੋਂ
ਪੁੰਗਰੀ ਸੀ ਜੋ ਕਦੀ
ਮਹਿਕਾਂ ਰੰਗਾਂ ਗੁਲਜ਼ਾਰਾਂ ਤੋਂ
ਸਮੇਂ ਦੀ ਸੂਝ
ਵਿਸ਼ਵ ਨੂੰ ਖਰੀਦੋ–ਫਰੋਖਤ ਦਾ
ਘਰ ਬਣਾ ਦਿੱਤਾ
ਸਸਤੇ ਭਾਅ ਵਿੱਕਣ ਲਈ
ਕਸਤੂਰੀ ਜ਼ਿੰਦਗੀ ਨੂੰ
ਮੰਡੀ 'ਚ ਸਜਾ ਦਿੱਤਾ
ਅੱਜ ਵਿੱਕ ਰਹੀ ਹੈ ਜ਼ਿੰਦਗੀ
ਜ਼ਿੰਦਗੀ ਤੋਂ ਕਬਰ ਹੋਈ

ਦਿਸ ਰਹੀ ਹੈ ਜ਼ਿੰਦਗੀ

-0-

ਘਰੋਂ ਨਿਕਲੇ ਸਾਂ
ਖ਼ੁਸ਼ੀ ਦੀ ਤਲਾਸ਼ 'ਚ
ਕੱਚਿਆਂ ਘਰਾਂ ਦੀ ਖ਼ੁਸ਼ਬੂ
ਖਲੂਸ ਦੇ ਹੁਲਾਸ 'ਚ
ਚੁਲ੍ਹਿਆਂ ਦੇ ਨਿੱਘ
ਘੜਿਆਂ ਦੇ ਆਬ ਲਈ
ਢਹਿੰਦੀਆਂ ਕੰਧਾਂ
ਚੌਂਦੀਆਂ ਛੱਤਾਂ ਦੇ ਧਰਵਾਸ ਲਈ
ਮਿੱਟੀ ਦੇ ਦੀਵਿਆਂ 'ਚ ਜਿਉਂਦੀ
ਸੂਰਜਾਂ ਦੀ ਆਸ ਲਈ
ਕੱਚੇ ਘਰਾਂ ਦਾ ਗੀਤ
ਧਰਤੀ ਨੇ ਅਲਾਪਿਆ
ਅੰਬਰ ਨੇ ਉਚਾਰਿਆ
ਸਮੇਂ ਦੀ ਸੂਝ ਨੇ
ਸ਼ੀਸ਼ੇ ਸਰੀਏ ਸੀਮਿੰਟ ਦੇ
ਕੰਠ 'ਚ ਉਤਾਰਿਆ
ਫੂਕ ਦਿੱਤੀ ਧੁਨੀ ਤੇ ਰਾਗ ਕੁਦਰਤ ਦਾ
ਗੀਤ ਦਾ ਅੰਤਰੀਵ
ਸਹਿਰਾ 'ਚ ਠਾਰਿਆ!

-0-

ਮੁਕਾਲਤਾ ਸੀ ਸਮੇਂ ਦਾ
ਸਮੇਂ ਨੂੰ
ਅਰਥਾਂ ਕਿਹਾ ਅੱਖਰਾਂ ਕਿਹਾ
ਜ਼ਿੰਦਗੀ ਦਾ ਭਰਮ
ਹਰ ਪੱਥਰ ਨੂੰ
ਹਰ ਫੁੱਲ ਨੂੰ ਪਿਆ
ਸੂਰਜਾਂ ਦੇ ਵਿਹੜੇ
ਸੂਰਜਾਂ ਦਾ ਭਰਮ ਪਾਲ਼ਦਾ
ਜ਼ਿੰਦਗੀ ਦਾ ਚਿਰਾਗ

ਹਨ੍ਹੇਰੇ 'ਚ ਢਲ਼ ਗਿਆ
ਭਰਮ ਸੀ
ਸੂਰਜ ਨੂੰ ਮੁੱਠ 'ਚ ਫੜਨਾ
ਧਰਤੀ ਨੂੰ ਕਲੀ ਕਰਨਾ
ਅਸਮਾਨ ਸੋਨੇ ਦਾ
ਆਪਣੇ ਸਿਰ 'ਤੇ ਧਰਨਾ
-0-
ਭਰਮ ਟੁੱਟਾ ਤਾਂ ਜਾਣਿਆ
ਮੁੱਠ 'ਚ ਫੜੇ ਸੂਰਜ ਦਾ
ਤਾਅ ਨਹੀਂ
ਕਲੀ ਕੀਤੀ ਧਰਤ ਦੀ
ਭਾ ਨਹੀਂ
ਅੰਬਰ ਨੂੰ ਸੋਨੇ ਦੇ ਮਖੌਟੇ ਦਾ
ਚਾਅ ਨਹੀਂ
-0-
ਪਰਤੇ ਹਾਂ ਜਿੱਥੇ
ਉੱਥੇ ਆਪਣਾ ਸਾਇਆ ਨਾ ਰਿਹਾ
ਜਿੱਥੋਂ ਟੁਰੇ ਸਾਂ
ਕੀ ਇਹ ਉਹੋ ਥਾਂ ਹੈ
ਨਾ ਕੋਈ ਰਿਸ਼ਤਾ ਨਾਤਾ
ਨਾ ਕੋਈ ਧੀਆਂ ਨਾ ਪੁੱਤ
ਨਾ ਕੋਈ ਬਾਪ ਇੱਥੇ ਨਾ ਕੋਈ ਮਾਂ ਹੈ
ਨਾ ਸ਼ਹਿਰ ਨਾ ਕੋਈ ਗਿਰਾਂ ਹੈ
ਸਰੀਏ ਦੇ ਜੰਗਲਾਂ ਦੀ
ਸ਼ੀਸ਼ੇ ਸੀਮਿੰਟ ਦਾ ਛਾਂ ਹੈ
ਕੱਚ ਦੇ ਖਿਡੌਣਿਆਂ ਦਾ
ਕੈਸਾ ਜਹਾਨ ਹੈ
ਪਲਾਸਟਕ ਦੇ ਪਸ਼ੂ ਪੰਛੀ
ਧਰਤੀ ਆਸਮਾਂ ਹੈ
ਕੱਚ ਦੇ ਖਿਡੌਣਿਆਂ ਦੀ
ਭੀੜ 'ਚ

ਕੋਈ ਆਦਮੀ ਦਿੱਸਦਾ ਨਹੀਂ
ਆਦਮੀ ਦੇ ਰਹਿਣ ਦੀ
ਨਾ ਕੋਈ ਥਾਂ ਹੈ
ਭਰਮ ਨੇ ਸਭ ਕੁੱਝ ਉਗਾਇਆ ਹੈ
ਦੁਆਲੇ ਆਦਮੀ ਦੇ
ਸੱਚ ਗੁਆ ਕੇ ਆਪਣਾ
ਭਰਮ ਨੇ ਭਰਮ ਪਾਇਆ ਹੈ
ਦੁਆਲੇ ਆਦਮੀ ਦੇ !

–0–

## ਸਵੈ-ਬ੍ਰਹਮ

ਬੰਧੂ ਕੁੱਝ ਲੋਕ
ਮੇਰਾ ਦੀਦਾਰ ਕਰ ਰਹੇ ਹਨ
ਕੁੱਝ ਖੜ੍ਹੇ ਹਨ
ਮੇਰੀ ਚੌਂਕੀ ਭਰ ਰਹੇ ਹਨ
ਉਨ੍ਹਾਂ ਨੂੰ ਲੋੜ ਹੈ
ਆਪਣਾ ਆਪ ਪਹਿਚਾਨਣ ਦੀ
ਦੇਹ ਵਿੱਚ ਵਸਦਾ ਮੇਰਾ ਆਪਾ ਜਾਨਣ ਦੀ
ਉੱਡੀਕ ਤਾਂ ਉਸਦੀ ਹੈ
ਜੋ ਉੱਡੀਕਣ ਵਾਲੀਆਂ ਅੱਖੀਆਂ ਤੋਂ ਦੂਰ ਹੈ
ਉਸਨੂੰ ਕੀ ਉੱਡੀਕਣਾ
ਜੋ ਨਜ਼ਰ ਹਜ਼ੂਰ ਹੈ !

-0-